ਏਤੁ ਰਾਹਿ



ਪ੍ਰੋ. ਦਰਸ਼ਨ ਸਿੰਘ ਖ਼ਾਲਸਾ

ਕੀ ਕਿੱਥੇ

ਸਮਰਪਣ

ਇਹ ਪੁਸਤਕ
ਸਿੱਖੀ ਸਿਧਾਂਤ ਅਤੇ ਸਰੂਪ
ਦੀ ਰਾਖੀ ਲਈ ਕੁਰਬਾਨ ਹੋਣ ਵਾਲੇ
ਸਰਬੱਤ ਸ਼ਹੀਦ ਸਿੰਘਾਂ, ਸਿੰਘਣੀਆਂ ਤੇ ਭੁਜੰਗੀਆਂ
ਨੂੰ ਸਮਰਪਿਤ ਹੈ।

ਏਤੁ ਰਾਹਿ

ਪ੍ਰੋ. ਦਰਸ਼ਨ ਸਿੰਘ ਖ਼ਾਲਸਾ

SIKH FOUNDATION
Presentation

Eit Raah

by

Prof. Darshan Singh Khalsa

ਪਹਿਲੀ ਵਾਰ : ਮਾਰਚ 2003

ਲੇਖਕ :
ਪ੍ਰੋ. ਦਰਸ਼ਨ ਸਿੰਘ ਖ਼ਾਲਸਾ
ਕੀਰਤਨ ਵਿੱਲਾ, ਪਖੋਵਾਲ ਰੋਡ, ਲੁਧਿਆਣਾ, ਪੰਜਾਬ
ਫੋਨ : 91-161-2806636, 2806544, 2806844
E-mail : singhsahib@singhsahibkhalsa.com, d_singhsahib@yahoo.com

ਸਹਾਇਕ : ਬਲਜੀਤ ਸਿੰਘ, ਇੰਦਰਜੀਤ ਸਿੰਘ

ਫੋਟੋਗ੍ਰਾਫ : ਗੁਰਮੀਤ ਸਿੰਘ

ਇਲਸਟ੍ਰੇਸ਼ਨ : ਗਗਨਦੀਪ ਸਿੰਘ

ਸਹਿਯੋਗ : ਤੇਜਪਾਲ ਸਿੰਘ, ਟਹਿਲ ਸਿੰਘ

ਮੁੱਖ ਵਿਕ੍ਰੇਤਾ :
ਸਿੱਖ ਬਾਟ : RZ-106, ਇੰਦਰਾ ਪਾਰਕ, ਈਸਟ ਉੱਤਮ ਨਗਰ, ਨਵੀਂ ਦਿੱਲੀ-110059
ਫੋਨ : 91-11-25641344

ਪ੍ਰਕਾਸ਼ਕ, ਛਾਪਕ ਅਤੇ ਡਿਜ਼ਾਇਨ :
ਸਿੱਖ ਫਾਊਂਡੇਸ਼ਨ : A-35, ਲਾਜਪਤ ਨਗਰ-1, ਨਵੀਂ ਦਿੱਲੀ-110024
ਫੋਨ : 91-011-26842816, 25894733 E-mail: sf1999@rediffmail.com

ਪੁਸਤਕ ਲਈ ਸੰਪਰਕ ਕਰੋ :

India	-	Delhi - S. Devinder Singh - Tel: 91-011-2564 1344
Canada	-	S. Devinder Pal Singh - Tel: 001-905-799 6412
U.K.	-	S. Harjinder Singh - Tel: 0044-189 525 8300
U.S.A.	-	S. Bir Ishwar Singh Grewal - Tel: 001-909-735 2945
		S. Gajinder Shah Singh - Tel: 001- 818- 991 0968

ISBN : 81-7873-005-7

ਭੂਮਿਕਾ

ਗੁਰਬਾਣੀ ਰੂਪ "ਗੁਰੁ ਦਰੀਆਉ ਸਦਾ ਜਲੁ ਨਿਰਮਲੁ" ਨੇ ਜਿਹੜੇ ਤਰੰਗ (ਵਿਚਾਰ) ਬਖ਼ਸ਼ਿਸ਼ ਕੀਤੇ, ਉਹ ਹੁਣ ਤਕ ਕੀਰਤਨ ਰਾਹੀਂ ਸੰਗਤਾਂ ਨਾਲ ਸਾਂਝੇ ਕਰਦਾ ਰਿਹਾ ਅਤੇ ਕਰ ਰਿਹਾ ਹਾਂ। ਮਨੁੱਖਤਾ ਅਤੇ ਸਿੱਖੀ ਦੇ ਜੀਵਨ ਵੇਗ ਵਿੱਚ ਆਏ-ਦਿਨ ਬਦਲ ਰਹੇ ਮੌਸਮ ਅਨੇਕਾਂ ਪੱਤਝੜ ਦੇ ਮਾਰੂ ਹਮਲਿਆਂ ਸਮੇਂ ਵੀ

ਜਿਉ ਮੰਦਰ ਕਉ ਥਾਮੈ ਥੰਮਨੁ॥ ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ॥

(ਗੁ.ਗ੍ਰੰ.ਸਾ. ਪੰਨਾ 282)

ਅਨੁਸਾਰ ਗੁਰੂ ਸ਼ਬਦ ਦਾ ਸਹਾਰਾ ਹੀ ਕੌਮ ਲਈ ਲੱਭਦਾ ਰਿਹਾ ਹਾਂ। ਬੀਤੇ ਕੁਝ ਦਹਾਕਿਆਂ ਤੋਂ ਗੁਰਮਤਿ ਸੋਚ ਦੇ ਪਾਂਧੀ ਵੀਰਾਂ ਵੱਲੋਂ "ਲਿਖੇ ਬਾਝਹੁ ਸੁਰਤਿ ਨਾਹੀ ਬੋਲਿ ਬੋਲਿ ਗਵਾਈਐ" ਦੀਆਂ ਗੁਰਮਤਿ ਪ੍ਰੇਰਣਾ ਨੇ ਇਸ ਗੁਰੂ ਕੇ ਕੀਰਤਨੀਏ ਦੇ ਸੁਰਾਂ 'ਤੇ ਚੱਲਣ ਵਾਲੇ ਹੱਥ ਵਿੱਚ ਕਲਮ ਵੀ ਫੜਾ ਦਿੱਤੀ। ਇਸ ਇਆਣੀ ਕਲਮ ਨੇ ਗੁਰੂ ਗ੍ਰੰਥ ਦੇ ਸਿਧਾਂਤ, ਗੁਰੂ ਪੰਥ ਦੇ ਸਾਰਥਕ ਰੂਪ ਨੂੰ ਆਪਣੀ ਪਹਿਲੀ ਪੁਸਤਕ 'ਉਜਾਰੋ ਦੀਪਾ' ਰਾਹੀਂ 2001 ਵਿੱਚ ਸਿੱਖ ਸੰਗਤਾਂ ਦੇ ਸਾਹਮਣੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ। ਮੈਂ 'ਸਿੱਖੀ ਅਤੇ ਸੰਗਤੀ' ਦਾ ਅਤਿ ਰਿਣੀ ਹਾਂ ਜਿੰਨ੍ਹਾਂ ਨੇ ਦਾਸਰੇ ਦੀ ਇਸ ਅਨਜਾਣ ਸੇਵਾ ਨੂੰ ਅਥਾਹ ਪਿਆਰ ਦਿੱਤਾ ਅਤੇ ਮੈਨੂੰ ਅੱਗੇ ਹੋਰ ਲਿੱਖਣ ਲਈ ਹਿੰਮਤ ਦਿੱਤੀ।

ਅੱਜ ਜਦੋਂ ਗੁਰਮਤਿ ਸਿਧਾਂਤ ਦੀ ਗੋਦੀ ਵਿੱਚ ਪਲਣ ਵਾਲੇ ਖ਼ਾਲਸੇ ਨੂੰ ਗੁਰਮਤਿ ਮਾਂ ਦੀ ਗੋਦ ਵਿੱਚ ਧੂਹ ਕੇ ਕੱਢ ਮਾਂ-ਮ੍ਰਿਟਰ ਕਰਨ ਦੀਆਂ ਕੋਸ਼ਿਸ਼ਾਂ ਜ਼ੋਰਾਂ 'ਤੇ ਹਨ। ਬਾਹਰੋਂ ਅਨਮਤ ਅਤੇ ਅੰਦਰੋਂ ਮਨਮਤ ਦੇ ਮਾਰੂ ਹਮਲੇ ਲਗਾਤਾਰ ਹੋ ਰਹੇ ਹਨ, ਤਾਂ ਕਿ ਸਿੱਖੀ ਦੇ ਸਰੂਪ ਅਤੇ ਸਿਧਾਂਤ ਨੂੰ ਮੂਲੋਂ ਖ਼ਤਮ ਕਰ ਦਿੱਤਾ ਜਾਵੇ। ਅੱਜ ਜਿੱਥੇ ਸਿੱਖੀ ਜੀਵਨ ਦੀ ਬੇੜੀ ਚਾਰੇ ਪਾਸਿਆਂ ਤੋਂ ਖ਼ਤਰਨਾਕ ਸਾਜਿਸ਼ੀ ਲਹਿਰਾਂ ਵਿੱਚ ਘਿਰੀ ਹੋਈ ਹੈ, ਉੱਥੇ ਇਸ ਕਿਸ਼ਤੀ ਦੇ ਵਿੱਚ ਵੀ ਬ੍ਰਾਹਮਣਵਾਦ, ਡੇਰੇਦਾਰਾਂ ਦੇ ਪਾਖੰਡ, ਭਰਮਾਂ ਦੇ ਪੱਥਰ ਭਰੇ ਪਏ ਹਨ ਅਤੇ ਸਾਡੇ ਨਿਸ਼ਚਿਤ ਕੀਤੇ ਮੁਹਾਣਿਆਂ (ਮਲਾਹਾਂ) ਨੇ ਕਿਸ਼ਤੀ ਪਾਰ ਤਾਂ ਕੀ ਲਾਉਣੀ ਸੀ, ਬਲਕਿ ਚੱਪੂ ਵੀ ਉਸ ਸਾਜਿਸ਼ੀ ਲਹਿਰਾਂ ਵਿੱਚ ਹੀ ਸੁੱਟ ਦਿੱਤੇ ਹਨ।

ਇਹੋ ਕਾਰਣ ਹੈ ਕਿ ਮਜਬੂਰੀ ਵੱਸ ਕਈ ਗੱਲਾਂ ਨਾਲ ਆਰਜ਼ੀ ਸਮਝੌਤਾ ਕਰਨਾ ਪੈ ਰਿਹਾ ਹੈ। ਜਿਵੇਂ ਗੁਰਦੁਆਰਾ ਪ੍ਰਬੰਧ ਲਈ ਚੋਣ ਸਿਸਟਮ ਕਿਸੇ ਤਰ੍ਹਾਂ ਵੀ ਸਾਰਥਕ ਨਹੀਂ ਹੈ, ਪਰ ਲੋਕਤੰਤਰ (Democracy) ਦਾ ਸਾਜਿਸ਼ੀ ਹਥਿਆਰ ਵਰਤ ਕੇ ਗ਼ੈਰ-ਸਿੱਖ ਸੋਚ ਵੱਲੋਂ ਚੋਣ ਪ੍ਰਣਾਲੀ ਸਾਡੇ ਗੱਲ ਪਾਈ ਗਈ। ਅਤੇ ਅੱਜ ਉਸੇ ਆਧਾਰ 'ਤੇ ਗੁਰਦੁਆਰਾ ਪ੍ਰਬੰਧ ਸਿੱਖਾਂ ਹੱਥੋਂ ਜਾਂਦਾ ਦਿੱਸਦਾ ਹੈ। ਇਸੇ ਲਈ ਮਜਬੂਰੀ ਵੱਸ ਜਦੋਂ ਤਕ ਇਹ ਚੋਣ ਫਾਹੀ ਸਾਡੇ ਗਲੋਂ ਨਹੀਂ ਲਹਿੰਦੀ, ਭਾਈ ਗੁਰਦਾਸ ਜੀ ਦੇ ਕਹੇ ਅਨੁਸਾਰ "ਜੈਸੇ ਨਾਉ ਬੂਡਤ ਸੈ ਜੋਊ ਬਚੈ ਸੋਈ ਭਲੋ, ਬੂਡਿ ਗਏ ਪਾਛੈ ਪਛਤਾਇਓ ਰਹਿ ਜਾਤ ਹੈ" ਨੂੰ ਮੁੱਖ ਰੱਖਦਿਆਂ ਇੱਕ ਪਰਫਾਰਮਾ ਲਿੱਖਿਆ ਹੈ ਕਿ ਮੈਂਬਰ ਬਣਨ ਵਾਲੇ ਦੀ ਚੋਣ ਸਮੇਂ ਕੁਝ ਤਾਂ ਸੋਚਿਆ ਜਾ ਸਕੇ।

ਅੱਜ ਚੇਤੰਨ ਸੋਚ ਨਾਲ ਗੁਰਮਤਿ ਦੇ ਚੱਪੂ ਆਪਣੇ ਹੱਥ ਲੈ ਹਰ ਸਿੱਖ ਨੂੰ ਇਹਨਾਂ ਸਾਜਿਸ਼ੀ ਲਹਿਰਾਂ ਨਾਲ ਦੋ ਹੱਥ ਕਰਕੇ ਖ਼ਾਲਸਈ ਗੁਰਮਤਿ ਸਿਧਾਂਤ ਅਤੇ ਸਰੂਪ ਨੂੰ ਬਚਾਉਣ ਲਈ ਜ਼ਿੰਮੇਵਾਰੀ ਸਮਝਣ ਦੀ ਲੋੜ ਹੈ।

ਸੋ, ਇਸ ਹੱਥਲੀ ਪੁਸਤਕ ਦੇ ਉਪਰਾਲੇ ਰਾਹੀਂ ਜਿੱਥੇ ਇਹਨਾਂ ਸਾਜਿਸ਼ੀ ਲਹਿਰਾਂ ਦੇ ਚਿਹਰੇ ਤੋਂ ਨਕਾਬ ਲਾਹੁਣ ਦੀ ਕੋਸ਼ਿਸ਼ ਕੀਤੀ ਹੈ, ਉੱਥੇ ਗੁਰੂ ਨੇ ਜਿੰਨੀ ਕੁ ਸੋਝੀ ਬਖ਼ਸ਼ੀ, ਗੁਰਮਤਿ ਸਿਧਾਂਤ ਦੇ ਚੱਪੂ ਸਿੱਖ ਸੰਗਤਾਂ ਦੇ ਸਾਹਮਣੇ ਰੱਖਣ ਦੀ ਕੋਸ਼ਿਸ਼ ਕੀਤੀ ਹੈ ਜਿਸ ਨਾਲ ਕਿ ਸਿੱਖੀ ਜੀਵਨ ਦੀ ਬੇੜੀ ਨੂੰ ਇਹਨਾਂ ਘੁੰਮਣ-ਘੇਰੀਆਂ ਤੋਂ ਸੁਰੱਖਿਅਤ ਕੀਤਾ ਜਾ ਸਕੇ, ਤਾਂ ਕਿ ਸਰਬੱਤ ਦੇ ਭਲੇ ਦੇ ਜ਼ਾਮਨ ਮਾਨਵਵਾਦੀ ਖ਼ਾਲਸਾ ਦੇ ਬੋਲ-ਬਾਲੇ ਹਮੇਸ਼ਾ ਗੂੰਜਦੇ ਰਹਿਣ।

ਗੁਰੂ ਪੰਥ ਦਾ ਦਾਸ,

ਦਰਸ਼ਨ ਸਿੰਘ ਖ਼ਾਲਸਾ
ਸਾਬਕਾ ਜੱਥੇਦਾਰ,
ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ

ਮੁੱਖ ਬੰਦ

ਪਰਮ ਸਤਿਕਾਰਿਤ ਸਿੰਘ ਸਾਹਿਬ ਜੱਥੇਦਾਰ ਦਰਸ਼ਨ ਸਿੰਘ ਜੀ ਖ਼ਾਲਸਾ ਕੇਵਲ ਪੰਥ ਦੇ ਸੁਪ੍ਰਸਿੱਧ ਕੀਰਤਨੀਏ ਹੀ ਨਹੀਂ, ਆਪ ਪੰਥ ਦੇ ਸਰਬੋਤਮ ਸੰਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜੱਥੇਦਾਰ ਵੀ ਹਨ। ਇਸ ਲਈ ਆਪ ਦੇ ਦਿਲ ਅੰਦਰ ਪੰਥ ਦੀ ਮੌਜੂਦਾ ਅਧੋਗਤੀ ਬਾਰੇ ਦਰਦ ਉਤਪੰਨ ਹੋਣਾ, ਤੇ ਇਸ ਦਰਦਨਾਕ ਹਾਲਤ ਬਾਰੇ ਪੰਥ ਨੂੰ ਝੰਝੋੜਨਾ ਅਤੇ ਸੁਚੇਤ ਅਰ ਗੰਭੀਰ ਅਗਵਾਈ ਪ੍ਰਦਾਨ ਕਰਨੀ ਬਿਲਕੁਲ ਸੁਭਾਵਕ ਗੱਲ ਜਾਪਦੀ ਹੈ। ਹੱਥਲੀ ਪੁਸਤਕ 'ਏਤੁ ਰਾਹਿ' ਸਾਨੂੰ ਇਸ ਦਰਦਨਾਕ ਹਾਲਤ ਵੱਲੋਂ ਚੇਤੰਨ ਵੀ ਕਰਦੀ ਹੈ ਅਤੇ ਇਸ ਤੋਂ ਮੁਕਤ ਹੋਣ ਲਈ ਉੱਦਮਸ਼ੀਲ ਹੋਣ ਦੀ ਪ੍ਰੇਰਣਾ ਵੀ ਦਿੰਦੀ ਹੈ।

ਇਸ ਤੋਂ ਪਹਿਲਾਂ ਜੱਥੇਦਾਰ ਸਾਹਿਬ ਆਪਣੀ ਪਲੇਠੀ ਪੁਸਤਕ 'ਉਜਾਰੋ ਦੀਪਾ' ਵੀ ਸਾਨੂੰ ਦੇ ਚੁੱਕੇ ਹਨ। ਉਦੋਂ ਉਹਨਾਂ ਮਹਿਸੂਸ ਕੀਤਾ ਸੀ ਕਿ, 'ਹਰ ਪਾਸੇ ਧਰਮ ਦੀ ਜੀਵਨ ਰੌ ਰੁੱਕ ਰਹੀ ਹੈ। ਬਹੁਤੇ ਧਰਮੀ ਅਖਵਾਉਣ ਵਾਲੇ ਵੀ ਧਰਮ ਦੇ ਨਾਮ ਹੇਠ ਫੋਕਟ ਕਰਮ ਜਾਂ ਭਰਮ ਹੀ ਪਾਲ ਰਹੇ ਹਨ।' ਉਸ ਪੁਸਤਕ ਵਿੱਚ ਬਹੁਤੇ ਲੇਖ ਧਰਮ ਸਿਧਾਂਤ ਬਾਰੇ ਹੀ ਹਨ, ਭਾਵੇਂ ਅੰਤਲੇ ਕੁਝ ਲੇਖ ਪੰਥ ਦੀ ਨਿਘਰਦੀ ਦਸ਼ਾ ਤੇ ਪੰਥਕ ਅਦਾਰਿਆਂ ਅੰਦਰ ਵਾਪਰ ਰਹੀਆਂ ਕੁਰੀਤੀਆਂ ਬਾਰੇ ਮੁਸੱਦਕਾ ਜਾਣਕਾਰੀ ਵੀ ਦਿੰਦੇ ਹਨ।

ਹੱਥਲੀ ਪੁਸਤਕ 'ਏਤੁ ਰਾਹਿ' ਵਿੱਚ ਵੀ ਕੁਝ ਲੇਖ ਨਿਹਕੇਵਲ ਧਰਮ-ਸਿਧਾਂਤ ਬਾਰੇ

ਹੀ ਹਨ, ਜਿਹਾ ਕਿ 'ਗੁਰਮਤਿ ਵਿੱਚ ਕਰਾਮਾਤ', 'ਕੁਦਰਤ', 'ਅਰਦਾਸ', 'ਗੁਰੂ ਵੈਦ', 'ਗੁਰੂ ਦਇਆਲ', 'ਮਾਇਆ' ਆਦਿ। ਪਰ ਬਹੁਤੇ ਲੇਖ ਪੰਥ ਦੀ ਦੂਹਰੀ - ਦੁਨਿਆਵੀ ਅਤੇ ਰੂਹਾਨੀ - ਜ਼ਿੰਦਗੀ ਦੇ ਪਤਨ ਦੀ ਦਰਦਨਾਕ ਤਸਵੀਰ ਪੇਸ਼ ਕਰ ਕੇ ਪੁੱਛਦੇ ਹਨ ਕਿ 'ਅੰਜ਼ਾਮੇਂ ਗੁਲਿਸਤਾਂ ਕਿਆ ਹੋਗਾ' ? ਨਾਲ ਹੀ ਚਿਤਾਵਨੀ ਦਿੰਦੇ ਹਨ ਕਿ 'ਪਰਖ ਦਾ ਸਮਾਂ' ਆਣ ਪਹੁੰਚਿਆ ਹੈ, ਤੇ ਪੰਥ ਦੇ ਸੁਚੇਤ ਪਹਿਰੂਏ ਹੋਣ ਦੇ ਨਾਤੇ ਹਰ ਸਿੱਖ ਹਿਰਦੇ ਨੂੰ ਵੰਗਾਰ ਕੇ ਆਖਦੇ ਹਨ - 'ਜਾਗਦੇ ਰਹੋ' !

ਆਪ ਬੜੇ ਦੁੱਖ ਨਾਲ ਮਹਿਸੂਸ ਕਰਦੇ ਹਨ ਕਿ ਅੱਜ ਗੁਰਮਤਿ ਰਹਿਤ ਮਰਯਾਦਾ ਨਾਲ ਘਟੀਆ ਮਜ਼ਾਕ ਹੋ ਰਿਹਾ ਹੈ ਅਤੇ ਇਸ ਨੂੰ ਬੜੀ ਵੱਡੀ ਢਾਹ ਲੱਗ ਰਹੀ ਹੈ। ਕੇਸਾਂ ਦੀ ਬੇਅਦਬੀ ਸ਼ਰੇ-ਆਮ ਕੀਤੀ ਜਾ ਰਹੀ ਹੈ। ਸਿੱਖ ਕੌਮ ਨਸ਼ਿਆਂ ਦੇ ਚਿੱਕੜ ਵਿੱਚ ਧੱਸ ਰਹੀ ਹੈ। ਗੁਰਬਾਣੀ ਦੇ ਪ੍ਰਮਾਣ ਦੇ ਕੇ ਆਪ ਲਿੱਖਦੇ ਹਨ, 'ਗੁਰੂ ਦਾ ਹੁਕਮ ਹੈ ਕਿ ਸਿੱਖ ਨੇ ਸ਼ਰਾਬ, ਸਿਗਰੇਟ, ਤੰਬਾਕੂ, ਭੰਗ ਆਦਿ ਕਿਸੇ ਵੀ ਨਸ਼ੇ ਦੇ ਨੇੜੇ ਨਹੀਂ ਜਾਣਾ'। ਪਰ ਪੰਥ ਦੀ ਕਿੰਨੀ ਬਦਕਿਸਮਤੀ ਹੈ ਕਿ 'ਜਿੱਥੇ ਅੱਜ ਪੰਜਾਬ ਵਿੱਚ ਪੰਥ ਅਖਵਾਉਣ ਵਾਲੇ ਕਈ ਵੱਡੇ-ਵੱਡੇ ਅਕਾਲੀ ਲੀਡਰ ਸ਼ਰਾਬ ਦਾ ਧੰਦਾ ਕਰਦੇ, ਭ੍ਰਿਸ਼ਟਾਚਾਰ ਰਾਹੀਂ ਲੋਕਾਂ ਦਾ ਖ਼ੂਨ ਪੀਂਦੇ ਅਤੇ ਆਚਰਨ-ਹੀਨ ਦਿੱਸਦੇ ਹਨ, ਉੱਥੇ ਬਾਹਰਲੇ ਦੇਸ਼ਾਂ ਵਿੱਚ ਕਈ ਥਾਵੇਂ ਗੁਰੂ ਦੇ ਕੀਰਤਨੀਏ ਅਖਵਾਉਣ ਵਾਲਿਆਂ ਨੇ ਸ਼ਰਾਬ ਤੇ ਸਿਗਰਟਾਂ ਦੀਆਂ ਦੁਕਾਨਾਂ ਵੀ ਖੋਲ੍ਹੀਆਂ ਹਨ ਤੇ ਕੀਰਤਨ ਵੀ ਕਰਦੇ ਹਨ। .... ਐਸੇ ਲੋਕ ਅਰਦਾਸ ਕਰਾਉਂਦੇ ਹਨ ਕਿ ..... ਫਲਾਣੇ ਸਿੰਘ ਦੇ ਕਾਰੋਬਾਰ ਵਿੱਚ ਦਿਨ-ਦੂਣੀ ਰਾਤ-ਚੌਗੁਣੀ ਤਰੱਕੀ ਹੋਵੇ।' ਕੀ ਐਸੀਆਂ ਅਰਦਾਸਾਂ ਗੁਰੂ ਪਾਸੋਂ ਸ਼ਰਾਬ ਦੀ ਵਿਕਰੀ ਦਾ ਵਾਧਾ ਨਹੀਂ ਮੰਗਦੀਆਂ ? ਐਸੇ ਵਪਾਰੀ ਵੀ ਤੇ ਅਰਦਾਸੀਏ ਵੀ ਕੇਵਲ ਆਪਣਾ ਭਲਾ ਚਾਹੁੰਦੇ ਹਨ ਅਤੇ ਸਰਬੱਤ ਦਾ ਭਲਾ ਮੰਗਣ ਲੱਗਿਆਂ ਤਾਂ ਉਹ ਅਵੱਸ਼ ਸੰਗ ਜਾਂਦੇ ਹੋਣਗੇ।

ਰਾਜਨੀਤਿਕ ਆਗੂਆਂ ਦੀ ਆਚਰਨਹੀਨਤਾ ਵੀ ਜੱਥੇਦਾਰ ਸਾਹਿਬ ਅੰਦਰ ਵਿਦ੍ਰੋਹ ਦੇ ਭਾਵ ਜਗਾਉਂਦੀ ਹੈ। ਉਹ ਕਹਿੰਦੇ ਹਨ, 'ਕਦੇ ਸ਼੍ਰੋਮਣੀ ਅਕਾਲੀ ਦਲ ਨੇ ਖ਼ਾਲਸਾ ਜੀ ਦੇ ਬੋਲ-ਬਾਲੇ ਅਤੇ ਪੰਥ ਦੀ ਆਜ਼ਾਦ ਹਸਤੀ ਕਾਇਮ ਰੱਖਣ ਲਈ ਕਸਮਾਂ ਖਾਧੀਆਂ ਸਨ, ਮੋਰਚੇ ਲਾਏ ਸਨ, ਡਾਂਗਾਂ ਖਾਧੀਆਂ ਸਨ ਅਤੇ ਪੰਥ ਤੋਂ ਪੁੱਤਰ, ਪਰਿਵਾਰ ਤੇ ਆਪਾ ਵਾਰਨ ਦੇ ਪ੍ਰਣ ਕੀਤੇ ਸਨ। .... ਪਰ ਅੱਜ ਦੇ ਸ਼੍ਰੋਮਣੀ ਅਕਾਲੀ ਦਲ ਨੇ .... ਖ਼ਾਲਸਾ ਜੀ ਦੇ ਬੋਲ-ਬਾਲੇ ਅਤੇ ਪੰਥ ਦੀ ਆਜ਼ਾਦ ਹਸਤੀ ਨੂੰ "ਮਥੇ ਟਿਕਾ ਤੇੜਿ ਧੋਤੀ ਕਖਾਈ" ਅੱਗੇ ਗਹਿਣੇ ਪਾ ਦਿੱਤਾ ਹੈ।' "ਜਬ ਲਗ ਖ਼ਾਲਸਾ ਰਹੇ ਨਿਆਰਾ, ਤਬ ਲਗ ਤੇਜ ਦੀਓ ਮੈ ਸਾਰਾ" ਦੇ ਹੁਕਮ ਦੀ ਉਲੰਘਣਾ ਕੀਤੀ ਹੈ। ਤਦੇ ਤਾਂ ਗੁਰੂ ਦੀ ਪ੍ਰਤੀਤ ਗੁਆ ਬੈਠੇ ਹਨ, ਕਿਉਂਕਿ ਉਹ 'ਬਿਪਰਨ ਕੀ ਰੀਤ' ਉੱਤੇ ਚੱਲਣ ਲੱਗ ਪਏ ਹਨ। ਆਪਣੀਆਂ ਸਿਆਸੀ ਕੁਰਸੀਆਂ ਦੇ ਸੌਦੇ ਅਧੀਨ ਇਕੱਠੇ ਜਾਂ ਵੱਖ ਹੋ ਜਾਣ ਵਾਲੇ ਕਈ ਅਕਾਲੀ ਲੀਡਰਾਂ ਨੇ ਆਪਣੇ ਪਰਿਵਾਰ ਅਤੇ ਪੁੱਤਰਾਂ ਤੋਂ ਪੰਥ ਵਾਰ ਦਿੱਤਾ। ਕੁਰੱਪਸ਼ਨ ਰਾਹੀਂ ਲੋਕਾਂ ਦਾ ਖ਼ੂਨ ਚੂਸ ਕੇ

ਦੇਸ਼-ਵਿਦੇਸ਼ਾਂ ਵਿੱਚ ਕਰੋੜਾਂ ਦੀਆਂ ਜਾਇਦਾਦਾਂ ਬਣਾ ਲੈਣ ਵਾਲੇ ਮਲਕ ਭਾਗੋ ਵੀ ਅੱਜ 'ਸ਼੍ਰੋਮਣੀ ਅਕਾਲੀ ਦਲ' ਅਖਵਾਉਂਦੇ ਹਨ।

ਕੇਵਲ ਸਿਆਸੀ ਤੇ ਧਾਰਮਿਕ ਲੀਡਰ ਹੀ ਨਹੀਂ, ਗ੍ਰੰਥੀ, ਕਥਾਕਾਰ ਤੇ ਗੁਰਦੁਆਰਿਆਂ ਦੇ ਪ੍ਰਬੰਧਕ ਵੀ ਆਪ ਦੀ ਕਰੜੀ ਆਲੋਚਨਾ ਦੀ ਲਪੇਟ ਵਿੱਚ ਨਿਰਸੰਦੇਹ ਹੀ ਆਏ ਹਨ। ਆਪ ਪ੍ਰਚਾਰ ਨੂੰ ਵਪਾਰ ਬਣਾ ਦੇਣ ਦੇ ਪੂਰੀ ਤਰ੍ਹਾਂ ਵਿਰੁੱਧ ਹਨ। 'ਮਾਇਆ ਮੰਗਣੀ, ਕੀਰਤਨ-ਕਥਾ-ਪਾਠ ਦੇ ਸੌਦੇ ਕਰਨੇ, ਭੇਟਾਵਾਂ ਨਿਸ਼ਚਿਤ ਕਰਨੀਆਂ - ਵਪਾਰ ਇੱਥੋਂ ਸ਼ੁਰੂ ਹੁੰਦਾ ਹੈ ਤੇ ਇਹ ਅੱਜ ਪ੍ਰਬੰਧਕ ਤੇ ਪ੍ਰਚਾਰਕ ਵਰਗ ਦੋਹਾਂ ਵਿੱਚ ਹੀ ਪ੍ਰਵੇਸ਼ ਕਰ ਗਿਆ ਹੈ। .... ਪ੍ਰਚਾਰ ਦੇ ਵਪਾਰ ਬਣ ਜਾਣ ਨਾਲ ਇਹ ਸੋਚ ਪ੍ਰਚਾਰਕ ਵਿੱਚ ਵੀ ਆ ਜਾਂਦੀ ਹੈ ਕਿ ਥੋੜ੍ਹੀ ਇਨਵੈਸਟਮੈਂਟ ਹੋਵੇ ਤੇ ਬਹੁਤਾ ਲਾਭ। ਬਿਨਾ ਪਾਠ ਕੀਤੇ ਪੱਤਰੇ ਪਰਤਣ ਵਾਲੇ ਜਾਂ ਕੀਤੇ ਕਰਾਏ ਪਾਠ ਵੇਚਣ ਵਾਲੇ ਪਾਠੀ' ਇਸੇ ਸ਼੍ਰੇਣੀ ਵਿੱਚ ਆਉਂਦੇ ਹਨ। ਮਨ-ਘੜਤ ਕਹਾਣੀਆਂ ਨਾਲ ਸਜਾਏ ਹੋਏ ਕੁਝ ਗਿਣਵੇਂ ਲੈਕਚਰਾਂ ਵਾਲੇ ਕਥਾਕਾਰ ਵੀ ਇਸੀ ਸ਼੍ਰੇਣੀ ਵਿੱਚ ਆਉਂਦੇ ਹਨ। ਕੁਝ ਗਿਣੇ-ਮਿੱਥੇ ਸ਼ਬਦ ਪੜ੍ਹਣ ਵਾਲੇ ਰਾਗੀ ਜੋ ਸ਼ਬਦ ਜ਼ੁਬਾਨੀ ਯਾਦ ਨਾ ਹੋਣ ਕਾਰਣ ਸ਼ਬਦ ਲਿੱਖ ਕੇ ਅੱਗੇ ਰੱਖ ਲੈਂਦੇ ਹਨ, ਬਾਣੀ ਦੇ ਅਰਥ ਭਾਵ ਤੋਂ ਅਨਜਾਣ, ਇਹ ਲੋਕ ਮਨ-ਘੜਤ ਸਾਖੀਆਂ ਵੀ ਸੁਣਾਉਂਦੇ ਹਨ। ਤੇ ਫਿਰ ਵੱਧ ਤੋਂ ਵੱਧ ਮਾਇਆ ਤਲਬ ਕਰਦੇ ਹਨ। ਐਸੇ ਪ੍ਰਚਾਰਕ ਗੁਰਮਤਿ ਖੋਜ ਤੋਂ ਊਣੇ, ਪਰ ਗੰਢ ਦੇ ਪੱਕੇ ਹੁੰਦੇ ਹਨ। ਪ੍ਰਚਾਰਕ ਦਾ ਤਾਂ ਧਰਮ ਹੈ ਕਿ ਬਹੁਤਾ ਸਮਾਂ ਗੁਰਮਤਿ ਖੋਜ ਵਿੱਚ ਲਾਏ ਅਤੇ ਤੱਤ ਗੁਰਮਤਿ ਦਾ ਸੰਗਤ ਵਿੱਚ ਪ੍ਰਚਾਰ ਕਰੇ। ਪਰ ਸਾਡੇ ਪ੍ਰਚਾਰ ਦਾ ਕੇਂਦਰ, ਗੁਰਦੁਆਰਾ ਸਿਸਟਮ ਕੇਵਲ ਵਪਾਰ ਦਾ ਕੇਂਦਰ ਬਣ ਕੇ ਹੀ ਰਹਿ ਗਿਆ ਹੈ। ਅੱਜ ਗੁਰਦੁਆਰੇ ਤਾਂ ਬਹੁਤ ਹਨ, ਪਰ ਉਹਨਾਂ ਵਿੱਚ ਸੰਗਤ ਬੜੀ ਵਿਰਲੀ ਹੈ। ਅੱਜ ਗੁਰਦੁਆਰਿਆਂ ਨੂੰ ਸੰਗਮਰਮਰ ਦੇ ਪੱਥਰ ਲਾਏ ਜਾ ਰਹੇ ਹਨ। ਗੁਰਦੁਆਰੇ ਜ਼ਰੂਰ ਪੱਕੇ ਹੋ ਰਹੇ ਹਨ, ਪਰ ਸਿੱਖੀ ਕੱਚੀ ਹੋ ਰਹੀ ਹੈ। ਇਉਂ ਲੱਗਦਾ ਹੈ, ਸਾਡੇ ਧਾਰਮਿਕ ਜੀਵਨ ਨੂੰ ਪਥਰਾਇਆ ਜਾ ਰਿਹਾ ਹੈ।

ਅੱਜ ਸਾਡੇ ਧਰਮ ਅਸਥਾਨਾਂ 'ਤੇ ਕਾਬਜ਼ ਵਿਅਕਤੀ ਆਪ ਧਰਮ ਦੀ ਉਲੰਘਣਾ ਕਰਦੇ ਵੇਖੇ ਜਾਂਦੇ ਹਨ। ਜਦੋਂ ਗੁਰਦੁਆਰਾ ਸੁਧਾਰ ਮੁਹਿਮ ਦੀ ਜਿੱਤ ਤੋਂ ਬਾਅਦ, ਕੁੰਜੀਆਂ ਅਕਾਲੀਆਂ ਨੂੰ ਸੌਂਪੀਆਂ ਗਈਆਂ ਤਾਂ ਪ੍ਰਿੰਸੀਪਲ ਨਿਰੰਜਨ ਸਿੰਘ ਜੀ ਨੇ ਆਪਣੇ ਵੱਡੇ ਭਰਾ ਮਾਸਟਰ ਤਾਰਾ ਸਿੰਘ ਜੀ ਨੂੰ ਆਖਿਆ ਸੀ, 'ਇਹਨਾਂ ਮਹੰਤਾਂ ਨੂੰ ਤਾਂ ਤੁਸਾਂ ਲਾਹ ਦਿੱਤਾ ਹੈ, ਪਰ ਜਿੰਨ੍ਹਾਂ ਨੂੰ ਹੁਣ ਬਹਾਉਣ ਲੱਗੇ ਹੋ, ਉਹ ਤੁਹਾਥੋਂ ਲੱਥਣੇ ਨਹੀਂ।' ਕਿੰਨੀ ਸੱਚੀ ਭਵਿੱਖ-ਬਾਣੀ ਸੀ ਉਹਨਾਂ ਦੀ ? ਅੱਜ ਗੁਰਦੁਆਰਿਆਂ, ਗੁਰ-ਅਸਥਾਨਾਂ ਵਿੱਚ ਵੀ ਭ੍ਰਿਸ਼ਟਾਚਾਰ ਆਣ ਵੜਿਆ ਹੈ। ਉੱਥੇ ਵੀ ਮਾਇਆ ਦਾ ਹੀ ਸਿੱਕਾ ਚਲਦਾ ਹੈ। ਭਾਈ ਗੁਰਦਾਸ ਜੀ ਨੇ ਕਿੰਨੀ ਦਰਦਨਾਕ ਚਿਤਾਵਨੀ ਦਿੱਤੀ ਹੈ :

ਮਾਇਆ ਡਰ ਡਰਪਤ ਹਾਰਿ ਗੁਰਦੁਆਰੇ ਜਾਵੈ,
ਤਹਾ ਜਉ ਮਾਇਆ ਬਿਆਪੈ ਕਹਾ ਠਹਿਰਾਈਐ ॥

ਜਦੋਂ-ਜਦੋਂ ਵੀ ਕੌਮਾਂ ਦੇ ਧਰਮ ਅਸਥਾਨ ਭ੍ਰਿਸ਼ਟ ਹੋ ਜਾਂਦੇ ਹਨ, ਤਾਂ ਕੌਮਾਂ ਨਸ਼ਟ ਹੋ ਜਾਂਦੀਆਂ ਹਨ। ਗੁਰੂ ਮਹਾਰਾਜ ਆਪ ਚਿਤਾਵਨੀ ਦੇ ਗਏ ਹਨ :

ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ॥

(ਗੁ.ਗ੍ਰੰ.ਸਾ. ਪੰਨਾ 662)

ਜੱਥੇਦਾਰ ਸਾਹਿਬ ਨੇ ਪੰਥ ਦੀ ਹਰ ਦੁੱਖਦੀ ਰੱਗ 'ਤੇ ਆਪਣੀ ਨਿਦਾਨਕ ਉਂਗਲੀ ਰੱਖੀ ਹੈ ਤੇ ਬੜੀ ਭਾਵ-ਪੂਰਤ ਚਿਤਾਵਨੀ ਕੌਮ ਨੂੰ ਦਿੱਤੀ ਹੈ। ਕੌਮ ਵੱਲੋਂ ਇਸ ਦੀ ਯੋਗ ਪ੍ਰਤਿਕ੍ਰਿਆ ਵੀ ਆਪ ਨੂੰ ਅਵੱਸ਼ ਉਡੀਕ ਰਹੇਗੀ। ਆਪ ਨੇ ਜੋ ਕੁਝ ਵੀ ਕਿਹਾ ਹੈ, ਪੂਰੀ ਬੇਲਾਗਤਾ, ਬੇਗਰਜ਼ੀ ਨਾਲ ਤੇ ਜਾਤੀਆਤ ਤੋਂ ਉਤਾਂਹ ਉੱਠ ਕੇ ਆਖਿਆ ਹੈ। ਤਦੇ ਤਾਂ ਆਪ ਪੂਰਨ ਨਿਰਪੱਖਤਾ ਨਾਲ ਬੇਲਿਹਾਜ਼ ਹੋ ਕੇ ਐਨਾ ਕੁਝ ਕਹਿ ਸਕੇ ਹਨ। ਇਹ ਸਭ ਕੁਝ ਐਨੀ ਦਲੇਰੀ ਨਾਲ ਤਾਂ ਹੀ ਕਿਹਾ ਜਾ ਸਕਦਾ ਹੈ ਜੇ ਕਹਿਣ ਵਾਲੇ ਪਾਸ ਯੋਗ ਅਧਿਕਾਰ ਹੋਵੇ। ਤੇ ਸਾਬਕਾ ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵੱਡਾ ਅਧਿਕਾਰ ਕਿਸ ਪਾਸ ਹੋ ਸਕਦਾ ਹੈ ? ਇਸ ਲਈ ਪੰਥ ਨੂੰ ਆਪ ਦੀਆਂ ਚਿਤਾਵਨੀਆਂ ਵੱਲ ਉੱਚਿਤ ਧਿਆਨ ਦੇਣਾ, ਹਰ ਸਿੱਖ ਲਈ ਹਰ ਹਾਲ ਬਣਦਾ ਹੈ।

ਦਾਸ ਨੂੰ ਆਪ ਦੇ ਹਰੇਕ ਵਿਚਾਰ ਨਾਲ ਪੂਰਨ ਸਹਿਮਤੀ ਹੈ। ਪਰ ਦੋਵੇਂ ਹੱਥ ਜੋੜ ਕੇ ਖਿਮਾ ਮੰਗਦਿਆਂ ਕਹਿਣਾ ਚਾਹੁੰਦਾ ਹਾਂ ਕਿ ਇੱਕ ਵਿਚਾਰ ਨਾਲ ਦਾਸ ਆਪਣੀ ਸੁਰ ਨਹੀਂ ਰਲਾ ਪਾਇਆ। ਉਹ ਇਹ ਕਿ ਆਪ ਨੇ ਅਜੇ ਤਕ ਗੁਰਦੁਆਰਾ ਚੋਣਾਂ ਨੂੰ ਗੁਰਦੁਆਰਿਆਂ ਦੀਆਂ ਅਧਿਕ ਕੁਰੀਤੀਆਂ ਦਾ ਸੋਮਾ ਨਹੀਂ ਮੰਨਿਆ। ਮੇਰੇ ਵਿਚਾਰ ਅਨੁਸਾਰ ਤਾਂ ਗੁਰਦੁਆਰਿਆਂ ਵਿੱਚ ਭ੍ਰਿਸ਼ਟਾਚਾਰ, ਵਿਭਚਾਰ ਤੇ ਮਾਇਆਵੀ ਮਨੋਬਿਰਤੀ, ਇਹਨਾਂ ਸਭ ਦਾ ਮੁੱਢ ਚੋਣਾਂ ਤੋਂ ਹੀ ਬੱਝਾ ਹੈ। ਆਪ ਨੇ ਤਾਂ ਗੁਰਦੁਆਰਿਆਂ ਦੀਆਂ ਚੋਣਾਂ ਵਿੱਚ ਖੜ੍ਹੇ ਹੋਣ ਵਾਲਿਆਂ ਲਈ ਇੱਕ ਨਵਾਂ ਪਰਫ਼ਾਰਮਾ ਤਜਵੀਜ਼ ਕੀਤਾ ਹੈ। ਪਰ ਹਲਫ਼ਨਾਮਿਆਂ ਦੀ ਕੌਣ ਪ੍ਰਵਾਹ ਕਰਦਾ ਹੈ ? ਜੇਕਰ ਸੱਚ ਬੋਲਣਾ ਹੋਵੇ ਤਾਂ ਹੁਣ ਤਕ ਵਰਤੀਂਦੇ ਹਲਫ਼ਨਾਮੇ ਹੀ ਕਾਫ਼ੀ ਹਨ। ਪਰ ਜੇ ਝੂਠ ਹੀ ਬੋਲਣਾ ਹੋਵੇ ਤਾਂ ਕੋਈ ਹਲਫ਼ਨਾਮਾ ਵੀ ਕੁਝ ਨਹੀਂ ਕਰ ਸਕਦਾ।

ਬਹੁ-ਗਿਣਤੀ ਵਾਲੀਆਂ ਚੋਣਾਂ ਸਾਡੀ ਰਵਾਇਤ ਵਿੱਚ ਕਦੋਂ ਤੋਂ ਹੋਈਆਂ ? ਕੀ ਸਾਡੇ ਗੁਰੂ ਸਾਹਿਬਾਨ ਚੋਣਾਂ ਨਾਲ ਚੁਣੇ ਗਏ ਸਨ ? ਜੇਕਰ ਚੋਣਾਂ ਹੁੰਦੀਆਂ ਤਾਂ ਸ੍ਰੀ ਲਹਿਣਾ ਜੀ ਕਦੇ ਗੁਰੂ ਨਾ ਥਾਪੇ ਜਾ ਸਕਦੇ। ਬਿਰਾਦਰੀ ਸਾਰੀ ਤਾਂ ਇਸ ਫੈਸਲੇ ਦੇ ਵਿਰੁੱਧ ਚੜ੍ਹ ਕੇ ਆ ਗਈ ਸੀ। ਗੁਰੂ ਅਰਜਨ ਸਾਹਿਬ ਵੀ ਕਦੇ ਗੁਰੂ ਨਾ ਬਣਦੇ, ਸਗੋਂ ਪ੍ਰਿਥੀਆ ਬਣਦਾ ਜਿਸ ਨੇ ਸਾਰੇ ਮਸੰਦ ਹੱਥ ਵਿੱਚ ਕੀਤੇ ਹੋਏ ਸਨ ਤੇ ਸਾਰੀ ਮਾਇਆ ਸਾਂਭੀ ਹੋਈ ਸੀ। ਗੁਰੂ ਤੇਗ਼ ਬਹਾਦਰ ਸਾਹਿਬ ਦਾ ਤਾਂ ਸ਼ਾਇਦ ਕੋਈ ਨਾਮ ਵੀ ਨਾ ਤਜਵੀਜ਼ ਕਰਦਾ। ਕੀ ਪੰਜ ਪਿਆਰੇ ਚੋਣ ਨਾਲ ਚੁਣੇ ਗਏ ਸਨ ?

ਬਹੁ-ਗਿਣਤੀ ਵਾਲੀਆਂ ਚੋਣਾਂ ਵਿੱਚ ਤਾਂ ਕੇਵਲ ਬਹੁ-ਗਿਣਤੀ ਵਾਲੇ ਹੀ ਜਿੱਤ

ਕੇ ਆ ਸਕਦੇ ਹਨ। ਤੇ ਹਰ ਧਰਮ ਵਿੱਚ ਬਹੁ-ਗਿਣਤੀ ਧਰਮੀਆਂ ਦੀ ਨਹੀਂ, ਅਧਰਮੀਆਂ ਦੀ ਹੀ ਹੁੰਦੀ ਹੈ। ਸੋ, ਉਹੋ ਜਿੱਤ ਸਕਦੇ ਹਨ। ਇਹੋ ਕੁਝ ਸਾਡੇ ਗੁਰਦੁਆਰਿਆਂ ਵਿੱਚ ਹੁੰਦਾ ਪਿਆ ਹੈ। ਪੁੱਛੋਗੇ, ਚੋਣਾਂ ਦਾ ਬਦਲ ਕੀ ਹੈ ? ਕਿਸੇ ਹੋਰ ਧਰਮ ਵਿੱਚ ਧਾਰਮਿਕ ਆਗੂਆਂ ਤੇ ਪ੍ਰਬੰਧਕਾਂ ਦੀ ਚੋਣ ਨਹੀਂ ਹੈ, ਉਹਨਾਂ ਸਭ ਪਾਸ ਚੋਣਾਂ ਦੇ ਬਦਲ ਮੌਜੂਦ ਹਨ। ਸਾਡੀ ਆਪਣੀ ਰਵਾਇਤ ਵਿੱਚ ਵੀ ਚੋਣਾਂ ਦੇ ਬਦਲ ਮੌਜੂਦ ਹਨ। ਲੋੜ ਹੈ ਕਿ ਇਹਨਾਂ ਸਭਨਾਂ 'ਤੇ ਨਜ਼ਰ ਮਾਰ ਕੇ ਵੇਖੀਏ ਕਿ ਸਾਡੀ ਅੱਜ ਦੀ ਲੋੜ ਲਈ ਕਿਹੜਾ ਢੰਗ ਸਭ ਤੋਂ ਵੱਧ ਕਾਰ-ਆਮਦ ਹੈ।

ਦਾਸ ਅਤਿ ਰਿਣੀ ਹੈ ਸਿੰਘ ਸਾਹਿਬ ਜਥੇਦਾਰ ਦਰਸ਼ਨ ਸਿੰਘ ਜੀ ਦਾ, ਜਿਨ੍ਹਾਂ ਦਾਸ ਨੂੰ ਆਪਣੀ ਵਡਮੁੱਲੀ ਪੁਸਤਕ ਦਾ ਮੁੱਖ-ਬੰਦ ਲਿੱਖਣ ਦੇ ਯੋਗ ਸਮਝਿਆ। ਦਾਸ ਆਪ ਦੀ ਇਸ ਗ਼ਰੀਬ-ਨਿਵਾਜ਼ੀ ਲਈ ਸਦਾ ਆਪ ਦਾ ਕ੍ਰਿਤੱਗ ਰਹੇਗਾ।

ਦਾਸ,

ਜਸਵੰਤ ਸਿੰਘ ਨੇਕੀ

52 ਹੇਮਕੁੰਟ ਕਾਲੋਨੀ,

ਨਵੀਂ ਦਿੱਲੀ - 110048

ਏਤੁ ਰਾਹਿ



ਪ੍ਰੋ. ਦਰਸ਼ਨ ਸਿੰਘ ਖ਼ਾਲਸਾ

ੴ

ਕੇਸ਼. ਜੀਵਨ ਦੇ
ਕਿੰਨੇ ਜ਼ਰੂਰੀ ਅੰਗ ਹਨ ?

ੴ

ਕੇਸ ਨਹੀਂ ਕੱਟਣੇ
ਤਾਂ ਫਿਰ ਨਹੁੰ ਕਿਉਂ ਕੱਟਦੇ ਹਾਂ ?

ੴ

ਕੀ ਕੇਸ ਮੁਰਦਾ ਹਨ ?

ੴ

ਕੇਸ

ਮਾਟੀ ਤੇ ਜਿਨਿ ਸਾਜਿਆ ਕਰਿ ਦੁਰਲਭ ਦੇਹ।।

(ਗੁ.ਗ੍ਰੰ.ਸਾ.ਪੰਨਾ 812)

ਗੁਰ ਸੇਵਾ ਤੇ ਭਗਤਿ ਕਮਾਈ।।
ਤਬ ਇਹ ਮਾਨਸ ਦੇਹੀ ਪਾਈ।।

(ਗੁ.ਗ੍ਰੰ.ਸਾ.ਪੰਨਾ 1159)

ਗੁਰਮਤਿ ਵਿੱਚ ਇੱਕ ਅਟੱਲ ਵਿਸ਼ਵਾਸ ਹੈ ਕਿ ਅਕਾਲ ਪੁਰਖ ਕਰਤਾ ਪੁਰਖ ਹੈ, ਸ੍ਰਿਸ਼ਟੀ ਦਾ ਸਿਰਜਣਹਾਰ ਹੈ।

ਹਰਨ ਭਰਨ ਜਾ ਕਾ ਨੇਤ੍ਰ ਫੋਰੁ।।
ਤਿਸ ਕਾ ਮੰਤ੍ਰੁ ਨ ਜਾਨੈ ਹੋਰੁ।।

(ਗੁ.ਗ੍ਰੰ.ਸਾ.ਪੰਨਾ 284)

ਦੇਹਿ ਲੇਹਿ ਏਕੁ ਤੂੰ ਦਿਗਰ ਕੋ ਨਹੀ।।

(ਗੁ.ਗ੍ਰੰ.ਸਾ.ਪੰਨਾ 727)

ਕਰਤਾ ਸ੍ਰਿਸ਼ਟੀ ਨੂੰ ਸਾਜ ਰਿਹਾ ਹੈ ਤੇ ਆਪਣੀ ਪਸੰਦ 'ਤੇ ਸਾਜ ਰਿਹਾ ਹੈ। ਉਹ ਦਾਨਾ-ਬੀਨਾ ਹੈ, ਇਸ ਲਈ ਉਸਨੂੰ ਕਿਸੇ ਕੋਲੋਂ ਸਲਾਹ ਲੈਣ ਦੀ ਲੋੜ ਨਹੀਂ। ਉਸ ਕੋਲੋਂ

ਕੋਈ ਆਪਣੀ ਮਰਜ਼ੀ ਦਾ ਰੰਗ-ਰੂਪ-ਮਾਡਲ ਨਹੀਂ ਬਣਵਾ ਸਕਦਾ ਹੈ। ਬਸ, ਉਹ ਆਪਣੀ ਕੁਦਰਤ ਨੂੰ ਆਪ ਹੀ ਸਾਜਦਾ ਹੈ ਤੇ ਸਜਾਉਂਦਾ ਹੈ।

ਤੂੰ ਦਾਨਾਂ ਤੂੰ ਬੀਨਾਂ ਮੈ ਬੀਚਾਰੁ ਕਿਆ ਕਰੀ।।
ਨਾਮੇ ਚੇ ਸੁਆਮੀ ਬਖਸੰਦ ਤੂੰ ਹਰੀ।।

(ਗੁ.ਗ੍ਰੰ.ਸਾ.ਪੰਨਾ 727)

ਉਹ ਆਪ ਵੀ ਅਤਿ ਸੁੰਦਰ ਮਨਮੋਹਣ ਪਿਆਰਾ ਹੈ ਅਤੇ ਉਸਦੀ ਸਿਰਜਣਾ, ਇਹ ਸੰਸਾਰ ਵੀ ਅਤਿ ਸੁੰਦਰ ਹੈ। ਉੱਚੇ-ਉੱਚੇ ਪਰਬਤਾਂ ਤੋਂ ਵੱਗਦੇ ਨਿਰਮਲ ਜਲ ਦੇ ਝਰਨੇ, ਸੂਰਜ-ਚੰਦ ਦੀ ਸੁੰਦਰਤਾ ਨੂੰ ਆਪਣੀ ਬੁੱਕਲ ਵਿੱਚ ਲੁਕਾਉਂਦੀਆਂ ਕਾਲੀਆਂ ਘਟਾਵਾਂ, ਖ਼ੁਸ਼ੀ ਵਿੱਚ ਪੈਲਾਂ ਮਾਰਦੇ ਮੋਰ, ਹਰੇ-ਭਰੇ ਦਰਖ਼ਤਾਂ ਦੀਆਂ ਟਾਹਣੀਆਂ 'ਤੇ ਚਹਿਕਦੇ ਪੰਛੀ, ਬਾਗ਼ਾਂ ਵਿੱਚ ਬੋਲਦੀਆਂ ਕੋਇਲਾਂ ਦੇ ਮਿੱਠੇ ਗੀਤ, ਥਲਾਂ ਵਿੱਚ ਚੱਗੀਆਂ ਭਰਦੇ ਹਿਰਨਾਂ ਦੀਆਂ ਡਾਰਾਂ, ਐਨਾ ਖ਼ੂਬਸੂਰਤ ਸੰਸਾਰ ਕਿ ਦਿਲ ਕਰਦਾ ਹੈ ਬਸ, ਵੇਖਦਾ ਹੀ ਰਹਾਂ। ਅੱਖਾਂ ਵੇਖ-ਵੇਖ ਰੱਜਦੀਆਂ ਹੀ ਨਹੀਂ, "ਅਖੀਂ ਦੇਖ ਨਾ ਰਜੀਆਂ ਬਹੁ ਰੰਗ ਤਮਾਸੇ", ਕੀ-ਕੀ ਆਖਾਂ ? ਹੇ ਕਾਦਰ ! ਤੇਰੀ ਕੁਦਰਤ ਦੀ ਸੁੰਦਰਤਾ ਦਾ ਵੀ ਕੋਈ ਅੰਤ ਨਹੀਂ :

ਕੁਦਰਤਿ ਕਵਣ ਕਹਾ ਵੀਚਾਰੁ।।
ਵਾਰਿਆ ਨ ਜਾਵਾ ਏਕ ਵਾਰ।।
ਜੋ ਤੁਧੁ ਭਾਵੈ ਸਾਈ ਭਲੀ ਕਾਰ।।
ਤੂ ਸਦਾ ਸਲਾਮਤਿ ਨਿਰੰਕਾਰ।।

(ਗੁ.ਗ੍ਰੰ.ਸਾ.ਪੰਨਾ 3)

ਕਰਤੇ ਦੀ ਸਭ ਤੋਂ ਖ਼ੂਬਸੂਰਤ ਅਤੇ ਕੀਮਤੀ ਸਿਰਜਣਾ ਕਿਹੜੀ ਹੈ?

ਫਿਰ ਆਪਣੇ ਸੰਸਾਰ ਨੂੰ ਹਮੇਸ਼ਾ ਖ਼ੂਬਸੂਰਤ ਅਤੇ ਨਵੇਕਲਾ ਰੱਖਣ ਲਈ ਉਸਨੇ ਸੰਸਾਰ ਦੀ ਹਰੇਕ ਚੀਜ਼ ਦੀ ਉਮਰ, ਰਹਿਣ ਦਾ ਸਮਾਂ ਨਿਸ਼ਚਿਤ ਕਰ ਦਿੱਤਾ ਹੈ, ਉਹ ਜਾਵੇ ਅਤੇ ਉਸਦੀ ਥਾਂ ਕੋਈ ਹੋਰ ਲਵੇ, ਤਾਂ ਕਿ ਸੰਸਾਰ ਵਿੱਚ ਨਵੀਨਤਾ ਬਣੀ ਰਹੇ। ਪਰ ਇਹ ਸਭ ਕੁਝ ਵੀ ਉਸਨੇ ਆਪਣੇ ਹੱਥ ਹੀ ਰੱਖਿਆ ਹੈ, ਕਿਸੇ ਹੋਰ ਨੂੰ ਅਧਿਕਾਰ ਨਹੀਂ ਦਿੱਤਾ। ਅਤੇ ਸੰਸਾਰ ਦੀ ਖ਼ੂਬਸੂਰਤੀ ਵੀ ਇਸੇ ਵਿੱਚ ਹੀ ਹੈ ।

ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ।।

(ਗੁ.ਗ੍ਰੰ.ਸਾ.ਪੰਨਾ 472)

ਫਿਰ ਗੁਰੂ ਜੀ ਕਹਿੰਦੇ ਹਨ, ਉਸ ਸਿਰਜਣਹਾਰ ਨੇ ਸ੍ਰਿਸ਼ਟੀ ਦੀ ਸਾਜਨਾ ਵਿੱਚ ਆਪਣੀ ਪਸੰਦ ਦੀ ਸਭ ਤੋਂ ਖ਼ੂਬਸੂਰਤ ਅਤੇ ਕੀਮਤੀ ਸਿਰਜਣਾ - ਮਨੁੱਖ ਦੇਹ ਦੀ ਕੀਤੀ ਹੈ।

ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ।।
ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ।।

(ਗੁ.ਗ੍ਰੰ.ਸਾ.ਪੰਨਾ 1366)

ਗੁਰ ਸੇਵਾ ਤੇ ਭਗਤਿ ਕਮਾਈ।। ਤਬ ਇਹ ਮਾਨਸ ਦੇਹੀ ਪਾਈ।।

ਇਸ ਦੇਹੀ ਕਉ ਸਿਮਰਹਿ ਦੇਵ॥ ਸੋ ਦੇਹੀ ਭਜੁ ਹਰਿ ਕੀ ਸੇਵ॥

(ਗੁ.ਗ੍ਰੰ.ਸਾ.ਪੰਨਾ 1159)

ਬੜੀ ਘਾਲਣਾ ਤੋਂ ਬਾਅਦ ਹੰਡਾਉਣ ਲਈ ਤੈਨੂੰ ਇਹ ਮਨੁੱਖਾ ਦੇਹੀ ਮਿਲੀ ਹੈ ਜੋ ਰੱਬ ਦੀ ਆਪਣੀ ਪਸੰਦ ਹੈ। ਵੇਖੀਂ, ਕਿਤੇ ਇਸਦੀ ਸੁੰਦਰਤਾ ਵਿਗਾੜ ਨਾ ਲਈਂ। ਮਤ ਕਿਤੇ ਆਪਣੀ ਮਰਜ਼ੀ ਵਰਤੇਂ ਤੇ ਰੱਬ ਦੀ ਪਸੰਦ ਦਾ ਜ਼ਹੂਰ ਗੁਆ ਬੈਠੇਂ। ਕੁਦਰਤ ਦੇ ਨਜ਼ਾਰੇ ਵੇਖ, ਜਿਸ-ਜਿਸ ਜੀਵ ਨੂੰ ਜਿੰਨੀ-ਜਿੰਨੀ ਸੁੰਦਰਤਾ ਪ੍ਰਭੂ ਵੱਲੋਂ ਮਿਲੀ ਹੈ, ਉਹ ਉਸੇ ਨੂੰ ਸੰਭਾਲ ਰਿਹਾ ਹੈ ਅਤੇ ਖ਼ੁਸ਼ ਹੈ। ਕਦੇ ਕਿਸੇ ਜੀਵ ਨੇ ਪ੍ਰਭੂ ਵੱਲੋਂ ਮਿਲੇ ਹੋਏ ਆਪਣੇ ਰੂਪ ਨੂੰ ਬਦਲਣ ਦੀ ਕੋਸ਼ਿਸ਼ ਨਹੀਂ ਕੀਤੀ। ਇਹੋ ਤਾਂ ਤੇਰੇ ਅੰਦਰ ਉਸ ਪਿਆਰੇ ਪ੍ਰੀਤਮ ਦੇ ਪਿਆਰ ਦੀ ਨਿਸ਼ਾਨੀ ਹੈ ਕਿ ਜੋ ਉਸਨੂੰ ਪਸੰਦ ਹੈ, ਉਹ ਹੀ ਤੈਨੂੰ ਪਸੰਦ ਹੈ। ਤੇਰੀ ਤੇ ਉਸਦੀ ਪਸੰਦ ਮਿਲਦੀ ਹੈ। ਜੇ ਉਸਦਾ ਸਿਰਜਿਆ ਰੂਪ ਹੀ ਤੈਨੂੰ ਪਸੰਦ ਨਹੀਂ ਆਵੇਗਾ, ਤਾਂ ਤੇਰਾ ਨਾਈ ਦੀ ਦੁਕਾਨ 'ਤੇ ਜਾ ਕੇ ਆਪਣੀ ਮਰਜ਼ੀ ਦਾ ਬਣਾਇਆ ਹੋਇਆ ਰੂਪ ਉਸ ਨੂੰ ਵੀ ਤਾਂ ਪਸੰਦ ਨਹੀਂ ਆਵੇਗਾ। ਤਾਂ ਫਿਰ ਤੇਰੀ ਤੇ ਉਸਦੀ ਸਾਂਝ ਕਿਵੇਂ ਬਣੇਗੀ ? ਵਿੱਛੜ ਜਾਵੇਂਗਾ ਅਤੇ ਜਨਮ-ਜਨਮਾਂਤਰਾਂ ਤਕ ਵਿੱਛੜਿਆ ਰਹੇਂਗਾ। ਮੁੜ ਵਾਰੀ ਆਵੇ ਨਾ ਆਵੇ, ਇਸ ਲਈ ਉਸਦੀ ਪਸੰਦ ਤੇ ਉਸਦੇ ਹੁਕਮ ਵਿੱਚ ਰਹਿ ਕੇ ਉਸ ਨਾਲ ਸਾਂਝ ਪੈਦਾ ਕਰ।

ਤੇਰੀ ਤੇ ਉਸਦੀ ਸਾਂਝ ਕਿਵੇਂ ਬਣੇਗੀ ?

ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ॥

(ਗੁ.ਗ੍ਰੰ.ਸਾ.ਪੰਨਾ 471)

ਤੂੰ ਮੇਰਾ ਸਖਾ ਤੂੰਹੀ ਮੇਰਾ ਮੀਤੁ॥ ਤੂੰ ਮੇਰਾ ਪ੍ਰੀਤਮੁ ਤੁਮ ਸੰਗਿ ਹੀਤੁ॥
ਤੂੰ ਮੇਰੀ ਪਤਿ ਤੂਹੈ ਮੇਰਾ ਗਹਣਾ॥ ਤੁਝ ਬਿਨੁ ਨਿਮਖੁ ਨ ਜਾਈ ਰਹਣਾ॥ ੧॥
ਤੂੰ ਮੇਰੇ ਲਾਲਨ ਤੂੰ ਮੇਰੇ ਪ੍ਰਾਨ॥
ਤੂੰ ਮੇਰੇ ਸਾਹਿਬ ਤੂੰ ਮੇਰੇ ਖਾਨ॥ ੧॥ ਰਹਾਉ॥
ਜਿਉ ਤੁਮ ਰਾਖਹੁ ਤਿਵ ਹੀ ਰਹਨਾ॥ ਜੋ ਤੁਮ ਕਹਹੁ ਸੋਈ ਮੋਹਿ ਕਰਨਾ॥
ਜਹ ਪੇਖਉ ਤਹਾ ਤੁਮ ਬਸਨਾ॥ ਨਿਰਭਉ ਨਾਮੁ ਜਪਉ ਤੇਰਾ ਰਸਨਾ॥ ੨॥
ਤੂੰ ਮੇਰੇ ਨਵ ਨਿਧਿ ਤੂੰ ਭੰਡਾਰੁ॥ ਰੰਗ ਰਸਾ ਤੂੰ ਮਨਹਿ ਅਧਾਰੁ॥
ਤੂੰ ਮੇਰੀ ਸੋਭਾ ਤੁਮ ਸੰਗਿ ਰਚੀਆ॥ ਤੂੰ ਮੇਰੀ ਓਟ ਤੂ ਹੈ ਮੇਰਾ ਤਕੀਆ॥ ੩॥
ਮਨ ਤਨ ਅੰਤਰਿ ਤੁਹੀ ਧਿਆਇਆ॥ ਮਰਮੁ ਤੁਮਾਰਾ ਗੁਰ ਤੇ ਪਾਇਆ॥
ਸਤਿਗੁਰ ਤੇ ਦ੍ਰਿੜਿਆ ਇਕੁ ਏਕੈ॥ ਨਾਨਕ ਦਾਸ ਹਰਿ ਹਰਿ ਹਰਿ ਟੇਕੈ॥ ੪॥

(ਗੁ.ਗ੍ਰੰ.ਸਾ.ਪੰਨਾ 181)

ਇਉਂ ਉਸਦੇ ਹੁਕਮ ਦੀ ਗਲਵੱਕੜੀ ਵਿੱਚ ਰਹਿ ਕੇ ਉਸ ਨਾਲ ਸਾਂਝ ਬਣਦੀ ਹੈ।

ਮਾਲਕ ਨੇ ਕੋਈ ਚੀਜ਼ ਫ਼ਜ਼ੂਲ ਜਾਂ ਬੇ-ਅਰਥ ਨਹੀਂ ਬਣਾਈ। ਸਾਇੰਸਦਾਨ ਸਦੀਆਂ ਤੋਂ ਉਸਦੀ ਕੁਦਰਤ ਦੀ ਹਰੇਕ ਚੀਜ਼ ਦਾ ਕਾਰਣ (Cause) ਜਾਣਨ ਦੀ ਕੋਸ਼ਿਸ਼ ਕਰ ਰਹੇ ਹਨ। ਪਰ ਅਜੇ ਤਕ ਆਪਣੇ ਆਪ ਨੂੰ ਅਸਮਰੱਥ ਹੀ ਸਮਝ ਰਹੇ ਹਨ।

ਅੰਤੁ ਨ ਜਾਪੈ ਕੀਤਾ ਆਕਾਰੁ।। ਅੰਤੁ ਨ ਜਾਪੈ ਪਾਰਾਵਾਰੁ।।
ਅੰਤ ਕਾਰਣਿ ਕੇਤੇ ਬਿਲਲਾਹਿ।। ਤਾ ਕੇ ਅੰਤ ਨ ਪਾਏ ਜਾਹਿ।।

(ਗੁ.ਗ੍ਰੰ.ਸਾ.ਪੰਨਾ 5)

ਉਸਦੀ ਕਿਸੇ ਸਿਰਜਣਾ ਦੇ ਅਰਥ ਨੂੰ ਨਾ ਜਾਣ ਸਕਣ ਕਰਕੇ ਹੀ ਕਈ ਵਾਰ ਤਾਂ ਉਸ ਚੀਜ਼ ਨੂੰ ਬੇ-ਅਰਥ ਸਮਝ ਲੈਂਦਾ ਹੈ।

ਐਸੀ ਹੀ ਅਨਜਾਣ ਸੋਚ ਤੇਰੀ ਕੇਸਾਂ ਦੇ ਸਬੰਧ ਵਿੱਚ ਹੈ। ਤੂੰ ਨਹੀਂ ਜਾਣਦਾ ਕਿ ਇੱਕ ਤਾਂ ਕੇਸ ਪ੍ਰਭੂ ਨੇ ਆਪ ਲਾਏ ਹਨ ਅਤੇ ਦੂਜਾ, ਕੇਸ ਤੇਰੇ ਜੀਵਨ ਦਾ ਕਿੰਨਾ ਜ਼ਰੂਰੀ ਅੰਗ ਹਨ ?

ਕੇਸ ਜੀਵਨ ਦੇ ਕਿੰਨੇ ਜ਼ਰੂਰੀ ਅੰਗ ਹਨ ?

ਮੈਂ ਤੁਹਾਡੇ ਨਾਲ ਕੇਸਾਂ ਦੇ ਇੱਕ ਵਿਗਿਆਨਿਕ (Scientific) ਪਹਿਲੂ ਦੀ ਸਾਂਝ ਕਰਨਾ ਚਾਹੁੰਦਾ ਹਾਂ। ਸ਼ਰੀਰ ਦੀ ਬਣਤਰ ਅਤੇ ਸਹਾਇਤਾ ਲਈ ਪ੍ਰਭੂ ਨੇ ਜਿਥੇ-ਜਿਥੇ ਜਿੰਨੇ -ਜਿੰਨੇ ਕੇਸਾਂ ਦੀ ਲੋੜ ਪ੍ਰਤੀਤ ਕੀਤੀ, ਲਾ ਦਿੱਤੇ। ਕਦੇ ਧਿਆਨ ਦਿਓ, ਕਰਤਾ ਪੁਰਖ ਦੀ ਮਹਾਨ ਵਿਧੀ (Technique) ਕਿ ਸਰੀਰ ਦੇ ਹਰੇਕ ਅਤਿ-ਨਾਜ਼ੁਕ ਅੰਗ ਅੱਖਾਂ, ਜੀਭ ਅਤੇ ਦਿਮਾਗ (Brain) ਦੀ ਸੁਰੱਖਿਆ ਲਈ ਸਿਰਜਣਹਾਰ ਨੇ ਉਸ ਅੰਗ ਨੂੰ ਢੱਕਣ (Cover) ਲਈ ਇੱਕ ਮਜ਼ਬੂਤ ਢਾਂਚਾ (Structure) ਬਣਾ ਦਿੱਤਾ। ਅੱਖਾਂ ਦੇ ਦੁਆਲੇ ਇੱਕ ਮਜ਼ਬੂਤ ਹੱਡੀਆਂ ਦਾ ਢਾਂਚਾ, ਜੀਭ ਦੇ ਦੁਆਲੇ ਦੰਦ-ਜਬਾੜ੍ਹ ਤੇ ਠੋਡੀ ਅਤੇ ਦਿਮਾਗ ਦੇ ਸਭ ਤੋਂ ਨਾਜ਼ਕ ਹੋਣ ਕਰਕੇ ਇਸ 'ਤੇ ਇੱਕ ਮਜ਼ਬੂਤ ਖੋਪੜੀ ਦੀ ਛੱਤ ਪਾ ਦਿੱਤੀ। ਤਾਂ ਕਿ ਇਹਨਾਂ ਨਾਜ਼ਕ ਅੰਗਾਂ ਨੂੰ ਸੱਟ-ਚੋਟ ਤੋਂ ਬਚਾਇਆ ਜਾ ਸਕੇ। ਹੁਣ ਇਹਨਾਂ ਅੰਗਾਂ ਨੂੰ ਵਾਤਾਨਕੂਲ ਮੌਸਮ ਅਨੁਸਾਰ ਬਚਾ ਕੇ ਰੱਖਣ ਦੀ ਵੀ ਲੋੜ ਸੀ। ਕੇਸ, ਜਿਥੇ ਚੋਟ ਤੋਂ ਬਚਾਉਣ ਲਈ ਇੱਕ ਫੁੱਮਣ (Puff) ਦਾ ਕੰਮ ਕਰਦੇ ਹਨ, ਉੱਥੇ ਮੌਸਮ ਦੇ ਅਸਰ ਤੋਂ ਬਚਾਓ (Weather-proof) ਕਰਨ ਲਈ ਤਾਪ ਰੋਕਣ (Insulator) ਦਾ ਕੰਮ ਵੀ ਕਰਦੇ ਹਨ। ਇਸੇ ਲਈ ਅੱਖਾਂ 'ਤੇ ਭਰਵੱਟੇ, ਠੋਡੀ-ਮੂੰਹ 'ਤੇ ਦਾੜ੍ਹੀ-ਮੁੱਛਾਂ, ਸਿਰ ਦੀ ਖੋਪਰੀ 'ਤੇ ਘਨੇ ਲੰਮੇ ਕੇਸ ਲਾ ਦਿੱਤੇ। ਕਿਉਂਕਿ ਕੇਸ ਇਹਨਾਂ ਅੰਗਾਂ ਦੇ ਬਚਾਅ ਵਾਲੇ ਢਾਂਚਿਆਂ ਲਈ ਤਾਪ ਰੋਕ (Insulate) ਕਰ ਕੇ ਮੌਸਮ ਅਨੁਕੂਲ ਰੱਖਦੇ ਹਨ। ਫਿਰ ਕਾਦਰ ਦੀ ਕੁਦਰਤ ਕਿੰਨੀ ਮਹਾਨ ਹੈ ਕਿ ਜਿਸ-ਜਿਸ ਦੇਸ਼-ਇਲਾਕੇ ਵਿੱਚ ਜੀਵ ਪੈਦਾ ਹੁੰਦਾ ਹੈ, ਉੱਥੋਂ ਦੇ ਮੌਸਮ ਦੀ ਲੋੜ ਅਨੁਸਾਰ ਕੁਦਰਤ ਵੱਲੋਂ ਉਸਦੇ ਕੇਸਾਂ ਦਾ ਰੰਗ ਜਾਂ ਵਾਲ ਘੰਨੇ ਲੰਮੇ ਹੁੰਦੇ ਹਨ। ਉਦਾਹਰਣ ਵਜੋਂ ਕਾਲਾ ਰੰਗ ਗਰਮੀ ਨੂੰ ਆਪਣੇ ਅੰਦਰ ਸੋਖ ਲੈਂਦਾ ਹੈ ਅਤੇ ਸਾਡੇ ਤਕ ਪਹੁੰਚਾਉਣ 'ਤੇ ਰੋਕਦਾ ਹੈ। ਇਸੇ ਲਈ ਗਰਮੀਆਂ ਵਿੱਚ ਘਰਾਂ ਦੇ ਪਰਦੇ ਕਾਲੇ, ਅੱਖਾਂ ਦੀਆਂ ਐਨਕਾਂ ਕਾਲੀਆਂ, ਧੁੱਪ 'ਚ ਤੁਰਨ ਵੇਲੇ ਛਤਰੀ ਕਾਲੇ ਰੰਗ ਦੇ ਕਪੜੇ ਦੀ ਵਰਤੀ ਜਾਂਦੀ ਹੈ।

ਬਸ ! ਕਾਦਰ ਦੀ ਕੁਦਰਤ ਦਾ ਵੀ ਨਿਯਮ ਹੈ ਕਿ ਗਰਮ ਇਲਾਕਿਆਂ ਵਿੱਚ ਪੈਦਾ ਹੋਣ ਵਾਲੇ ਲੋਕਾਂ ਦੇ ਕੇਸ ਕਾਲੇ ਰੰਗ ਦੇ ਅਤਿ ਘੰਨੇ ਲੰਮੇ ਹੁੰਦੇ ਹਨ। ਠੰਡੇ-ਬਰਫ਼ੀਲੇ ਇਲਾਕਿਆਂ ਵਿੱਚ ਪੈਦਾ ਹੋਣ ਵਾਲਿਆਂ ਦੇ ਕੇਸ ਹਲਕੇ ਭੂਰੇ ਰੰਗ ਦੇ ਹੁੰਦੇ ਹਨ।

ਬਰਫ਼ੀਲੀਆਂ ਪਹਾੜੀਆਂ 'ਤੇ ਪਾਲੀਆਂ ਜਾਂਦੀਆਂ ਭੇਡਾਂ ਦੀ ਉੱਨ ਵੀ ਬਰੀਕ ਅਤੇ ਚਿੱਟੀ ਹੁੰਦੀ ਹੈ। ਇਉਂ ਕੇਸ ਸਾਨੂੰ ਪ੍ਰਭੂ ਵੱਲੋਂ ਪੈਦਾਇਸ਼ ਨਾਲ ਹੀ ਮਿਲੀ ਹੋਈ ਇੱਕ ਭਰਪੂਰ ਸੁਰੱਖਿਆ ਹੈ ਜਿਸਨੂੰ ਅਸੀਂ ਬੇ-ਅਰਥ ਸਮਝ ਕੇ ਗੁਆ ਰਹੇ ਹਾਂ।

ਕੇਸ ਨਹੀਂ ਕੱਟਦੇ ਤਾਂ ਫਿਰ ਨਹੁੰ ਕਿਉਂ ਕੱਟਦੇ ਹਾਂ?

ਦੂਜਾ, ਆਮ ਕਰਕੇ ਉਠਾਇਆ ਜਾਂਦਾ ਸੁਆਲ ਹੈ ਕਿ ਜੇਕਰ ਅਸੀਂ ਕੇਸ ਨਹੀਂ ਕੱਟਣੇ ਤਾਂ ਨਹੁੰ ਕਿਉਂ ਕੱਟਦੇ ਹਾਂ ? ਇਸਦੇ ਜੁਆਬ ਵਿੱਚ ਸਭ ਤੋਂ ਪਹਿਲਾਂ ਰੱਬੀ ਨਿਜ਼ਾਮ ਦਾ ਇੱਕ ਅਟੱਲ ਨਿਯਮ ਸਮਝਣਾ ਜ਼ਰੂਰੀ ਹੈ ਕਿ ਪ੍ਰਭੂ ਜੀਵਨ ਹੈ ਅਤੇ ਕੇਵਲ ਜੀਵਨ ਹੈ। ਉਹ ਮਰਦਾ ਨਹੀਂ ਅਤੇ ਜੀਵਨ ਨਾਲ ਹੀ ਸਬੰਧ ਰੱਖਦਾ ਹੈ। ਉਸ ਨੇ ਆਪਣੀ ਸਿਰਜਣਾ ਸੰਸਾਰ ਨੂੰ ਨਵੀਨਤਾ ਵਿੱਚ ਰੱਖਣ ਲਈ, ਬੇਸ਼ਕ ਇਥੋਂ ਦੀ ਹਰੇਕ ਚੀਜ਼ ਨਾਲ ਸਮੇਂ ਅਨੁਸਾਰ ਮੌਤ ਜੋੜ ਦਿੱਤੀ। ਪਰ ਨਾਲ ਹੀ ਇੱਕ ਨਿਯਮ ਬਣਾ ਦਿੱਤਾ ਕਿ ਕੋਈ ਕਿਸੇ ਮੁਰਦਾ ਚੀਜ਼ ਨਾਲ ਸਬੰਧ ਨਹੀਂ ਰੱਖੇਗਾ। ਅਸੀਂ ਵੇਖਦੇ ਹਾਂ ਕਿ ਜਿਹੜੇ ਪੁੱਤਰ, ਮਿੱਤਰ, ਪਤਨੀ, ਭਰਾ-ਭੈਣ, ਮਾਂ-ਪਿਉ ਜਿਉਂਦਿਆਂ ਬਹੁਤ ਪਿਆਰੇ ਲੱਗਦੇ ਹਨ, ਗੱਲਵੱਕੜੀਆਂ ਪਾਉਂਦੇ ਹਾਂ, ਉਹੀ ਹੀ ਜਦੋਂ ਮਰ ਜਾਂਦੇ ਹਨ ਤਾਂ ਉਹਨਾਂ ਨੂੰ ਘਰੋਂ ਕੱਢ ਕੇ ਚਿਖਾ ਵਿੱਚ ਰੱਖ ਕੇ ਬਿੱਲੇ ਲਾਉਣ ਦੀ ਕਾਹਲੀ ਹੋ ਜਾਂਦੀ ਹੈ। ਦਰਖ਼ਤਾਂ ਦੀਆਂ ਟਾਹਣੀਆਂ ਵੀ ਆਪਣੀ ਕੁੱਖ ਤੋਂ ਪੈਦਾ ਕੀਤੇ ਅਤੇ ਆਪਣੇ ਰਸ ਨਾਲ ਪਾਲੇ ਪੱਤੇ ਜਦੋਂ ਸਮੇਂ ਨਾਲ ਸੁੱਕ ਜਾਂਦੇ ਹਨ, ਤਾਂ ਸੁੱਟ ਦਿੰਦੀਆਂ ਹਨ, ਉਸ ਨੂੰ ਪਤਝੜ ਆਖਦੇ ਹਨ।

ਪਾਣੀ ਦੀ ਡੂੰਘਾਈ ਵਿੱਚ ਡੁੱਬ ਕੇ ਬੰਦਾ ਮਰਦਾ ਹੈ, ਪਰ ਜਦੋਂ ਮਰ ਜਾਂਦਾ ਹੈ ਤਾਂ ਪਾਣੀ ਵੀ ਆਪਣੀ ਬੁੱਕਲ ਵਿੱਚ ਨਹੀਂ ਰੱਖਦਾ। ਇਸੇ ਲਈ ਮਰਨ ਤੋਂ ਬਾਅਦ ਮੁਰਦਾ ਸਰੀਰ ਪਾਣੀ 'ਤੇ ਤਰ ਪੈਂਦਾ ਹੈ। ਸਮੁੰਦਰ ਦੀਆਂ ਡੂੰਘਾਈਆਂ ਵਿੱਚ ਅਣਗਿਣਤ ਜੀਵ ਵੱਸਦੇ ਹਨ, ਪਰ ਮਰੇ ਹੋਏ ਹਰ ਜੀਵ ਨੂੰ ਸਮੁੰਦਰ ਵੀ ਬਾਹਰ ਕੱਢ ਦਿੰਦਾ ਹੈ ਅਤੇ ਸਮੁੰਦਰ ਦੀਆਂ ਲਹਿਰਾਂ ਮੁਰਦਾ ਜੀਵਾਂ ਨੂੰ ਕਿਨਾਰੇ ਲਾ ਦਿੰਦੀਆਂ ਹਨ, ਕਿਉਂਕਿ ਨਿਰੰਕਾਰ ਅਤੇ ਸੰਸਾਰ ਦਾ ਜੀਵਨ ਨਾਲ ਹੀ ਸਬੰਧ ਹੈ।

ਇਹ ਗੱਲ ਵੱਖਰੀ ਹੈ ਕਿ ਨਿਰੰਕਾਰ ਜੀਵਿਤ ਅਤੇ ਮਿਰਤਕ ਨੂੰ ਪਛਾਣਦਾ ਹੈ। ਪਰ ਅਸੀਂ ਕਈ ਵਾਰ ਜੀਵਿਤ ਅਤੇ ਮਿਰਤਕ ਦੀ ਪਛਾਣ ਨਹੀਂ ਕਰ ਸਕਦੇ, ਇਸ ਲਈ ਜੀਵਿਤ ਨਾਲੋਂ ਸਬੰਧ ਤੋੜ ਲੈਂਦੇ ਹਾਂ ਅਤੇ ਮਿਰਤਕ ਨਾਲ ਜੁੜੇ ਰਹਿੰਦੇ ਹਾਂ।

ਸਰਜੀਉ ਕਾਟਹਿ ਨਿਰਜੀਉ ਪੂਜਹਿ ਅੰਤ ਕਾਲ ਕਉ ਭਾਰੀ॥

(ਗੁ.ਗ੍ਰੰ.ਸਾ.ਪੰਨਾ 332)

ਬਸ ! ਇਹੋ ਸਾਡੀ ਭੁੱਲ ਕੇਸਾਂ ਅਤੇ ਨਹੁੰਆਂ ਦੇ ਸਬੰਧ ਵਿੱਚ ਹੈ ਜਿਸ ਤੋਂ ਗੁਰੂ ਨੇ ਸਿੱਖ ਨੂੰ ਸਿੱਖਿਆ ਦੇ ਕੇ ਸਮਝਾਇਆ ਹੈ।

ਭਾਵੇਂ ਨਹੁੰ ਹੋਣ ਜਾਂ ਕੇਸ, ਅਸੀਂ ਮੁਰਦਾ ਨਹੀਂ ਰੱਖਣੇ। ਇਸੇ ਲਈ ਗੁਰੂ ਨੇ ਕੰਘਾ ਵੀ ਬਖ਼ਸ਼ ਦਿੱਤਾ ਕਿ ਸਿਰ ਵਿੱਚੋਂ ਟੁੱਟ ਚੁੱਕੇ ਮੁਰਦਾ ਕੇਸ ਕੰਘੇ ਨਾਲ ਦੋਵੇਂ ਵਕਤ ਕੱਢ ਦਿਓ ਅਤੇ ਜਿਉਂਦੇ ਕੇਸਾਂ ਨੂੰ ਪਿਆਰ ਨਾਲ ਸਾਂਭ-ਸੰਵਾਰ ਕੇ ਰੱਖੋ। ਸਿੱਖ ਕੰਘੇ ਨਾਲ ਰੋਜ਼ ਮੁਰਦਾ

ਕੇਸ ਕੱਢ ਦਿੰਦਾ ਹੈ ਅਤੇ ਜਿਉਂਦੇ ਕੇਸ ਸੰਭਾਲਦਾ ਹੈ। ਇਸੇ ਤਰ੍ਹਾਂ ਅਗਲੇ ਪਾਸੇ ਵਧਿਆ ਹੋਇਆ ਨਹੁੰਆਂ ਦਾ ਓਨਾ ਹਿੱਸਾ ਹੀ ਲਾਹਿਆ ਜਾਂਦਾ ਹੈ ਜਿਹੜਾ ਮੁਰਦਾ ਹੁੰਦਾ ਹੈ ਅਤੇ ਬਾਕੀ ਜਿਉਂਦਾ ਹਿੱਸਾ ਸਾਂਭਿਆ-ਸੰਵਾਰਿਆ ਜਾਂਦਾ ਹੈ।

ਕੀ ਕੇਸ ਮੁਰਦਾ ਹਨ?

ਹੁਣ ਇੱਕ ਹੋਰ ਸੁਆਲ ਉੱਠਦਾ ਹੈ ਕਿ ਜੇ ਨਹੁੰਆਂ ਦਾ ਅਗਲਾ ਹਿੱਸਾ ਹੀ ਮੁਰਦਾ ਹੈ ਤਾਂ ਕੇਸ ਵੀ ਮੁਰਦਾ ਹਨ ਕਿਉਂਕਿ ਜੇ ਨਹੁੰਆਂ ਦੇ ਅਗਲੇ ਹਿੱਸੇ ਨੂੰ ਕੱਟਣ ਲੱਗਿਆਂ ਦਰਦ ਨਹੀਂ ਹੁੰਦੀ ਤਾਂ ਕੇਸਾਂ ਦੇ ਕੱਟਣ ਲੱਗਿਆਂ ਵੀ ਦਰਦ ਨਹੀਂ ਹੁੰਦੀ ?

ਇੱਥੇ ਅਸੀਂ ਇੱਕ ਹੋਰ ਗ਼ਲਤੀ ਕਰ ਰਹੇ ਹਾਂ। ਅਸੀਂ ਸਮਝ ਰਹੇ ਹਾਂ ਕਿ ਦਰਦ ਹੋਣਾ ਜਾਂ ਨਾ ਹੋਣਾ ਹੀ ਜਿਉਂਦੇ ਜਾਂ ਮਿਰਤਕ ਹੋਣ ਦੀ ਨਿਸ਼ਾਨੀ ਹੈ। ਤਾਂ ਫਿਰ ਦੰਦਾਂ 'ਤੇ ਵੀ ਦਰਦ ਨਹੀਂ ਹੁੰਦੀ, ਕੀ ਦੰਦਾਂ ਨੂੰ ਵੀ ਮਿਰਤਕ ਸਮਝ ਕੇ ਕੱਢਿਆ ਜਾ ਸਕਦਾ ਹੈ ? ਜਦੋਂ ਕਿਸੇ ਆਪ੍ਰੇਸ਼ਨ ਤੋਂ ਪਹਿਲਾਂ ਇੰਜੈਕਸ਼ਨ ਲਗਾ ਦਿੱਤਾ ਜਾਂਦਾ ਹੈ ਤਾਂ ਮਨੁੱਖ ਨੂੰ ਕਿਧਰੇ ਵੀ ਦਰਦ ਨਹੀਂ ਹੁੰਦੀ, ਤਾਂ ਕੀ ਉਸ ਮਨੁੱਖ ਨੂੰ ਮੁਰਦਾ ਕਰਾਰ ਦਿੱਤਾ ਜਾ ਸਕਦਾ ਹੈ ? ਨਹੀਂ, ਐਸਾ ਨਹੀਂ। ਦਰਦ ਨਾ ਹੋਣਾ ਮਿਰਤਕ ਦੀ ਨਿਸ਼ਾਨੀ ਨਹੀਂ ਹੈ, ਦਰਦ ਇੱਕ ਅਹਿਸਾਸ ਹੈ। ਅਸਲ ਵਿੱਚ ਚੰਗੇ-ਮੰਦੇ, ਸਮੇਂ-ਸਥਾਨ, ਖ਼ੁਰਾਕ-ਇਲਾਜ ਦਾ ਅਸਰ ਕਬੂਲਦਿਆਂ ਪਰਿਵਰਤਨ-ਸ਼ੀਲ ਹੋਣਾ ਜੀਵਨ ਹੈ। ਅਤੇ ਚੰਗੇ-ਮੰਦੇ, ਸਮੇਂ-ਸਥਾਨ, ਖ਼ੁਰਾਕ-ਇਲਾਜ ਦਾ ਅਸਰ ਨਾ ਕਬੂਲਦਿਆਂ ਪਰਿਵਰਤਨ ਰੁੱਕ ਜਾਣਾ ਮਿਰਤਕ ਦੀ ਨਿਸ਼ਾਨੀ ਹੈ।

ਕੇਸ ਜਨਮ ਦੇ ਨਾਲ ਹੀ ਸਰੀਰ ਦੇ ਬਾਕੀ ਅੰਗਾਂ ਵਾਂਗੂੰ ਜਨਮ ਲੈਂਦੇ ਹਨ ਅਤੇ ਜਿਵੇਂ ਬਾਕੀ ਸਰੀਰ ਦੇ ਅੰਗ ਸਮੇਂ ਨਾਲ ਆਪਣੀ ਯੋਗ ਲੰਬਾਈ 'ਤੇ ਪਹੁੰਚਦੇ ਹਨ, ਨਾਲ-ਨਾਲ ਕੇਸ ਵੀ ਆਪਣੀ ਯੋਗ ਲੰਬਾਈ 'ਤੇ ਪੁੱਜ ਜਾਂਦੇ ਹਨ। ਉਮਰ, ਦੁੱਖ-ਸੁੱਖ, ਚਿੰਤਾ ਅਤੇ ਘਟੀਆ ਖ਼ੁਰਾਕ ਦੇ ਅਸਰ ਨਾਲ ਜਿਵੇਂ ਸਰੀਰ ਦੇ ਬਾਕੀ ਅੰਗ ਛੇਤੀ ਕਮਜ਼ੋਰ ਪੈ ਜਾਂਦੇ ਹਨ, ਉਨ੍ਹਾਂ ਹੀ ਕਾਰਣਾਂ ਦੇ ਅਸਰ ਕਰਕੇ ਵੀ ਕੇਸ ਛੇਤੀ ਚਿੱਟੇ ਹੋ ਜਾਂਦੇ ਹਨ, ਕਿਉਂਕਿ ਕੇਸ ਵੀ ਜਿਉਂਦੇ ਸਰੀਰ ਦਾ ਇੱਕ ਜਿਊਂਦਾ ਅੰਗ ਹਨ। ਉਮਰ ਨਾਲ ਜਿਊਂਦੇ ਸਰੀਰ ਦਾ ਪਰਿਵਰਤਨ ਅਤੇ ਕੇਸਾਂ ਦਾ ਪਰਿਵਰਤਨ ਬਰਾਬਰ ਚਲਦਾ ਹੈ ਅਤੇ ਮੌਤ ਹੋਣ ਨਾਲ ਦੋਹਾਂ ਦਾ ਪਰਿਵਰਤਨ ਬਰਾਬਰ ਰੁੱਕਦਾ ਹੈ। ਜੇ ਜੁਆਨ ਉਮਰ ਵਿੱਚ ਕਾਲੇ ਕੇਸਾਂ ਵਾਲਾ ਕੋਈ ਮਨੁੱਖ ਮਰ ਜਾਵੇ ਤਾਂ ਸ਼ਰੀਰ ਨਾਲ ਹੀ ਉਸਦੇ ਕੇਸਾਂ ਦਾ ਪਰਿਵਰਤਨ ਵੀ ਰੁੱਕ ਜਾਂਦਾ ਹੈ। ਬੇਸ਼ੱਕ, ਉਸਦੇ ਸ਼ਰੀਰ ਨੂੰ ਹੋਰ ਸੌ ਸਾਲ ਸਾਂਭ ਕੇ ਰੱਖੋ, ਉਸਦੇ ਕੇਸ ਕਾਲੇ ਹੀ ਰਹਿਣਗੇ, ਚਿੱਟੇ ਨਹੀਂ ਹੋਣਗੇ। ਇਸ ਲਈ ਜਿਉਂਦੇ ਸਰੀਰ ਦੇ ਕੇਸ ਜਿਉਂਦੇ ਹਨ।

ਕੇਸ ਰੱਬ ਦੀ ਰਹਿਮਤ ਹਨ।

ਇਸੇ ਤਰ੍ਹਾਂ ਨਹੁੰਆਂ ਦੇ ਰੰਗ ਅਤੇ ਚਮਕ ਵੇਖ ਕੇ ਹੀ ਉਸਦੇ ਕਈ ਮਾਨਸਿਕ ਤੇ ਸਰੀਰਕ ਰੋਗਾਂ ਦਾ ਅੰਦਾਜ਼ਾ ਲਾ ਲੈਂਦੇ ਹਨ। ਅਸੀਂ ਉਨ੍ਹਾਂ ਅੰਦਰ ਦੇ ਨਹੁੰਆਂ ਨੂੰ ਨਹੀਂ ਕੱਟਦੇ ਅਤੇ ਨਹੁੰਆਂ ਦਾ ਅੱਗੇ ਵਧਿਆ ਹਿੱਸਾ ਚੰਗੇ-ਮੰਦੇ, ਸਮੇਂ-ਸਥਾਨ ਤੇ ਖ਼ੁਰਾਕ-ਇਲਾਜ ਦਾ ਅਸਰ ਬਿਲਕੁਲ ਨਹੀਂ ਕਬੂਲਦਾ, ਇਸ ਲਈ ਉਹ ਮੁਰਦਾ ਹੈ ਅਤੇ ਅਸੀਂ ਉਸ ਨੂੰ ਹੀ ਕੱਟਦੇ ਹਾਂ।

ਸੋ, ਅੱਗੇ ਵੱਧੇ ਹੋਏ ਮੁਰਦਾ ਨਹੁੰਆਂ ਦੀ ਉਦਾਹਰਣ ਦੇ ਕੇ ਰੱਬੀ ਰਹਿਮਤ ਨਾਲ ਮਿਲੀ ਜੀਵਨ ਦੀ ਸੁਰੱਖਿਆ ਦੇ ਪ੍ਰਤੀਕ ਜਿਉਂਦੇ ਕੇਸਾਂ ਦੀ ਬੇਅਦਬੀ ਕਰਨੀ ਵੱਡੀ ਭੁੱਲ ਹੈ। ਇਸ ਲਈ ਕੇਸਾਂ ਦੀ ਸੰਭਾਲ ਜ਼ਰੂਰ ਕਰੋ, ਇਹ ਰੱਬ ਦੀ ਰਹਿਮਤ ਹੈ ਅਤੇ ਇਹ ਗੁਰੂ ਦੀ ਸਿੱਖਿਆ ਹੈ। ਕੇਸ ਜੀਵਨ ਦੀ ਸੁਰੱਖਿਆ ਦੇ ਪ੍ਰਤੀਕ ਹਨ।

☬

ਕਰਾਮਾਤ ਕੀ ਹੈ ?

ਕਰਾਮਾਤ ਕੌਣ ਕਰ ਸਕਦਾ ਹੈ ?

ਕਰਾਮਾਤ ਦੀ ਸ਼ਕਤੀ
ਕਿਸ ਕੋਲ ਹੈ ?

ਕੀ ਅੱਜ ਦੇ ਅਖੌਤੀ ਸੰਤ
ਕਰਾਮਾਤੀ ਹਨ ?

ਗੁਰਮਤਿ ਵਿੱਚ ਕਰਾਮਾਤ

'ਕਰਾਮਾਤ' ਸ਼ਬਦ ਨੂੰ ਵਿਚਾਰਨ ਲਈ ਧਾਰਮਿਕ ਦੁਨੀਆ ਦੇ ਜਾਣੇ-ਪਛਾਣੇ ਦੋ ਲਫ਼ਜ਼ਾਂ ਨੂੰ ਚੰਗੀ ਤਰ੍ਹਾਂ ਸਮਝ ਲੈਣਾ ਜ਼ਰੂਰੀ ਹੈ। ਗੁਰਬਾਣੀ ਵਿੱਚ ਦੋ ਲਫ਼ਜ਼ ਵਾਰ-ਵਾਰ ਆਏ ਹਨ - ਹੁਕਮ ਅਤੇ ਹਉਮੈ। ਦੋਹਾਂ ਦਾ ਆਪਸੀ ਵਿਰੋਧ ਹੈ। ਹੁਕਮ ਮਿਲਾਪ ਹੈ ਅਤੇ ਹਉਮੈ ਵਿਛੋੜਾ ਹੈ। ਜਿੱਥੇ ਇੱਕ ਪਾਸੇ ਇਹ ਬਚਨ ਕੀਤਾ ਹੈ ਕਿ

ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ॥

(ਗੁ.ਗ੍ਰੰ.ਸਾ.ਪੰਨਾ 139)

ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ॥

(ਗੁ.ਗ੍ਰੰ.ਸਾ.ਪੰਨਾ 471)

ਉੱਥੇ ਇਹ ਵੀ ਬੜਾ ਸਪਸ਼ਟ ਫੈਸਲਾ ਦਿੱਤਾ ਹੈ :

ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ॥

(ਗੁ.ਗ੍ਰੰ.ਸਾ.ਪੰਨਾ 624)

ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ॥

(ਗੁ.ਗ੍ਰੰ.ਸਾ.ਪੰਨਾ 205)

ਇਸ ਲਈ ਜ਼ਰੂਰੀ ਹੈ ਕਿ

ਹਉ ਹਉ ਮੈ ਮੈ ਵਿਚਹੁ ਖੋਵੈ।।
ਦੂਜਾ ਮੇਟੈ ਏਕੋ ਹੋਵੈ।।

(ਗੁ.ਗ੍ਰੰ.ਸਾ.ਪੰਨਾ 943)

ਕਹੁ ਨਾਨਕ ਹਉਮੈ ਭੀਤਿ ਗੁਰਿ ਖੋਈ ਤਉ ਦਇਆਰੁ ਬੀਠਲੋ ਪਾਇਓ।।

(ਗੁ.ਗ੍ਰੰ.ਸਾ.ਪੰਨਾ 624)

ਇਸ ਤਰ੍ਹਾਂ ਸਤਿਗੁਰੂ ਜੀ ਨੇ ਵਾਰ-ਵਾਰ ਹਉਮੈ ਤੋਂ ਵਰਜਿਆ ਹੈ ਅਤੇ ਹੁਕਮ ਵਿੱਚ ਰਹਿਣ ਲਈ ਕਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਰੰਭ 'ਚ ਜਪੁ ਜੀ ਸਾਹਿਬ ਦੀ ਪਹਿਲੀ ਪਉੜੀ ਤੋਂ ਹੀ ਸਤਿਗੁਰੂ ਜੀ ਨੇ ਸਿੱਖੀ ਦਾ ਜਿਹੜਾ ਪਹਿਲਾ ਸਬਕ ਦਿੱਤਾ, ਉਹ ਇਹੋ ਹੀ ਸੀ :

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ।।
ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ।।
ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ।।
ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ।।
ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।।
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ।। ੧।।
ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ।।
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ।।
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ।।
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ।।
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ।।
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ।। ੨।।

ਕਰਾਮਾਤ ਕੀ ਹੈ?

ਹੇ ਗੁਰਸਿੱਖ ! ਤੂੰ "ਕਰਮ ਧਰਤੀ ਸਰੀਰੁ ਜੁਗ ਅੰਤਰਿ" ਭੇਜਿਆ ਗਿਆ ਹੈਂ, ਇਸ ਲਈ ਗੁਰੂ ਦੀ ਅਗਵਾਈ ਵਿੱਚ "ਹਰਿ ਕੋ ਨਾਮੁ ਜਪਿ ਨਿਰਮਲ ਕਰਮੁ" ਕਰਦਾ ਜਾ ਅਤੇ ਪ੍ਰਭੂ ਦੀ ਰਜ਼ਾ ਅੱਗੇ ਆਪਾ ਸਮਰਪਣ ਰੱਖ ਤਾਂ ਕਿ ਹਉਮੈ ਨਾ ਆਵੈ।

ਫੁਰਮਾਨੁ ਤੇਰਾ ਸਿਰੈ ਊਪਰਿ ਫਿਰਿ ਨ ਕਰਤ ਬੀਚਾਰ।।
ਤੁਹੀ ਦਰੀਆ ਤੁਹੀ ਕਰੀਆ ਤੁਝੈ ਤੇ ਨਿਸਤਾਰ।। ੧।।
ਬੰਦੇ ਬੰਦਗੀ ਇਕਤੀਆਰ।।
ਸਾਹਿਬੁ ਰੋਸੁ ਧਰਉ ਕਿ ਪਿਆਰ।। ੧।। ਰਹਾਉ।।
ਨਾਮੁ ਤੇਰਾ ਆਧਾਰੁ ਮੇਰਾ ਜਿਉ ਫੂਲੁ ਜਈ ਹੈ ਨਾਰਿ।।
ਕਹਿ ਕਬੀਰ ਗੁਲਾਮੁ ਘਰ ਕਾ ਜੀਆਇ ਭਾਵੈ ਮਾਰਿ।। ੨।। ੧੮।।

(ਗੁ.ਗ੍ਰੰ.ਸਾ.ਪੰਨਾ 338)

ਭਗਤੀ ਦਾ ਅਸਲ ਰੂਪ ਇਸ ਵਿਸ਼ਵਾਸ ਵਿੱਚ ਹੀ ਹੈ ਕਿ ਸਾਰਾ ਬ੍ਰਹਿਮੰਡੀ ਨਿਜ਼ਾਮ ਉਸ ਅਕਾਲ ਪੁਰਖ ਦੇ ਹੁਕਮ ਵਿੱਚ ਹੈ। ਪ੍ਰਭੂ ਪਿਆਰ ਵਾਲਾ ਹਮੇਸ਼ਾ ਪ੍ਰਭੂ ਦੇ ਹੁਕਮਾਂ ਅੱਗੇ ਸਿਰ ਝੁਕਾਉਂਦਾ ਹੈ, ਆਪਣੀ ਨਹੀਂ ਚਲਾਉਂਦਾ।

ਭੈ ਵਿਚਿ ਪਵਣੁ ਵਹੈ ਸਦਵਾਉ।। ਭੈ ਵਿਚਿ ਚਲਹਿ ਲਖ ਦਰੀਆਉ।।
ਭੈ ਵਿਚਿ ਅਗਨਿ ਕਢੈ ਵੇਗਾਰਿ।। ਭੈ ਵਿਚਿ ਧਰਤੀ ਦਬੀ ਭਾਰਿ।।
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ।। ਭੈ ਵਿਚਿ ਰਾਜਾ ਧਰਮ ਦੁਆਰੁ।।
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ।। ਕੋਹ ਕਰੋੜੀ ਚਲਤ ਨ ਅੰਤੁ।।
ਭੈ ਵਿਚਿ ਸਿਧ ਬੁਧ ਸੁਰ ਨਾਥ।। ਭੈ ਵਿਚਿ ਆਡਾਣੇ ਆਕਾਸ।।
ਭੈ ਵਿਚਿ ਜੋਧ ਮਹਾਬਲ ਸੂਰ।। ਭੈ ਵਿਚਿ ਆਵਹਿ ਜਾਵਹਿ ਪੂਰ।।
ਸਗਲਿਆ ਭਉ ਲਿਖਿਆ ਸਿਰਿ ਲੇਖੁ।।
ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ।। ੧।।

(ਗੁ.ਗ੍ਰੰ.ਸਾ.ਪੰਨਾ 464)

ਮਾਰੈ ਰਾਖੈ ਏਕੋ ਆਪਿ।। ਮਾਨੁਖ ਕੈ ਕਿਛੁ ਨਾਹੀ ਹਾਥਿ।।
ਤਿਸ ਕਾ ਹੁਕਮੁ ਬੂਝਿ ਸੁਖੁ ਹੋਇ।। ਤਿਸ ਕਾ ਨਾਮੁ ਰਖੁ ਕੰਠਿ ਪਰੋਇ।।

(ਗੁ.ਗ੍ਰੰ.ਸਾ.ਪੰਨਾ 281)

'ਕਰਮ' ਸ਼ਬਦ ਤੋਂ 'ਕਰਾਮਾਤ' ਸ਼ਬਦ ਨੇ ਜਨਮ ਲਿਆ ਹੈ। ਕਰਮ ਦੀ ਅਖੀਰਲੀ ਹੱਦ (ਕਰਮ ਅਤਿ), ਜਿਹੜਾ ਕੰਮ ਉਸ ਤੋਂ ਵੱਧ ਨਾ ਕੀਤਾ ਜਾ ਸਕੇ, ਉਹ ਕਰਾਮਾਤ ਹੈ। ਹੁਣ ਕਰਮ ਦੀ ਹੱਦ ਹਰ ਮਨੁੱਖ ਦੀ ਆਪਣੀ ਪਹੁੰਚ ਸ਼ਕਤੀ 'ਤੇ ਨਿਰਭਰ ਹੈ। ਮਨੁੱਖ ਜਿਸ ਹੱਦ ਤਕ ਆਪ ਕੋਈ ਕੰਮ ਕਰ ਸਕਦਾ ਹੈ, ਉੱਥੋਂ ਤਕ ਕਰਾਮਾਤ ਨਹੀਂ ਸਮਝਦਾ। ਪਰ ਜਦੋਂ ਇਸ ਦੀ ਸਮਝ ਅਤੇ ਪਹੁੰਚ ਸ਼ਕਤੀ ਤੋਂ ਵੱਧ ਕੋਈ ਅਨਹੋਣੀ ਕਰ ਦਿਖਾਏ ਤਾਂ ਉਸਨੂੰ ਇਹ 'ਕਰਾਮਾਤ' ਕਹਿੰਦਾ ਹੈ ਅਤੇ ਕਰਨ ਵਾਲੇ ਨੂੰ 'ਕਰਾਮਾਤੀ' ਕਹਿੰਦਾ ਹੈ। ਇਸ ਤਰ੍ਹਾਂ ਹਰ ਮਨੁੱਖ ਦੀ ਆਪਣੀ ਪਹੁੰਚ ਦੀ ਹੱਦ ਤੋਂ ਬਾਹਰ ਕੀਤਾ ਗਿਆ ਕੰਮ ਉਸ ਲਈ ਕਰਾਮਾਤ ਬਣ ਜਾਂਦਾ ਹੈ। ਹਵਾਈ ਜਹਾਜ਼ਾਂ ਦਾ ਅਸਮਾਨ 'ਤੇ ਉੱਡਣਾ, ਹਜ਼ਾਰਾਂ ਮੀਲ 'ਤੇ ਬੈਠੇ ਹੋ ਰਹੇ ਕੰਮ ਨੂੰ ਟੀ.ਵੀ. ਰਾਹੀਂ ਵੇਖ ਸਕਣਾ, ਫੈਕਸ, ਕੰਪਿਊਟਰ ਤੇ ਇੰਟਰਨੈੱਟ ਰਾਹੀਂ ਅੱਜ ਦੇ ਸਾਇੰਸਦਾਨਾਂ ਵੱਲੋਂ ਕੀਤੇ ਜਾ ਰਹੇ ਅਨੇਕਾਂ ਕੰਮ ਕਦੇ ਸੁਣਨ ਵਾਲੇ ਲਈ ਕਰਾਮਾਤ ਹੀ ਸਨ। ਪਰ ਅੱਜ ਇਸ ਕਰਮ ਦੀ 'ਕਰਮ ਅਤਿ' 'ਤੇ ਕੋਈ ਭਰੋਸਾ ਨਹੀਂ ਕਰਦਾ ਕਿਉਂਕਿ ਆਏ-ਦਿਨ ਪਹਿਲੇ ਨਾਲੋਂ ਅੱਗੇ ਕੁਝ ਵੱਧ ਹੋ ਜਾਣ ਦੀ ਸੰਭਾਵਨਾ ਹੈ ਅਤੇ ਜਦੋਂ ਉਸ ਤੋਂ ਵੱਧ ਕੁਝ ਹੋਰ ਹੋ ਸਕਦਾ ਹੋਵੇ, ਤਾਂ ਉਸ ਕੰਮ ਨੂੰ ਕਰਾਮਾਤ ਨਹੀਂ ਕਹਿੰਦੇ।

ਕੀ ਕਿਸੇ ਮਨੁੱਖ ਨੂੰ ਕਰਾਮਾਤੀ ਆਖਿਆ ਜਾ ਸਕਦਾ ਹੈ?

ਸਤਿਗੁਰੂ ਜੀ ਬਚਨ ਕਰਦੇ ਹਨ ਕਿ ਕਿਸੇ ਵੀ ਕਰਮ ਕਰ ਸਕਣ ਦੀ ਅਖ਼ੀਰਲੀ ਹੱਦ ਕੇਵਲ ਪ੍ਰਭੂ ਕੋਲ ਹੈ, ਕਿਸੇ ਹੋਰ ਕੋਲ ਨਹੀਂ ਹੈ। ਇਸ ਲਈ ਮਨੁੱਖ ਦੇ ਕੀਤੇ ਹੋਏ ਕਿਸੇ ਕੰਮ ਨੂੰ ਵੀ ਕਰਮ ਦੀ ਅਤਿ (ਕਰਾਮਾਤ) ਨਹੀਂ ਆਖਿਆ ਜਾ ਸਕਦਾ ਅਤੇ ਨਾ ਹੀ ਕਿਸੇ

ਮਨੁੱਖ ਨੂੰ ਕਰਾਮਾਤੀ ਆਖਿਆ ਜਾ ਸਕਦਾ ਹੈ।

ਮਨਸਾ ਪੂਰਨ ਸਰਨਾ ਜੋਗ॥ ਜੋ ਕਰਿ ਪਾਇਆ ਸੋਈ ਹੋਗੁ॥
ਹਰਨ ਭਰਨ ਜਾ ਕਾ ਨੇਤ੍ਰ ਫੋਰੁ॥ ਤਿਸ ਕਾ ਮੰਤ੍ਰੁ ਨ ਜਾਨੈ ਹੋਰੁ॥
ਅਨਦ ਰੂਪ ਮੰਗਲ ਸਦ ਜਾ ਕੈ॥ ਸਰਬ ਥੋਕ ਸੁਨੀਅਹਿ ਘਰਿ ਤਾ ਕੈ॥
ਰਾਜ ਮਹਿ ਰਾਜੁ ਜੋਗ ਮਹਿ ਜੋਗੀ॥ ਤਪ ਮਹਿ ਤਪੀਸਰੁ ਗ੍ਰਿਹਸਤ ਮਹਿ ਭੋਗੀ॥
ਧਿਆਇ ਧਿਆਇ ਭਗਤਹ ਸੁਖੁ ਪਾਇਆ॥
ਨਾਨਕ ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ॥ ੨॥

(ਗੁ.ਗ੍ਰੰ.ਸਾ.ਪੰਨਾ 284)

ਕਰਾਮਾਤ ਕੌਣ ਕਰ ਸਕਦਾ ਹੈ?

ਸਲੋਕੁ॥
ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ॥
ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ॥ ੧॥
ਅਸਟਪਦੀ॥
ਕਰਨ ਕਰਾਵਨ ਕਰਨੈ ਜੋਗੁ॥ ਜੋ ਤਿਸੁ ਭਾਵੈ ਸੋਈ ਹੋਗੁ॥
ਖਿਨ ਮਹਿ ਥਾਪਿ ਉਥਾਪਨਹਾਰਾ॥ ਅੰਤੁ ਨਹੀ ਕਿਛੁ ਪਾਰਾਵਾਰਾ॥
ਹੁਕਮੇ ਧਾਰਿ ਅਧਰ ਰਹਾਵੈ॥ ਹੁਕਮੇ ਉਪਜੈ ਹੁਕਮਿ ਸਮਾਵੈ॥
ਹੁਕਮੇ ਊਚ ਨੀਚ ਬਿਉਹਾਰ॥ ਹੁਕਮੇ ਅਨਿਕ ਰੰਗ ਪਰਕਾਰ॥
ਕਰਿ ਕਰਿ ਦੇਖੈ ਅਪਨੀ ਵਡਿਆਈ॥
ਨਾਨਕ ਸਭ ਮਹਿ ਰਹਿਆ ਸਮਾਈ॥ ੧॥
ਪ੍ਰਭ ਭਾਵੈ ਮਾਨੁਖ ਗਤਿ ਪਾਵੈ॥ ਪ੍ਰਭ ਭਾਵੈ ਤਾ ਪਾਥਰ ਤਰਾਵੈ॥
ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ॥ ਪ੍ਰਭ ਭਾਵੈ ਤਾ ਹਰਿ ਗੁਣ ਭਾਖੈ॥
ਪ੍ਰਭ ਭਾਵੈ ਤਾ ਪਤਿਤ ਉਧਾਰੈ॥ ਆਪਿ ਕਰੈ ਆਪਨ ਬੀਚਾਰੈ॥
ਦੁਹਾ ਸਿਰਿਆ ਕਾ ਆਪਿ ਸੁਆਮੀ॥ ਖੇਲੈ ਬਿਗਸੈ ਅੰਤਰਜਾਮੀ॥
ਜੋ ਭਾਵੈ ਸੋ ਕਾਰ ਕਰਾਵੈ॥
ਨਾਨਕ ਦ੍ਰਿਸਟੀ ਅਵਰੁ ਨ ਆਵੈ॥ ੨॥

(ਗੁ.ਗ੍ਰੰ.ਸਾ.ਪੰਨਾ 276-277)

ਸਰਬ ਕਲਾ ਸਮਰੱਥ ਕੇਵਲ ਇੱਕ ਅਕਾਲ ਪੁਰਖ ਹੀ ਹੈ। ਇਸ ਲਈ ਕਿਸੇ ਹੋਰ ਦਾ ਕੀਤਾ ਹੋਇਆ ਕੋਈ ਕੰਮ ਇੱਕ ਪਹੁੰਚ, ਇੱਕ ਅਭਿਆਸ, ਇੱਕ ਸਿੱਧੀ ਹੈ, ਕਰਾਮਾਤ ਨਹੀਂ ਹੈ। ਕਰਾਮਾਤ ਕੇਵਲ ਪ੍ਰਮਾਤਮਾ ਹੀ ਕਰ ਸਕਦਾ ਹੈ। ਦੂਜੇ ਪਾਸੇ ਰਿੱਧੀਆਂ-ਸਿੱਧੀਆਂ ਨੂੰ "ਰਿਧਿ ਸਿਧਿ ਅਵਰਾ ਸਾਦ" ਕਹਿ ਕੇ ਗੁਰੂ ਜੀ ਨੇ ਪ੍ਰਵਾਨ ਨਹੀਂ ਕੀਤਾ। ਸਤਿਗੁਰੂ ਜੀ ਨੇ ਵੇਖਿਆ ਕਿ ਕਿਸੇ ਸਿੱਧੀ ਰਾਹੀਂ ਜਾਦੂਗਰ ਦੀ ਖੇਡ ਵਾਂਗੂੰ ਕੁਝ ਕਰਕੇ ਦਿਖਾ ਸਕਣ ਵਾਲੇ ਲੋਕ ਉਸ ਕੰਮ ਨੂੰ ਕਰਾਮਾਤ ਅਤੇ ਆਪਣੇ ਆਪ ਨੂੰ ਕਰਾਮਾਤੀ ਸੰਤ-ਸਾਧ ਅਖਵਾਉਣ ਲੱਗ

ਪਏ ਹਨ। ਇਉਂ ਹਉਮੈ ਦੇ ਦੀਰਘ ਰੋਗ ਵੱਸ ਹੋ ਕੇ ਆਪਣੇ ਆਪ ਵਿੱਚ ਰੱਬ ਬਣ ਬੈਠੇ ਹਨ। ਗੁਰੂ ਨਾਨਕ ਦੀ ਗੁਰਮਤਿ ਵਿੱਚ ਤਾਂ ਆਪਣੇ ਆਪ ਨੂੰ ਕੁਝ ਕਰ ਸਕਣ ਵਾਲਾ ਸਮਝਣਾ ਹੀ ਪ੍ਰਵਾਨ ਨਹੀਂ ਹੈ।

ਜਬ ਲਗੁ ਜਾਨੈ ਮੁਝ ਤੇ ਕਛੁ ਹੋਇ॥
ਤਬ ਇਸ ਕਉ ਸੁਖੁ ਨਾਹੀ ਕੋਇ॥
ਜਬ ਇਹ ਜਾਨੈ ਮੈ ਕਿਛੁ ਕਰਤਾ॥
ਤਬ ਲਗੁ ਗਰਭ ਜੋਨਿ ਮਹਿ ਫਿਰਤਾ॥

(ਗੁ.ਗ੍ਰੰ.ਸਾ.ਪੰਨਾ 278)

ਸੋ, ਆਪਣੇ ਕਿਸੇ ਕੰਮ ਨੂੰ ਕਰਾਮਾਤ ਜਾਂ ਆਪਣੇ ਆਪ ਨੂੰ ਕਰਾਮਾਤੀ ਆਖਣ-ਅਖਵਾਉਣ ਵਾਲਾ ਹਉਮੈ ਦੀ ਫਾਹੀ ਵਿੱਚ ਫੱਸਿਆ ਹੋਇਆ ਇੱਕ ਮਨਮਤੀ ਹੀ ਸਮਝਣਾ ਚਾਹੀਦਾ ਹੈ।

ਗੁਰੂ ਨਾਨਕ ਜੀ ਦੇ ਜੋਗੀਆਂ ਨਾਲ ਮਿਲਾਪ ਸਮੇਂ ਵੀ ਜਦੋਂ ਜੋਗੀਆਂ ਨੇ ਰਿੱਧੀਆਂ-ਸਿੱਧੀਆਂ ਦੇ ਕਰਿਸ਼ਮੇ ਵਿਖਾਏ :

ਇਹਿ ਸੁਣਿ ਬਚਨ ਜੋਗੀਸਰਾ, ਮਾਰਿ ਕਿਲਕ ਬਹੁ ਰੂਇ ਉਠਾਈ।
ਖਟਿ ਦਰਸਨ ਕਉ ਖੇਦਿਆ ਕਲਿਜੁਗ ਨਾਨਕ ਬੇਦੀ ਆਈ।
ਸਿਧਿ ਬੋਲਨਿ ਸਭਿ ਅਵਖਧੀਆਂ ਤੰਤ੍ਰ ਮੰਤ੍ਰ ਕੀ ਧੁਨੋ ਚੜ੍ਹਾਈ।
ਰੂਪ ਵਟਾਏ ਜੋਗੀਆਂ ਸਿੰਘ ਬਾਘਿ ਬਹੁ ਚਲਿਤ ਦਿਖਾਈ।
ਇਕਿ ਪਰਿ ਕਰਿਕੈ ਉਡਰਨਿ ਪੰਖੀ ਜਿਵੈ ਰਹੇ ਲੀਲਾਈ।
ਇਕਨਾ ਨਾਗ ਹੋਇ ਪਉਣ ਛੋੜਿਆ ਇਕਨਾ ਵਰਖਾ ਅਗਨਿ ਵਸਾਈ।
ਤਾਰੇ ਤੋੜੇ ਭੰਗਰਿਨਾਥ, ਇਕ ਚੜਿ ਮਿਰਗਾਨੀ ਜਲੁ ਤਰਿ ਜਾਈ।
ਸਿਧਾਂ ਅਗਨਿ ਨ ਬੁਝੈ ਬੁਝਾਈ॥ ੪੧॥
ਸਿਧਿ ਬੋਲਨਿ ਸੁਣਿ ਨਾਨਕਾ ਤੁਹਿ ਜਗ ਨੋ ਕਿਆ ਕਰਾਮਾਤਿ ਦਿਖਾਈ।
ਕੁਝ ਵਿਖਾਲੇਂ ਅਸਾ ਨੋ, ਤੁਹਿ ਕਿਉ ਢਿਲ ਅਵੇਹੀ ਲਾਈ।
ਬਾਬਾ ਬੋਲੇ ਨਾਥ ਜੀ ! ਅਸਾਂ ਤੇ ਵੇਖਣਿ ਜੋਗੀ ਵਸਤੁ ਨ ਕਾਈ।......॥ ੪੨॥
ਬਾਬਾ ਬੋਲੇ ਨਾਥ ਜੀ ! ਸਬਦੁ ਸੁਨਹੁ ਸਚੁ ਮੁਖਹੁ ਅਲਾਈ।
ਬਾਝੋਂ ਸਚੇ ਨਾਮ ਦੇ ਹੋਰੁ ਕਰਾਮਾਤਿ ਅਸਾਂ ਤੇ ਨਾਹੀ॥ ......॥ ੪੩॥

(ਵਾਰ 1, ਭਾਈ ਗੁਰਦਾਸ ਜੀ)

ਕੀ ਅੱਜ ਦੇ ਅਖੌਤੀ ਸੰਤ ਕਰਾਮਾਤੀ ਹਨ?

ਸਤਿਗੁਰੂ ਜੀ ਨੇ ਸਿੱਧਾਂ ਨੂੰ ਹਉਮੈ ਦੀ ਅਗਨ ਵਿੱਚ ਸੜ ਰਹੇ ਹੀ ਆਖਿਆ ਅਤੇ ਇਉਂ ਕਿਸੇ ਕਰਾਮਾਤ ਵੇਖਣ-ਵਿਖਾਉਣ ਦੇ ਵਿਸ਼ਵਾਸ ਤੋਂ ਇਨਕਾਰੀ ਹੋਏ ਅਤੇ ਜੀਵਨ ਵਿੱਚ ਆਪਣੀ ਕਿਸੇ ਕਰਾਮਾਤ ਦਾ ਦਾਅਵਾ ਕਿਧਰੇ ਨਹੀਂ ਕੀਤਾ। ਬਲਕਿ ਹਮੇਸ਼ਾ ਹੀ ਕਰਾਮਾਤੀ ਅਖਵਾਉਣ ਵਾਲਿਆਂ ਦੀਆਂ ਅਖੌਤੀ ਕਰਾਮਾਤਾਂ ਦੇ ਪਾਖੰਡ ਦਾ ਪਰਦਾ-ਫਾਸ਼ ਕੀਤਾ। ਪਰ ਸਾਡੇ ਕੁਝ ਲਿਖਾਰੀਆਂ ਨੇ ਵਕਤ ਦੇ ਮਿਥਹਾਸਿਕ ਪ੍ਰਭਾਵ ਹੇਠ ਗੁਰੂ ਜੀ ਦੇ ਜੀਵਨ

ਇਤਿਹਾਸ ਵਿੱਚ ਵੀ ਬਹੁਤ ਸਾਰੀਆਂ ਗੱਲਾਂ ਐਸੀਆਂ ਜੋੜ ਦਿੱਤੀਆਂ ਹਨ ਜਿਹੜੀਆਂ ਗੁਰੂ ਜੀ ਦੇ ਆਦਰਸ਼ਕ ਜੀਵਨ ਸਿਧਾਂਤ ਤੇ ਗੁਰਬਾਣੀ ਗੁਰਮਤਿ ਅਨੁਸਾਰ ਵੀ ਠੀਕ (Fit) ਨਹੀਂ ਬਹਿੰਦੀਆਂ।

ਮੈਂ ਹੈਰਾਨ ਹੋਇਆ ਜਦੋਂ ਬੀਤੇ ਦਿਨੀਂ ਦੋ ਮੁੱਖ ਤਖ਼ਤਾਂ ਦੇ ਜੱਥੇਦਾਰ ਸਾਹਿਬਾਨ ਨੇ ਇੱਕ ਅੱਜ-ਕੱਲ ਦੇ ਸੰਤ 'ਤੇ ਵੱਡਾ ਕਰਾਮਾਤੀ ਹੋਣ ਦੀ ਮੋਹਰ ਲਾਈ। ਉਹ ਸੰਤ 1987 ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਸੇਵਾ-ਕਾਲ ਸਮੇਂ ਮੈਨੂੰ ਮਿਲਣ ਵੀ ਆਇਆ ਸੀ। ਉਹ ਕੇਂਦਰ ਸਰਕਾਰ ਦੇ ਇੱਕ ਮੁਖੀ ਦਾ ਭੇਜਿਆ ਹੋਇਆ ਸੰਦੇਸ਼ ਦੇਣ ਆਇਆ ਦੱਸਦਾ ਸੀ। ਪਰ ਜਦੋਂ ਕੌਮ ਨੂੰ ਗੁਮਰਾਹ ਕਰਨ ਦੀ ਸਾਜਿਸ਼ ਉੱਥੇ ਨਾ ਚਲਦੀ ਵੇਖੀ ਤਾਂ ਮੈਨੂੰ ਡਰਾਉਣ ਦਾ ਪ੍ਰਪੰਚ ਰੱਚਿਆ ਅਤੇ ਇਤਲਾਹ ਦਿੱਤੀ ਕਿ ਸੰਤਾਂ ਨੂੰ ਇਲਹਾਮ ਹੋਇਆ ਹੈ ਕਿ ਅੱਜ ਜਿਸ ਪ੍ਰੋਗਰਾਮ 'ਤੇ ਸਿੰਘ ਸਾਹਿਬ ਨੇ ਜਾਣਾ ਹੈ, ਉੱਥੇ ਗੋਲੀ ਚਲਣੀ ਹੈ ਅਤੇ ਸਿੰਘ ਸਾਹਿਬ ਦੀ ਮੌਤ ਹੋ ਜਾਣੀ ਹੈ। ਇਸ ਲਈ ਉਹ ਉਸ ਪ੍ਰੋਗਰਾਮ 'ਤੇ ਨਾ ਜਾਣ। ਜਦੋਂ ਮੈਨੂੰ ਇਹ ਇਤਲਾਹ ਦਿੱਤੀ ਗਈ ਤਾਂ ਉਸ ਵਕਤ ਸ੍ਰ. ਮਨਜੀਤ ਸਿੰਘ ਤਰਨ-ਤਾਰਨੀ ਮੇਰੇ ਨਾਲ ਸਨ। ਮੈਂ ਉਹਨਾਂ ਨੂੰ ਕਿਹਾ ਕਿ ਸੰਤਾਂ ਦੇ ਦੋਹਾਂ ਹੱਥੀਂ ਲੱਡੂ ਹਨ। ਜੇ ਪ੍ਰੋਗਰਾਮ 'ਤੇ ਨਾ ਗਏ ਤਾਂ ਸੰਤ ਆਖਣਗੇ ਸਾਡੀ ਭਵਿੱਖ-ਬਾਣੀ 'ਤੇ ਵਿਸ਼ਵਾਸ ਕਰਕੇ ਹੀ ਬਚ ਗਏ ਹਨ, ਨਹੀਂ ਤਾਂ ਮੌਤ ਹੋ ਜਾਣੀ ਸੀ ਅਤੇ ਜੇ ਪ੍ਰੋਗਰਾਮ 'ਤੇ ਜਾਂਦੇ ਹਾਂ, ਤਾਂ ਸਰਕਾਰੀ ਸੰਤ ਹਨ, ਇਹਨਾਂ ਦੇ ਇਸ਼ਾਰੇ 'ਤੇ ਹੀ ਗੋਲੀ ਚਲ ਸਕਦੀ ਹੈ। ਜੇ ਕੁਝ ਹੋ ਗਿਆ ਤਾਂ ਆਖਣਗੇ ਕਿ ਸੰਤਾਂ ਦਾ ਬਚਨ ਨਹੀਂ ਮੰਨਿਆ, ਇਸ ਲਈ ਇਹ ਹੋਇਆ, ਸੰਤਾਂ ਨੇ ਤਾਂ ਭਵਿੱਖ-ਬਾਣੀ ਕੀਤੀ ਸੀ। ਸੋਚੀਂ ਪੈ ਗਿਆ ਕਿ ਕਿਸ ਤਰ੍ਹਾਂ ਇਹਨਾਂ ਦੇ ਪਾਖੰਡ ਨੂੰ ਚੈਲੇਂਜ ਕੀਤਾ ਜਾਵੇ ? ਸੋ, ਅਸਾਂ ਦੋ ਘੰਟੇ ਵਿੱਚ ਹੀ ਪਰਮ ਮਿੱਤਰ ਸ੍ਰ. ਅਜੈਬ ਸਿੰਘ ਹੁਰਾਂ ਰਾਹੀਂ ਸੰਦੇਸ਼ ਭੇਜ ਕੇ ਇਲਾਕੇ ਵਿੱਚੋਂ ਲਾਇਸੰਸੀ ਅਸਲੇ ਵਾਲੇ ਗੁਰਸਿੱਖ ਵੀਰ ਇਕੱਠੇ ਕਰ ਕੇ ਗੱਡੀ ਭਰ ਲਈ, ਤੇ ਇੱਕ ਗੱਡੀ ਸਿਕਉਰਿਟੀ ਦੀ ਪਹਿਲਾਂ ਹੀ ਨਾਲ ਸੀ। ਸਭ ਨੂੰ ਸਮਝਾ ਦਿੱਤਾ ਕਿ ਸਮਾਗਮ ਸਮੇਂ ਬਾਹਰ ਖਲੋਅ ਕੇ ਹਰ ਪਾਸੇ ਕਿਵੇਂ ਨਿਗਾਹ ਰੱਖਣੀ ਹੈ ?, ਇਉਂ ਅਸੀਂ ਪੂਰੀ ਤਿਆਰੀ ਨਾਲ ਧਾਰਮਿਕ ਸਮਾਗਮ 'ਤੇ ਪੁੱਜੇ ਅਤੇ ਬਿਨਾ ਕਿਸੇ ਹਾਦਸੇ ਦੇ ਵਾਪਸ ਪਰਤ ਆਏ। ਉਹ ਭਵਿੱਖ-ਬਾਣੀ ਕਰਨ ਵਾਲੇ ਕਰਾਮਾਤੀ ਸੰਤ ਅੱਜ ਤਕ ਮੁੜ ਮੱਥੇ ਨਹੀਂ ਲੱਗੇ। ਪਰ ਅੱਜ ਤਖ਼ਤਾਂ ਵੱਲੋਂ ਉਹਨਾਂ ਹੀ ਸੰਤਾਂ ਨੂੰ ਵੱਡੇ ਕਰਾਮਾਤੀ ਹੋਣ ਦੀ ਮਾਨਤਾ ਦਿੱਤੀ ਜਾ ਰਹੀ ਹੈ।

ਕਰਾਮਾਤ ਦੀ ਸ਼ਕਤੀ ਕਿਸ ਕੋਲ ਹੈ?

ਇਹੋ ਕਾਰਣ ਹੈ ਕਿ ਅੱਜ ਹਜ਼ਾਰਾਂ ਡੇਰਿਆਂ ਵਾਲੇ ਭੇਖਧਾਰੀ ਸੰਤ-ਸਾਧ ਸੜਕਾਂ ਦੇ ਕੰਢੇ 'ਤੇ ਮਜ਼ਮਾ ਲਾਉਣ ਵਾਲੇ ਜਾਦੂਗਰਾਂ ਵਾਂਗੂੰ ਆਪਣੇ ਏਜੰਟਾਂ ਰਾਹੀਂ ਹੱਥ ਦੀ ਸਫਾਈ ਨੂੰ ਕਰਾਮਾਤ ਦੱਸ ਕੇ ਬਾਹਰਲਿਆਂ ਦੇਸ਼ਾਂ ਵਿੱਚ ਕਰਾਮਾਤੀ ਹੋਣ ਦਾ ਅਡੰਬਰ ਰੱਚਦੇ ਹਨ ਅਤੇ ਆਮ ਦੁਖ-ਸੁਖ ਦੇ ਘਿਰੇ ਹੋਏ ਲੋੜਵੰਦ ਸਿੱਧੇ-ਸਾਦੇ ਲੋਕਾਂ ਵਿੱਚ ਰੱਬ ਬਣ ਬੈਠੇ ਹਨ ਅਤੇ ਲੋਕਾਂ ਦਾ ਸਰਮਾਇਆ ਤੇ ਸਮਾਂ ਬੇ-ਅਰਥ ਲੁੱਟਿਆ ਜਾ ਰਿਹਾ ਹੈ।

ਗੁਰਮਤਿ ਅਨੁਸਾਰ ਗੁਰਸਿੱਖ ਕਿਸੇ ਵੀ ਮਨੁੱਖ ਦੇ ਕਿਸੇ ਵੱਡੇ-ਛੋਟੇ ਕੰਮ ਨੂੰ ਕਰਾਮਾਤ ਨਹੀਂ ਮੰਨਦਾ। ਕਰਾਮਾਤ ਦੀ ਸ਼ਕਤੀ ਕੇਵਲ ਪ੍ਰਮਾਤਮਾ ਕੋਲ ਹੀ ਹੈ। ਇਸ ਲਈ ਗੁਰਸਿੱਖ ਕੇਵਲ ਅਕਾਲ ਪੁਰਖ ਅੱਗੇ ਸਿਰ ਝੁਕਾਉਂਦਾ ਹੈ ਅਤੇ ਵਿਸ਼ਵਾਸ ਨਾਲ ਕਹਿੰਦਾ ਹੈ :

ਹਰਿ ਕੀ ਗਤਿ ਨਹਿ ਕੋਊ ਜਾਨੈ॥
ਜੋਗੀ ਜਤੀ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ॥ ੧॥ ਰਹਾਉ॥
ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ॥
ਰੀਤੇ ਭਰੇ ਭਰੇ ਸਖਨਾਵੈ ਯਹ ਤਾਕੋ ਬਿਵਹਾਰੇ॥ ੧॥
ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥
ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥ ੨॥
ਅਗਨਤ ਅਪਾਰੁ ਅਲਖੁ ਨਿਰੰਜਨ ਜਿਹ ਸਭ ਜਗੁ ਭਰਮਾਇਓ॥
ਸਗਲ ਭਰਮ ਤਜਿ ਨਾਨਕ ਪ੍ਰਾਣੀ ਚਰਨਿ ਤਾਹਿ ਚਿਤੁ ਲਾਇਓ॥ ੩॥

(ਗੁ.ਗ੍ਰੰ.ਸਾ.ਪੰਨਾ 537)

ੴ

ਏਤੁ ਰਾਹਿ

ਅੱਜ ਕਹੀ ਜਾਂਦੀ
ਧਰਮ ਅਤੇ ਰਾਜਨੀਤੀ ਦੀ ਸਾਂਝ
ਤੋਂ ਲੋਕ ਦੁਖੀ ਕਿਉਂ ਹਨ ?

ਅੱਜ ਧਰਮ ਅਤੇ ਰਾਜਨੀਤੀ
ਦੀ ਸਾਂਝ ਦਾ ਵਿਰੋਧ ਕਿਉਂ ਹੈ ?

ਅੱਜ ਧਰਮ ਦੇ ਅਸਲ ਰੂਪ
ਨੂੰ ਬਚਾਉਣ ਤੇ ਪ੍ਰਚਾਰਨ ਲਈ
ਕੀ ਕਰਨ ਦੀ ਲੋੜ ਹੈ ?

ਧਰਮ ਅਤੇ ਰਾਜਨੀਤੀ ਦੀ ਸਾਂਝ

ਗੁਰੂ ਵੱਲੋਂ ਦਿੱਤੇ ਇਸ ਜ਼ਰੂਰੀ ਵਿਸ਼ੇ ਨੂੰ ਬਿਨਾਂ ਸਮਝੇ ਅਪਨਾ ਕੇ ਸਿੱਖ ਅੱਜ ਇੱਕ ਭਰਮ ਪਾਲ ਰਿਹਾ ਹੈ, ਦੁਖੀ ਹੋ ਰਿਹਾ ਹੈ, ਸਿਧਾਂਤ ਖੋਹ ਰਿਹਾ ਹੈ, ਧਰਮ ਅਤੇ ਧਾਰਮਿਕ ਪਦਵੀਆਂ ਦਾ ਮਾਨ-ਸਨਮਾਨ ਗੁਆ ਬੈਠਾ ਹੈ। ਸਿੱਖ ਦੇ ਇਸ ਭਰਮ ਦਾ ਲਾਭ ਸੁਆਰਥੀ ਸਿਆਸੀ ਸਿੱਖ ਲੀਡਰ ਚੁੱਕ ਰਿਹਾ ਹੈ, ਜੋ ਅੱਜ ਮੇਰੇ ਵੱਲੋਂ ਇਸ ਵਿਸ਼ੇ ਨੂੰ ਛੋਹਣ 'ਤੇ ਬੜਾ ਦੁਖੀ ਹੈ ਅਤੇ ਮੇਰੇ ਖਿਲਾਫ਼ ਧੂਆਂ-ਧਾਰ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਪ੍ਰੋ. ਦਰਸ਼ਨ ਸਿੰਘ ਨੇ ਧਰਮ ਅਤੇ ਰਾਜਨੀਤੀ ਦੀ ਸਾਂਝ ਤੋੜਨ ਲਈ ਲਿੱਖਿਆ ਹੈ। ਇਸ ਲਈ ਇਸ ਧਰਮ ਅਤੇ ਰਾਜਨੀਤੀ ਦੀ ਸਾਂਝ ਦੇ ਵਿਸ਼ੇ ਨੂੰ ਸਮਝਣਾ ਜ਼ਰੂਰੀ ਹੋ ਗਿਆ ਹੈ। ਇਸ ਸੂਖਮ ਵਿਸ਼ੇ ਨੂੰ ਸਮਝਣ ਲਈ ਧਰਮ ਅਤੇ ਰਾਜਨੀਤੀ ਦੇ ਆਰੰਭ ਨੂੰ ਸਮਝਣਾ ਜ਼ਰੂਰੀ ਹੈ।

ਮਨੁੱਖ ਦਾ ਜੀਵਨ ਸਰੀਰ ਅਤੇ ਜੀਵ-ਆਤਮਾ ਦੀ ਸਾਂਝ ਹੈ। ਜਦੋਂ ਇਹ ਸਾਂਝ ਟੁੱਟ ਜਾਂਦੀ ਹੈ, ਜੀਵ-ਆਤਮਾ ਸਰੀਰ ਵਿਚੋਂ ਉੱਠ ਜਾਂਦੀ ਹੈ, ਉਸ ਵੇਲੇ ਮਨੁੱਖ ਦੀ ਮੌਤ ਮੰਨ ਲਈ ਜਾਂਦੀ ਹੈ। ਜੀਵਨ ਦੋਹਾਂ ਦੀ ਸਾਂਝ ਨਾਲ ਹੀ ਹੈ। ਪਰ ਸਰੀਰ ਦੀਆਂ ਕੁਝ ਆਪਣੀਆਂ ਲੋੜਾਂ ਹਨ ਅਤੇ ਆਤਮਾ ਦੀਆਂ ਕੁਝ ਆਪਣੀਆਂ ਲੋੜਾਂ ਹਨ। ਬਸ ! ਜੀਵਨ ਦੇ ਇਹਨਾਂ ਦੋ ਪਹਿਲੂਆਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਸਮੇਂ-ਸਮੇਂ ਨਾਲ ਇਨ੍ਹਾਂ ਦੋ ਸ਼ਕਤੀਆਂ 'ਰਾਜਨੀਤੀ' ਅਤੇ 'ਧਰਮ' ਦਾ ਜਨਮ ਹੋਇਆ।

ਧਰਮ ਅਤੇ ਰਾਜਨੀਤੀ ਦਾ ਕੀ ਕੰਮ ਹੈ?

ਸਰੀਰ ਦੀਆਂ ਲੋੜਾਂ ਦੀ ਪੂਰਤੀ ਦਾ ਇੰਤਜ਼ਾਮ ਕਰਨਾ ਰਈਅੱਤ ਲਈ ਰੋਟੀ, ਕਪੜਾ ਤੇ ਮਕਾਨ ਸਮੇਤ ਹੋਰ ਸਰੀਰਕ ਸੁੱਖਾਂ ਦੇ ਸਾਧਨ ਮੁਹੱਈਆ ਕਰਨੇ 'ਰਾਜਨੀਤੀ' ਦਾ ਕੰਮ ਹੈ। ਅਤੇ ਆਤਮਿਕ ਜੀਵਨ ਦੀਆਂ ਲੋੜਾਂ ਦੀ ਪੂਰਤੀ ਦਾ ਇੰਤਜ਼ਾਮ ਕਰਨਾ ਤੇ ਸਤ, ਸੰਤੋਖ, ਦਇਆ, ਨਾਮ, ਸਾਧ-ਸੰਗਤ, ਸ਼ੁਭ ਗੁਣ, ਉੱਚਾ ਆਚਰਨ ਮੁਹੱਈਆ ਕਰਨਾ 'ਧਰਮ' ਦਾ ਫ਼ਰਜ਼ ਹੈ।

ਜਿਹੜੀ ਰਾਜਨੀਤੀ ਰਈਅੱਤ ਲਈ ਰੋਟੀ ਕਪੜਾ ਮਕਾਨ ਅਤੇ ਹੋਰ ਲੋੜਾਂ ਪੂਰੀਆਂ ਨਾ ਕਰ ਸਕੇ, ਉਹ ਸਫਲ ਰਾਜਨੀਤੀ ਨਹੀਂ ਅਤੇ ਜਿਹੜਾ ਧਰਮ ਮਨੁੱਖ ਨੂੰ ਸਤ, ਸੰਤੋਖ, ਦਇਆ, ਨਾਮ ਸਿਮਰਨ, ਉੱਚਾ ਆਚਰਨ ਆਦਿ ਸ਼ੁਭ ਗੁਣ ਨਾ ਦੇ ਸਕੇ, ਉਹ ਸ੍ਰੇਸ਼ਟ ਧਰਮ ਨਹੀਂ ਹੈ।

ਸਰਬ ਧਰਮ ਮਹਿ ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥

(ਗੁ.ਗ੍ਰੰ.ਸਾ.ਪੰਨਾ 266)

ਕੀ ਧਰਮ ਅਤੇ ਰਾਜਨੀਤੀ ਦਾ ਇਕੱਠਾ ਰਹਿਣਾ ਜ਼ਰੂਰੀ ਹੈ?

ਜਿਵੇਂ ਜੀਵਨ ਲਈ ਸਰੀਰ ਅਤੇ ਜੀਵ-ਆਤਮਾ ਦਾ ਇਕੱਠਾ ਰਹਿਣਾ ਜ਼ਰੂਰੀ ਹੈ, ਤਿਵੇਂ ਹੀ ਧਰਮ ਅਤੇ ਰਾਜਨੀਤੀ ਦਾ ਇਕੱਠਾ ਰਹਿਣਾ ਜ਼ਰੂਰੀ ਹੈ। ਕਿਉਂਕਿ ਦੋਹਾਂ ਨੇ ਮਿਲ ਕੇ ਹੀ ਜੀਵਨ ਦੀਆਂ ਲੋੜਾਂ ਪੂਰੀਆਂ ਕਰਨੀਆਂ ਹਨ। ਮਾਨੋ ਰਾਜਨੀਤੀ ਸਰੀਰ ਹੈ ਅਤੇ ਜੀਵ-ਆਤਮਾ ਧਰਮ ਹੈ। ਜੀਵਾਤਮਾ ਤੋਂ ਬਿਨਾ ਸਰੀਰ ਮੁਰਦਾ ਲਾਸ਼ ਹੈ, ਕੁਝ ਸਮੇਂ ਬਾਅਦ ਉਸ ਵਿੱਚੋਂ ਬਦਬੂ ਪੈਦਾ ਹੋ ਜਾਂਦੀ ਹੈ ਤੇ ਲੋਕ ਨਫ਼ਰਤ ਕਰਦੇ ਹਨ। ਇਸੇ ਤਰ੍ਹਾਂ ਧਰਮ ਤੋਂ ਸੱਖਣੀ ਰਾਜਨੀਤੀ ਮੁਰਦਾ ਲਾਸ਼ ਹੈ। ਉਸ ਵਿੱਚ ਜ਼ੁਲਮ, ਬੇਇਨਸਾਫ਼ੀ, ਰਿਸ਼ਵਤਖ਼ੋਰੀ ਆਦਿ ਦੀ ਬਦਬੂ ਫੈਲ ਜਾਂਦੀ ਹੈ, ਲੋਕ ਦੁਖੀ ਹੁੰਦੇ ਹਨ ਅਤੇ ਮੂੰਹ ਮੋੜ ਜਾਂਦੇ ਹਨ। ਇਸ ਲਈ ਧਰਮ ਅਤੇ ਰਾਜਨੀਤੀ ਦਾ ਇਕੱਠਾ ਰਹਿਣਾ ਜ਼ਰੂਰੀ ਹੈ।

ਹੁਣ ਸੁਆਲ ਪੈਦਾ ਹੁੰਦਾ ਹੈ ਕਿ -

ਅੱਜ ਕਹੀ ਜਾਂਦੀ ਧਰਮ ਅਤੇ ਰਾਜਨੀਤੀ ਦੀ ਸਾਂਝ ਤੋਂ ਲੋਕ ਦੁਖੀ ਕਿਉਂ ਹਨ ?

ਅੱਜ ਧਰਮ ਅਤੇ ਰਾਜਨੀਤੀ ਦੀ ਸਾਂਝ ਦਾ ਵਿਰੋਧ ਕਿਉਂ ਹੈ ?

ਧਰਮ ਅਤੇ ਰਾਜਨੀਤੀ -

* ਅੱਜ ਅਸੀਂ ਦੋਹਾਂ ਦੇ ਅਸਲ ਰੂਪ ਦੀ ਪਛਾਣ ਗੁਆ ਬੈਠੇ ਹਾਂ।
* ਅੱਜ ਅਸੀਂ ਦੋਹਾਂ ਦੇ ਸਬੰਧਾਂ ਵਿੱਚ ਯੋਗ ਨਿਯਮ ਅਤੇ ਯੋਗ ਸਥਾਨ ਨਹੀਂ ਨਿਸ਼ਚਿਤ ਕਰ ਸਕੇ।

ਧਰਮ ਦਾ ਅਸਲ ਰੂਪ ਹੈ ਸਤ, ਸੰਤੋਖ, ਦਇਆ, ਗਿਆਨ, ਨਿਮਰਤਾ, ਸੇਵਾ ਆਦਿ ਗੁਣਾਂ ਦਾ ਸੰਗ੍ਰਿਹ :

ਜਿਤੁ ਕਾਰਜਿ ਸਤੁ ਸੰਤੋਖੁ ਦਇਆ ਧਰਮੁ ਹੈ ਗੁਰਮੁਖਿ ਬੂਝੈ ਕੋਈ॥

(ਗੁ.ਗ੍ਰੰ.ਸਾ.ਪੰਨਾ 351)

ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ॥

ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ॥

(ਗੁ.ਗ੍ਰੰ.ਸਾ.ਪੰਨਾ 1372)

ਪਰ ਅੱਜ ਕੇਵਲ ਉਪਰਲੇ ਮਜ਼ਹਬੀ ਚਿੰਨ੍ਹ, ਧਰਮ ਦੇ ਨਾਂ 'ਤੇ ਮਨੁੱਖੀ ਨਫ਼ਰਤ, ਆਪਸੀ ਟਕਰਾਉ, ਭਰਮਾਂ ਅਤੇ ਕਰਮ-ਕਾਂਡ ਨੂੰ ਹੀ ਧਰਮ ਦੀ ਪਛਾਣ ਬਣਾ ਲਿਆ ਗਿਆ ਹੈ। ਅੱਜ ਦਾ ਧਰਮ ਵਿਕਾਊ ਹੈ। ਅਖੰਡ ਪਾਠ, ਕੀਰਤਨ, ਸਿਰੋਪਾਉ, ਪ੍ਰਸਾਦਿ, ਸਭ ਕੁਝ ਵਿੱਕਦਾ ਹੈ। ਇੱਥੋਂ ਤਕ ਕਿ ਕਈ ਥਾਵੇਂ ਤਾਂ ਗੁਰਦੁਆਰੇ ਵੀ ਵਿੱਕਦੇ ਹਨ। ਐਨਾ ਪੈਸਾ ਦੇ ਕੇ ਮੈਂਬਰ ਬਣ ਸਕਦਾ ਹੈ ਜਾਂ ਫਿਰ ਸ਼ਰਾਬ ਦੀਆਂ ਪੇਟੀਆਂ ਵੰਡ ਕੇ ਗੁਰਮਤਿ ਵਿਹੂਣੇ ਲੋਕਾਂ ਦੀਆਂ ਵੋਟਾਂ ਦੇ ਸਹਾਰੇ ਸਿਆਸੀ ਸ਼ਕਤੀ ਨਾਲ ਪ੍ਰਬੰਧਕ ਬਣ ਕੇ ਧਰਮ ਸਥਾਨਾਂ 'ਤੇ ਗੁਰਮਤਿ ਵਿਰੁੱਧ ਮਨ-ਮਾਨੀਆਂ ਕਰ ਸਕਦਾ ਹੈ। ਧਰਮ ਅਸਥਾਨਾਂ ਅਤੇ ਧਾਰਮਿਕ ਪਦਵੀਆਂ ਨੂੰ ਆਪਣੀ ਮਨਮਤੀ ਸਿਆਸਤ ਦੀ ਗ਼ੁਲਾਮੀ ਵਿੱਚ ਚਲਾ ਸਕਦਾ ਹੈ। ਧਾਰਮਿਕ ਭੇਖ ਦੇ ਨਕਾਬ ਵਿੱਚ ਧਾਰਮਿਕ ਸੋਚ ਅਤੇ ਸਰਮਾਏ ਨੂੰ ਆਪਣੀ ਜਾਤ ਅਤੇ ਸਿਆਸੀ ਜਮਾਤ ਦੀ ਜਾਇਦਾਦ ਸਮਝਦਾ ਹੈ, ਜਿਸਨੂੰ ਗੁਰਮਤਿ ਨੇ ਕਦੇ ਵੀ ਧਰਮ ਨਹੀਂ ਮੰਨਿਆ।

ਚਾਰਿ ਵਰਨ ਚਾਰਿ ਮਜਹਬਾ ਜਗ ਵਿਚਿ ਹਿੰਦੂ ਮੁਸਲਮਾਣੇ।
ਖੁਦੀ ਬਖੀਲੀ ਤਕਬਰੀ ਖਿਚੋਤਾਣ ਕਰੇਨਿ ਧਿਙਾਣੇ।
ਗੰਗ ਬਨਾਰਸਿ ਹਿੰਦੂਆਂ, ਮਕਾ ਕਾਬਾ ਮੁਸਲਮਾਣੇ।
ਸੁੰਨਤਿ ਮੁਸਲਮਾਣ ਦੀ, ਤਿਲਕ ਜੰਞੂ ਹਿੰਦੂ ਲੋਭਾਣੇ।
ਰਾਮ ਰਹੀਮ ਕਹਾਇਦੇ ਇਕੁ ਨਾਮੁ ਦੁਇ ਰਾਹ ਭੁਲਾਣੇ।
ਬੇਦ ਕਤੇਬ ਭੁਲਾਇਕੈ ਮੋਹੇ ਲਾਲਚ ਦੁਨੀ ਸੈਤਾਣੇ।
ਸਚੁ ਕਿਨਾਰੇ ਰਹਿ ਗਇਆ ਖਹਿ ਮਰਦੇ ਬਾਹਮਣ ਮਉਲਾਣੇ।
ਸਿਰੋਂ ਨ ਮਿਟੇ ਆਵਣ ਜਾਣੇ॥ ੨੧॥

(ਵਾਰ 1, ਭਾਈ ਗੁਰਦਾਸ ਜੀ)

ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥

(ਗੁ.ਗ੍ਰੰ.ਸਾ.ਪੰਨਾ 722)

ਅੱਜ ਦੇ ਧਰਮ ਦਾ ਬਹੁਤਾਤ ਰੂਪ ਇਹ ਬਣ ਚੁੱਕਾ ਹੈ।

ਇਸੇ ਤਰ੍ਹਾਂ ਪਰਜਾ ਦੀਆਂ ਲੋੜਾਂ ਦੀ ਪੂਰਤੀ ਦੇ ਸਾਧਨ ਪੈਦਾ ਕਰਨੇ, ਪਰਜਾ ਦੇ ਹੱਕਾਂ ਦੀ ਰਾਖੀ ਕਰਨੀ, ਪਰਜਾ ਨੂੰ ਦੁਸ਼ਮਣ ਤੋਂ ਸੁਰੱਖਿਅਤ ਰੱਖਣਾ, ਜੀਵਨ ਦੀ ਉਸਾਰੀ ਵਿੱਚ ਮਦਦ ਕਰਨਾ, ਗੁਰਮਤਿ ਅਨੁਸਾਰ ਰਾਜਨੀਤੀ ਇਹ ਹੈ।

ਹੁਣਿ ਹੁਕਮੁ ਹੋਆ ਮਿਹਰਵਾਣ ਦਾ॥ ਪੈ ਕੋਇ ਨ ਕਿਸੈ ਰਞਾਣਦਾ॥
ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ॥

(ਗੁ.ਗ੍ਰੰ.ਸਾ.ਪੰਨਾ 74)

ਬੇਗਮ ਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀ ਤਿਹਿ ਠਾਉ॥

ਨਾਂ ਤਸਵੀਸ ਖਿਰਾਜੁ ਨ ਮਾਲੁ॥ ਖਉਫੁ ਨ ਖਤਾ ਨ ਤਰਸੁ ਜਵਾਲੁ॥ ੧॥
ਅਬ ਮੋਹਿ ਖੂਬ ਵਤਨ ਗਹ ਪਾਈ॥ ਊਹਾਂ ਖੈਰਿ ਸਦਾ ਮੇਰੇ ਭਾਈ॥ ੧॥ ਰਹਾਉ॥
ਕਾਇਮੁ ਦਾਇਮੁ ਸਦਾ ਪਾਤਿਸਾਹੀ॥ ਦੋਮ ਨ ਸੇਮ ਏਕ ਸੋ ਆਹੀ॥
ਆਬਾਦਾਨੁ ਸਦਾ ਮਸਹੂਰ॥ ਊਹਾਂ ਗਨੀ ਬਸਹਿ ਮਾਮੂਰ॥ ੨॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ॥ ਮਹਰਮ ਮਹਲ ਨ ਕੋ ਅਟਕਾਵੈ॥
ਕਹਿ ਰਵਿਦਾਸ ਖਲਾਸ ਚਮਾਰਾ॥ ਜੋ ਹਮ ਸਹਰੀ ਸੁ ਮੀਤੁ ਹਮਾਰਾ॥ ੩॥ ੨॥

(ਗੁ.ਗ੍ਰੰ.ਸਾ.ਪੰਨਾ 345)

ਪਰ ਅੱਜ ਅਸੀਂ ਰਾਜਨੀਤੀ ਨੂੰ ਜ਼ੁਲਮ, ਬੇਇਨਸਾਫ਼ੀ, ਰਿਸ਼ਵਤਖ਼ੋਰੀ, ਝੂਠ, ਫ਼ਰੇਬ, ਬੇਵਫ਼ਾਈ, ਲੋਭ, ਲਾਲਚ ਆਦਿ ਹਰ ਤਰ੍ਹਾਂ ਦੀ ਆਚਰਨ ਹੀਨਤਾ ਦਾ ਰੂਪ ਅਤੇ ਹੱਕ ਦੇ ਦਿੱਤਾ ਹੈ, ਜਿਸ ਰਾਜਨੀਤੀ ਨੂੰ ਗੁਰੂ ਨੇ ਕਦੀ ਵੀ ਪ੍ਰਵਾਨ ਨਹੀਂ ਕੀਤਾ ਅਤੇ ਐਸੀ ਰਾਜਨੀਤੀ ਲਈ ਸਤਿਗੁਰੂ ਨੇ ਆਖਿਆ ਹੈ :

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥
ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ॥
ਵਿਚਿ ਹਉਮੈ ਕਰਿ ਦੁਖੁ ਰੋਈ॥
ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥ ੧॥

(ਗੁ.ਗ੍ਰੰ.ਸਾ.ਪੰਨਾ 145)

ਅੱਜ ਇਸ ਸਾਂਝ ਤੋਂ ਮਨੁੱਖ ਨੂੰ ਸੁਖ ਕਿਉਂ ਨਹੀਂ?

ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨਿ੍ ਬੈਠੇ ਸੁਤੇ॥
ਚਾਕਰ ਨਹਦਾ ਪਾਇਨਿ੍ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥

(ਗੁ.ਗ੍ਰੰ.ਸਾ.ਪੰਨਾ 1288)

ਰਾਜਾ ਨਿਆਉ ਕਰੇ ਹਥਿ ਹੋਇ॥ ਕਹੈ ਖੁਦਾਇ ਨ ਮਾਨੈ ਕੋਇ॥

(ਗੁ.ਗ੍ਰੰ.ਸਾ.ਪੰਨਾ 350)

ਅੱਜ ਦੀ ਰਾਜਨੀਤੀ ਦਾ ਬਹੁਤਾਤ ਰੂਪ ਇਹ ਬਣ ਚੁੱਕਾ ਹੈ।

ਐਸੀ ਰਾਜਨੀਤੀ ਅਤੇ ਧਰਮ ਦੀ ਸਾਂਝ ਤੋਂ ਮਨੁੱਖ ਨੂੰ ਸੁਖ ਕਿਵੇਂ ਮਿਲੇ ? ਨਤੀਜਾ ਇਹ ਹੈ ਕਿ ਆਏ ਦਿਨ ਧਰਮ ਅਸਥਾਨਾਂ ਦੀਆਂ ਬੇਅਦਬੀਆਂ ਹੋ ਰਹੀਆਂ ਹਨ। ਕੂੜੀ ਸਿਆਸਤ ਨਾਲ ਮਿਲ ਕੇ ਧਰਮ ਦੇ ਨਾਂ ਹੇਠ ਗੁਰੂ-ਡੰਮ ਅਤੇ ਭੇਖਧਾਰੀਆਂ ਦਾ ਵਾਧਾ ਹੋ ਰਿਹਾ ਹੈ।

ਸੋ ਆਓ ! ਗੁਰੂ ਹਰਿਗੋਬਿੰਦ ਸਾਹਿਬ ਵਾਲੀ ਸੱਚ ਧਰਮ ਦੇ ਅਸੂਲਾਂ ਦੀ ਅਗਵਾਈ ਵਿੱਚ ਚੱਲਣ ਵਾਲੀ ਧਰਮ ਤੇ ਰਾਜਨੀਤੀ ਦੀ ਸਾਂਝ ਪੈਦਾ ਕਰ ਸਕੀਏ ਤਾਂ ਜੰਮ-ਜੰਮ ਕਰੀਏ, ਲੋੜ ਹੈ। ਪਰ ਜੇ ਧਰਮ ਅਤੇ ਰਾਜਨੀਤੀ ਦੀ ਸਾਂਝ ਦੇ ਭਰਮ ਵਿੱਚ ਅੱਜ ਦੇ

ਇਹਨਾਂ ਰਾਜਨੀਤਿਕ ਪੱਥਰਾਂ 'ਤੇ ਘੜੇ ਹੋਏ, ਕਿਸੇ ਧਾਰਮਿਕ ਰੂਪ ਨੂੰ ਵੇਖ ਕੇ ਭਗਵਾਨ ਸਮਝ ਕੇ ਪੂਜਾ ਕਰੀ ਜਾਣਗੇ, ਜੋ ਕਰ ਰਹੇ ਹਨ ਤਾਂ ਜੀਵਨ ਦੀ ਧਾਰਮਿਕ ਸੋਚ, ਸਰਮਾਇਆ, ਸਮਾਂ, ਸਭ ਕੁਝ ਬਰਬਾਦ ਹੋ ਜਾਵੇਗਾ ਜੋ ਕਿ ਹੋ ਰਿਹਾ ਹੈ।

ਕਦੇ ਸ਼੍ਰੋਮਣੀ ਅਕਾਲੀ ਦਲ ਨੇ ਖ਼ਾਲਸਾ ਜੀ ਦੇ ਬੋਲ-ਬਾਲੇ ਅਤੇ ਪੰਥ ਦੀ ਆਜ਼ਾਦ ਹਸਤੀ ਕਾਇਮ ਰੱਖਣ ਲਈ ਗੁਰਮਤਿ ਪ੍ਰਚਾਰ-ਪ੍ਰਸਾਰ ਲਈ ਕਸਮਾਂ ਖਾਧੀਆਂ ਸਨ, ਮੋਰਚੇ ਲਾਏ ਸਨ, ਡਾਂਗਾਂ ਖਾਧੀਆਂ ਸਨ ਅਤੇ ਕਦੇ ਪੰਥ ਤੋਂ ਪੁੱਤਰ-ਪਰਿਵਾਰ ਤੇ ਆਪਾ ਵਾਰਨ ਦੇ ਪ੍ਰਣ ਕੀਤੇ ਜਾਂਦੇ ਸਨ। ਇਉਂ ਸ਼੍ਰੋਮਣੀ ਅਕਾਲੀ ਦਲ ਪੰਥ ਦੀ ਸਿਆਸੀ ਜਮਾਤ ਮੰਨਿਆ ਗਿਆ ਸੀ। ਪਰ ਅੱਜ ਦੇ ਸ਼੍ਰੋਮਣੀ ਅਕਾਲੀ ਦਲ ਨੇ ਪੰਥਕ ਜਮਾਤ ਨਾ ਹੋ ਕੇ ਪੰਜਾਬੀ ਜਮਾਤ ਹੋਣ ਦਾ ਐਲਾਨ ਕਰ ਦਿੱਤਾ ਹੈ। ਖ਼ਾਲਸਾ ਜੀ ਦੇ ਬੋਲ-ਬਾਲੇ ਅਤੇ ਪੰਥ ਦੀ ਆਜ਼ਾਦ ਹਸਤੀ ਨੂੰ "ਮਥੇ ਟਿਕਾ ਤੇੜਿ ਧੋਤੀ ਕਖਾਈ, ਹਥਿ ਛੁਰੀ ਜਗਤ ਕਾਸਾਈ" ਅੱਗੇ ਗਹਿਣੇ ਪਾ ਦੇਣ ਵਾਲੇ, "ਜਬ ਲਗ ਖ਼ਾਲਸਾ ਰਹੇ ਨਿਆਰਾ, ਤਬ ਲਗ ਤੇਜ ਦੀਓ ਮੈ ਸਾਰਾ" ਦੇ ਗੁਰੂ ਹੁਕਮਾਂ ਦੇ ਵਿਰੁੱਧ ਰਮਾਇਣ ਦੇ ਪਾਠਾਂ, ਮੱਥੇ ਟਿੱਕਾ ਲੁਆ ਕੇ ਬ੍ਰਾਹਮਣ ਦੇ ਸਨਮੁਖ ਬੈਠ ਹਵਨ-ਯੱਗ ਕਰਾ-ਕਰਾ ਕੇ, "ਜਬ ਇਹ ਗਹੈ ਬਿਪਰਨ ਕੀ ਰੀਤ, ਮੈ ਨਾ ਕਰਉ ਇਨ ਕੀ ਪ੍ਰਤੀਤ" ਦੇ ਗੁਰੂ ਫੈਸਲੇ ਅਨੁਸਾਰ ਗੁਰੂ ਦੀ ਪ੍ਰਤੀਤ ਗੁਆ ਚੁੱਕੇ, ਕੇਵਲ ਆਪਣੀਆਂ ਸਿਆਸੀ ਕੁਰਸੀਆਂ ਦੇ ਸੌਦੇ ਅਧੀਨ ਇਕੱਠੇ ਜਾਂ ਵੱਖ ਹੋ ਜਾਣ ਵਾਲੇ ਕਈ ਅਕਾਲੀ ਦਲ ਆਪਣੇ ਪਰਿਵਾਰ ਅਤੇ ਪੁੱਤਰਾਂ ਤੋਂ ਪੰਥ ਵਾਰ ਦੇਣ ਵਾਲੇ, ਕੁਰੱਪਸ਼ਨ ਰਾਹੀਂ ਲੋਕਾਂ ਦਾ ਖ਼ੂਨ ਚੂਸ ਕੇ ਦੇਸ਼-ਵਿਦੇਸ਼ਾਂ ਵਿੱਚ ਕਰੋੜਾਂ ਦੀਆਂ ਜਾਇਦਾਦਾਂ ਬਣਾ ਲੈਣ ਵਾਲੇ 'ਮਲਕ ਭਾਗੋ' ਵੀ ਅੱਜ ਸ਼੍ਰੋਮਣੀ ਅਕਾਲੀ ਦਲ ਅਖਵਾਉਂਦੇ ਹਨ। ਕੀ ਇਹ ਧਰਮ ਅਤੇ ਰਾਜਨੀਤੀ ਦੀ ਸਾਂਝ ਦਾ ਪ੍ਰਤੀਕ, 1920 ਵਾਲਾ ਸ਼੍ਰੋਮਣੀ ਅਕਾਲੀ ਦਲ ਹੈ ?

ਕੀ ਅੱਜ 1920 ਵਾਲਾ ਸ਼੍ਰੋਮਣੀ ਅਕਾਲੀ ਦਲ ਹੈ ?

ਧਰਮ, ਭਗਵਾਨ ਇਨ੍ਹਾਂ ਰਾਜਨੀਤਿਕ ਪੱਥਰਾਂ ਵਿੱਚ ਨਹੀਂ ਹੈ। ਇਨ੍ਹਾਂ ਰਾਜਨੀਤਿਕ ਪੱਥਰ ਦੇ ਬੁੱਤਾਂ ਨੂੰ ਧਰਮ-ਸਥਾਨਾਂ, ਗੁਰੂ-ਸਥਾਨਾਂ ਤੋਂ ਕੱਢੋ ਤਾਂ ਕਿ ਇਸ ਕੂੜੀ ਸਿਆਸਤ ਦੀ ਗ਼ੁਲਾਮੀ ਤੋਂ ਬਾਹਰ ਨਿਕਲ ਕੇ ਧਰਮ ਦੀ ਆਜ਼ਾਦੀ, ਧਰਮ-ਸਥਾਨਾਂ 'ਤੇ ਗੁਰੂ ਸਿਧਾਂਤ, ਰੱਬੀ ਸਿਧਾਂਤ ਸਥਾਪਿਤ ਹੋ ਸਕੇ ਅਤੇ ਸਾਡੇ ਬੱਚਿਆਂ ਵਿੱਚ ਧਰਮ ਦਾ ਸਤਿਕਾਰ ਬਣਿਆ ਰਹੇ। ਸਮਾਜ ਨੂੰ ਸੁਖੀ ਕਰਨ ਲਈ ਉੱਤੇ ਬਿਆਨ ਕੀਤਾ ਧਰਮ ਅਤੇ ਰਾਜਨੀਤੀ ਦਾ ਅਸਲ ਰੂਪ ਸਮਝਣਾ ਅਤੇ ਅਪਨਾਉਣਾ ਪਵੇਗਾ।

ਦੂਜਾ ਸੁਆਲ : ਧਰਮ ਅਤੇ ਰਾਜਨੀਤੀ ਦਾ ਆਪਸੀ ਸਥਾਨ।

ਜਿਵੇਂ ਉੱਤੇ ਜ਼ਿਕਰ ਕੀਤਾ ਹੈ ਕਿ ਸਰੀਰ ਅਤੇ ਜੀਵ-ਆਤਮਾ ਦੀ ਸਾਂਝ ਵਾਂਗੂੰ ਦੋਹਾਂ ਦੀ ਲੋੜ ਪੂਰਤੀ ਲਈ ਬਣੇ ਧਰਮ ਅਤੇ ਰਾਜਨੀਤੀ ਦੇ ਅਸਲ ਰੂਪ ਦੀ ਅਟੁੱਟ ਸਾਂਝ ਬਣੀ ਰਹਿਣੀ ਚਾਹੀਦੀ ਹੈ। ਪਰ ਸਰੀਰ ਅਤੇ ਆਤਮਾ ਦੀ ਸਾਂਝ ਲਈ ਰੱਬ ਵੱਲੋਂ ਬਣਾਇਆ ਅਟੱਲ ਨਿਯਮ ਹੈ ਕਿ ਸਰੀਰ ਵਿੱਚ ਜੀਵ-ਆਤਮਾ ਰੱਖੀ ਗਈ ਹੈ, ਆਤਮਾ ਵਿੱਚ ਸਰੀਰ ਨਹੀਂ।

ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ॥

(ਗੁ.ਗ੍ਰੰ.ਸਾ.ਪੰਨਾ 921)

ਸੰਜੋਗੁ ਵਿਜੋਗੁ ਧੁਰਹੁ ਹੀ ਹੂਆ॥
ਪੰਚ ਧਾਤੁ ਕਰਿ ਪੁਤਲਾ ਕੀਆ॥
ਸਾਹੇ ਕੈ ਫੁਰਮਾਇਅੜੈ ਜੀ ਦੇਹੀ ਵਿਚਿ ਜੀਉ ਆਇ ਪਇਆ॥

(ਗੁ.ਗ੍ਰੰ.ਸਾ.ਪੰਨਾ 1007)

ਰਾਜਨੀਤੀ ਸਰੀਰ ਹੈ, ਧਰਮ ਜੀਉ ਹੈ।

ਦੇਹੀ ਵਿੱਚ ਜੀਉ ਨੇ ਪ੍ਰਵੇਸ਼ ਕਰਨਾ ਹੈ, ਜੀਉ ਵਿੱਚ ਦੇਹੀ ਨੇ ਪ੍ਰਵੇਸ਼ ਨਹੀਂ ਕਰਨਾ। ਇਸੇ ਤਰ੍ਹਾਂ ਰਾਜਨੀਤੀ ਸਰੀਰ ਹੈ, ਧਰਮ ਜੀਉ ਹੈ। ਰਾਜਨੀਤੀ ਵਿੱਚ ਧਰਮ ਨੇ ਪ੍ਰਵੇਸ਼ ਕਰਨਾ ਹੈ, ਧਰਮ ਵਿੱਚ ਰਾਜਨੀਤੀ ਨੇ ਪ੍ਰਵੇਸ਼ ਨਹੀਂ ਕਰਨਾ। ਜੇ ਧਰਮ ਵਿੱਚ ਰਾਜਨੀਤੀ ਪ੍ਰਵੇਸ਼ ਕਰੇਗੀ ਤਾਂ ਰੱਬੀ ਨਿਯਮਾਂ ਦੀ ਉਲੰਘਣਾ ਹੋਵੇਗੀ ਜਿਸ ਤੋਂ ਦੁਖ ਪੈਦਾ ਹੋਣਗੇ। ਪਰ ਅੱਜ ਐਸਾ ਹੀ ਹੋ ਰਿਹਾ ਹੈ। ਅੱਜ ਦੀ ਰਾਜਨੀਤੀ ਵਿੱਚ ਧਰਮ ਨਹੀਂ ਪ੍ਰਵੇਸ਼ ਕਰ ਰਿਹਾ, ਰਾਜਨੀਤੀ ਵਿੱਚ ਝੂਠ ਫ਼ਰੇਬ ਜ਼ੁਲਮ ਰਿਸ਼ਵਤਖ਼ੋਰੀ ਹੈ। ਉਲਟਾ ਧਰਮ ਵਿੱਚ ਰਾਜਨੀਤੀ ਪ੍ਰਵੇਸ਼ ਕਰ ਰਹੀ ਹੈ। ਰਾਜਨੀਤੀ ਕਿਉਂਕਿ ਧਰਮ ਵਿੱਚ ਪ੍ਰਵੇਸ਼ ਕਰ ਗਈ ਹੈ, ਇਸ ਲਈ ਨਿਯਮ ਮੁਤਾਬਕ ਅੰਦਰ ਦੀ ਸ਼ਕਤੀ ਨੇ ਬਾਹਰ ਨੂੰ ਚਲਾਉਣਾ ਹੁੰਦਾ ਹੈ। ਜਿਵੇਂ ਜੀਉ ਸਰੀਰ ਨੂੰ ਚਲਾਉਂਦਾ ਹੈ, ਇਸੇ ਤਰ੍ਹਾਂ ਅੱਜ ਰਾਜਨੀਤੀ ਧਰਮ ਨੂੰ ਆਪਣੇ ਹੁਕਮ ਵਿੱਚ ਚਲਾ ਰਹੀ ਹੈ। ਗੁਰਦੁਆਰਿਆਂ, ਧਰਮ ਅਸਥਾਨਾਂ ਦੇ ਨਿਯਮ, ਧਾਰਮਿਕ ਪਦਵੀਆਂ 'ਤੇ ਬੈਠੇ ਧਾਰਮਿਕ ਆਗੂਆਂ ਦੇ ਫ਼ੈਸਲੇ ਰਾਜਨੀਤਿਕ ਲੋਕਾਂ ਦੀ ਮਰਜ਼ੀ ਅਤੇ ਹੁਕਮ ਵਿੱਚ ਹੁੰਦੇ ਹਨ। ਕੀ ਐਸੇ ਵਿਗੜੇ ਰੂਪ ਦੀ ਧਰਮ ਅਤੇ ਰਾਜਨੀਤੀ ਦੀ ਸਾਂਝ ਨਾਲ ਮਨੁੱਖਤਾ ਦਾ, ਕੌਮ ਦਾ ਕੁਝ ਸੰਵਾਰਿਆ ਜਾ ਸਕਦਾ ਹੈ ? ਹਰਗਿਜ਼ ਨਹੀਂ।

ਮੈ ਪਤਿ ਕੀ ਪੰਦਿ ਨ ਕਰਣੀ ਕੀ ਕਾਰ॥
ਹਉ ਬਿਗੜੈ ਰੂਪਿ ਰਹਾ ਬਿਕਰਾਲ॥

(ਗੁ.ਗ੍ਰੰ.ਸਾ.ਪੰਨਾ 24)

"ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ, ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ" ਵਾਲੀ ਹਾਲਤ ਹੋ ਜਾਵੇਗੀ, ਜਿਵੇਂ ਅੱਜ ਹੋ ਰਿਹਾ ਹੈ। ਇਸੇ ਤਰ੍ਹਾਂ ਧਾਰਮਿਕ ਆਗੂ ਬ੍ਰਾਹਮਣ ਨੇ ਕਦੇ ਵਕਤ ਦੇ ਰਾਜਿਆਂ ਦੀ ਖ਼ੁਸ਼ਾਮਦ ਲਈ ਧਰਮ ਦਾ ਰੂਪ ਵਿਗਾੜ ਦਿੱਤਾ ਸੀ। ਜ਼ਾਲਮ ਰਾਜਨੀਤੀ ਨਾਲ ਮਿਲ ਕੇ ਧਾਰਮਿਕ ਆਗੂ ਵੀ ਉਸਦੇ ਜ਼ੁਲਮ ਵਿੱਚ ਹੱਥ ਵਟਾਉਣ ਲੱਗ ਪਏ ਸਨ। ਔਰੰਗਜ਼ੇਬ ਦੇ ਇਸ਼ਾਰੇ ਤੇ ਧਾਰਮਿਕ ਆਗੂ ਕਾਜ਼ੀ ਦੇ ਫ਼ਤਵੇ ਨਾਲ ਹੀ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਹੀਦ ਕੀਤਾ ਗਿਆ ਸੀ। ਵਜ਼ੀਰ ਦੇ ਇਸ਼ਾਰੇ 'ਤੇ ਧਾਰਮਿਕ ਆਗੂ ਕਾਜ਼ੀ ਨੇ ਹੀ ਸਾਹਿਬਜ਼ਾਦਾ ਜ਼ੋਰਾਵਰ ਸਿੰਘ, ਫ਼ਤਹਿ ਸਿੰਘ ਨੂੰ ਸ਼ਹੀਦ ਕਰਨ ਦਾ ਫ਼ਤਵਾ ਸੁਣਾਇਆ ਸੀ।

ਜਦੋਂ ਵੀ ਧਰਮ ਸ਼ਕਤੀ ਗ਼ਲਤ ਰਾਜਨੀਤੀ ਦੇ ਕੋਝੇ ਹੱਥਾਂ ਦਾ ਹਥਿਆਰ ਬਣੀ

ਤਾਂ ਰਾਜਨੀਤਿਕ ਲੋਕਾਂ ਨੇ ਉਸਨੂੰ ਆਪਣੇ ਝੂਠ-ਫ਼ਰੇਬ ਦਾ ਭਾਈਵਾਲ ਬਣਾ ਲਿਆ ਜਿਸਨੂੰ ਗੁਰੂ ਨੇ ਪ੍ਰਵਾਨ ਨਹੀਂ ਕੀਤਾ। ਬਾਬਾ ਕਬੀਰ ਜੀ ਨੇ ਵੀ ਆਵਾਜ਼ ਦੇ ਕੇ ਆਖਿਆ :

ਤੂੰ ਬਾਮ੍ਹਨੁ ਮੈ ਕਾਸੀਕ ਜੁਲਹਾ ਬੂਝਹੁ ਮੋਰ ਗਿਆਨਾ।।
ਤੁਮ੍ ਤਉ ਜਾਚੇ ਭੂਪਤਿ ਰਾਜੇ ਹਰਿ ਸਉ ਮੋਰ ਧਿਆਨਾ।।

(ਗੁ.ਗ੍ਰੰ.ਸਾ.ਪੰਨਾ 482)

ਕੌਮ ਵਿੱਚ ਨਿਰਾਸਤਾ ਕਿਉਂ ਵੱਧ ਰਹੀ ਹੈ?

ਇਸੇ ਤਰ੍ਹਾਂ ਅੱਜ ਵੇਖ ਰਹੇ ਹਾਂ ਕਿ ਆਚਰਨ-ਹੀਨ ਗੁਰੂ ਤੋਂ ਬੇਮੁੱਖ ਪੰਥਕ ਸੋਚ ਅਤੇ ਪੰਥਕ ਹੱਕਾਂ ਦੀ ਰਾਖੀ ਦੀ ਜ਼ਿੰਮੇਵਾਰੀ ਛੱਡ ਚੁੱਕੇ ਕੇਵਲ ਕੁਰਸੀਆਂ ਦੇ ਭੁੱਖੇ ਰਾਜਨੀਤਕ ਲੋਕਾਂ ਦੇ ਭਾਈਵਾਲ ਬਣ ਕੇ ਅੱਜ ਦੇ ਧਾਰਮਿਕ ਆਗੂ ਰਾਜਨੀਤਿਕਾਂ ਦੇ ਇਸ਼ਾਰਿਆਂ 'ਤੇ ਅਨੇਕਾਂ ਫੈਸਲੇ ਕਰਦੇ ਅਤੇ ਹੁਕਮ ਜਾਰੀ ਕਰਦੇ ਰਹੇ ਹਨ ਜਿਸ ਕਾਰਣ ਕੌਮ ਵਿੱਚ ਨਿਰਾਸਤਾ ਵੱਧ ਰਹੀ ਹੈ ਅਤੇ ਧਰਮ ਵਿਸ਼ਵਾਸ ਘੱਟ ਰਿਹਾ ਹੈ।

ਹਾਂ ! ਖ਼ੁਦਗਰਜ਼ ਸਿਆਸੀ ਲੀਡਰ ਜਨ-ਸਾਧਾਰਨ ਭੋਲੇ-ਭਾਲੇ ਲੋਕਾਂ ਦੇ ਧਾਰਮਿਕ ਜਜ਼ਬੇ ਨੂੰ ਧਰਮ ਅਤੇ ਰਾਜਨੀਤੀ ਦੀ ਸਾਂਝ ਵਾਲੇ ਬੈਨਰ ਵਿਖਾ ਕੇ ਪਿੱਛੇ ਲਾਉਣ ਵਿੱਚ ਸਫਲ ਹੋ ਰਹੇ ਹਨ। ਕਿਉਂਕਿ ਧਰਮ ਦੇ ਨਾਂ ਹੇਠ ਉਹਨਾਂ ਦੀ ਸਿਆਸੀ ਕੁਰਸੀ ਪੱਕੀ ਰਹਿੰਦੀ ਹੈ। ਇਸੇ ਲਈ ਧਰਮ ਅਤੇ ਰਾਜਨੀਤੀ ਦੀ ਸਾਂਝ ਦਾ ਨਾਅਰਾ ਲਾਉਂਦੇ ਹਨ।

ਅਸਲ ਧਰਮ ਕਦੇ ਵੀ ਸਿਆਸੀ ਲੋਕਾਂ ਦਾ ਗ਼ੁਲਾਮ ਨਹੀਂ ਹੋ ਸਕਦਾ। ਅੱਜ ਦੇ ਸਿਆਸੀਆਂ ਨੇ ਆਪਣੀ ਮਰਜ਼ੀ ਦੇ ਧਰਮ ਸਿਧਾਂਤ ਬਣਾ-ਬਣਾ ਧਰਮ ਦੇ ਅਸਲ ਰੂਪ, ਪੰਥਕ ਮਰਿਆਦਾ ਅਤੇ ਸਿੱਖ ਸਿਧਾਂਤ ਦਾ ਬੁਰਾ ਹਾਲ ਕਰ ਦਿੱਤਾ ਹੈ। ਇਸ ਲਈ ਜੇ ਅੱਜ ਧਰਮ ਦੇ ਅਸਲ ਰੂਪ ਨੂੰ ਬਚਾਉਣਾ, ਪਛਾਣਨਾ, ਪ੍ਰਚਾਰਨਾ ਅਤੇ ਮਾਨਣਾ ਚਾਹੁੰਦੇ ਹੋ ਤਾਂ ਧਰਮ ਨੂੰ ਅੱਜ ਦੀ ਇਸ ਕੂੜੀ, ਲਾਲਚੀ, ਗੁਰੂ ਤੋਂ ਬੇਮੁੱਖ, ਅਧਰਮੀ ਸਿਆਸਤ ਦੇ ਜੁੱਲੇ ਹੇਠੋਂ ਕੱਢ ਕੇ ਸੁਤੰਤਰ ਕਰਨਾ ਹੋਵੇਗਾ, ਤਾਂ ਹੀ ਆਪਣੇ ਬੱਚਿਆਂ ਦੇ ਭਵਿੱਖ ਨੂੰ ਧਰਮ, ਸਿੱਖੀ ਸਰੂਪ ਅਤੇ ਸਿਧਾਂਤ ਨਾਲ ਜੋੜ ਸਕੋਗੇ।

ਸੰਤ ਕੌਣ ਹੈ ?

ਅੱਜ ਅਸੀਂ ਜਿਸ ਨੂੰ ਸੰਤ
ਸਮਝ ਰਹੇ ਹਾਂ,
ਕੀ ਉਸ ਕੋਲ ਧਰਮ ਦੀ ਪਉੜੀ ਹੈ ?

ਕੀ ਧਰਮ ਦੇ ਗੁਣ ਜ਼ਿਆਦਾ ਕਰਕੇ
ਗ੍ਰਿਸਤੀ ਵਿੱਚ ਹੁੰਦੇ ਹਨ
ਜਾਂ ਸੰਤ ਵਿੱਚ ?

ਗਿਰਹੀ ਜਾਂ ਸੰਤ

ਜਿਸਦਾ ਆਪਣਾ ਕੋਈ ਘਰ-ਬਾਰ ਹੋਵੇ, ਪਰਿਵਾਰ ਹੋਵੇ, ਆਪਣੀ ਸੰਤਾਨ-ਬੱਚੇ ਹੋਣ, ਆਪਣਾ ਕਾਰ-ਵਿਹਾਰ ਹੋਵੇ, ਆਪਣੀ ਸੰਪਦਾ ਤੇ ਜ਼ਮੀਨ-ਜਾਇਦਾਦ ਹੋਵੇ, ਆਪਣੇ ਬੈਂਕ-ਬੈਲੇਂਸ ਤੇ ਖ਼ਜ਼ਾਨੇ ਹੋਣ, ਆਪਣੇ ਹਰ ਜੀਅ ਦੇ ਦੁਖ-ਸੁਖ ਤੇ ਪਾਲਣ-ਸਾਂਭਣ ਦਾ ਹਰ ਵਕਤ ਫ਼ਿਕਰ ਹੋਵੇ, ਬਿਰਾਦਰੀ-ਪਰਿਵਾਰ ਤੇ ਸੰਸਾਰ ਦੀਆਂ ਜ਼ਿੰਮੇਵਾਰੀਆਂ ਉਸਦੇ ਸਿਰ ਹੋਣ, ਤਾਂ ਐਸੇ ਮਨੁੱਖ ਨੂੰ ਲੋਕ ਗਿਰਹੀ, ਗ੍ਰਿਸਤੀ ਆਖਦੇ ਹਨ ਅਤੇ ਸਮਝਦੇ ਹਨ ਕਿ ਇਹ ਸਾਰਾ ਜਾਲ ਰੱਬ ਦੇ ਰਾਹਾਂ ਵਿੱਚ ਇੱਕ ਵੱਡੀ ਰੁਕਾਵਟ ਹੈ ਤੇ ਇਸ ਜੰਜਾਲ ਵਿੱਚ ਫੱਸਿਆ ਮਨੁੱਖ ਰੱਬ ਦੀ ਪ੍ਰਾਪਤੀ ਨਹੀਂ ਕਰ ਸਕਦਾ।

ਜਿਹੜਾ ਘਰ-ਬਾਰ ਛੱਡ ਕੇ ਜੰਗਲ-ਬੀਆਬਾਨਾਂ ਜਾਂ ਪਹਾੜਾਂ ਦੀਆਂ ਗੁਫਾਵਾਂ, ਤੀਰਥਾਂ ਤੇ ਨਦੀਆਂ ਦੇ ਕੰਢੇ ਜਾਂ ਡੇਰਿਆਂ ਵਿੱਚ ਜਾ ਬੈਠੇ, ਜਿਹੜਾ ਵਿਆਹ ਨਾ ਕਰਾਏ, ਜਿਸਦੇ ਪਤਨੀ ਤੇ ਬੱਚੇ ਨਾ ਹੋਣ, ਜੇ ਹੋਣ ਵੀ ਤਾਂ ਛੱਡ ਜਾਵੇ, ਤਿਆਗ ਦੇਵੇ, ਦੁਨੀਆ ਨਾਲੋਂ ਸਬੰਧ ਤੋੜ ਲਵੇ, ਕੋਈ ਕਾਰੋਬਾਰ ਜਾਂ ਕਮਾਈ ਨਾ ਕਰੇ, ਰੋਟੀ ਘਰ-ਘਰ ਮੰਗ ਕੇ ਖਾ ਲਵੇ ਜਾਂ ਕਿਸੇ ਸ਼ਰਧਾਲੂ ਵੱਲੋਂ ਭੇਟਾ ਕੀਤਾ ਖਾ-ਪਹਿਣ ਲਵੇ, ਦੁਨੀਆਦਾਰੀ, ਪਰਿਵਾਰਿਕ ਜਾਂ ਸੰਸਾਰਿਕ ਕਿਸੇ ਵੀ ਸੁੱਖ-ਦੁੱਖ ਨਾਲ ਸਾਂਝ ਨਾ ਰੱਖੇ, ਐਸੇ ਨੀਲੇ-ਪੀਲੇ-ਕਾਲੇ -ਚਿੱਟੇ-ਭਗਵੇ ਚੋਲੇ ਵਾਲੇ ਨੂੰ ਲੋਕ ਫ਼ਕੀਰ, ਸੰਤ ਜਾਂ ਉਦਾਸੀ ਆਖਦੇ ਹਨ ਅਤੇ ਸਮਝਦੇ

ਹਨ ਕਿ ਇਹ ਪ੍ਰਭੂ ਨਾਲ ਸਾਂਝ ਰੱਖਣ ਵਾਲਾ ਮਹਾਪੁਰਸ਼ ਹੈ।

ਲੋਕਾਂ ਦੀ ਵਿਚਾਰ ਮੁਤਾਬਿਕ ਗਿਰਹੀ ਨੀਵਾਂ ਹੈ ਅਤੇ ਸੰਤ, ਉਦਾਸੀ, ਤਿਆਗੀ ਮਹਾਨ ਹੈ। ਗਿਰਹੀ ਸੰਸਾਰੀ ਹੈ ਅਤੇ ਤਿਆਗੀ ਸਾਧੂ ਕਰਤਾਰੀ ਹੈ। ਇਸੇ ਲਈ ਅਕਸਰ ਗਿਰਹੀ ਲੋਕ ਸਾਧੂ, ਸੰਤਾਂ, ਉਦਾਸੀਆਂ ਦਾ ਮਾਨ-ਸਨਮਾਨ ਅਤੇ ਕਈ ਵਾਰ ਪੂਜਾ ਕਰਦੇ ਤੇ ਮੱਥੇ ਵੀ ਟੇਕਦੇ ਹਨ।

ਪਰ ਗੁਰਮਤਿ ਸਿਧਾਂਤ ਅਨੁਸਾਰ ਕੁਝ ਵਿਚਾਰਨ ਦੀ ਲੋੜ ਹੈ, ਕੁਝ ਵਿਚਾਰਨ ਯੋਗ ਸੁਆਲ ਵੀ ਹਨ :

ਰੱਬ ਗਿਰਹੀ ਹੈ ਜਾਂ ਉਦਾਸੀ ਹੈ?

* ਜੇ ਰੱਬ ਦੇ ਰਾਹਾਂ 'ਤੇ ਤੁਰਨ ਵਾਲਿਆਂ ਨੂੰ ਲੋਕ ਧਰਮੀ ਆਖਦੇ ਹਨ, ਤਾਂ ਫਿਰ ਧਰਮ ਕੀ ਹੈ ?
* ਰੱਬ ਗਿਰਹੀ ਹੈ ਜਾਂ ਉਦਾਸੀ ਹੈ ?
* ਕੀ ਪ੍ਰਭੂ ਦੇ ਮਿਲਾਪ ਲਈ ਉਸਦੇ ਸੁਭਾ ਨੂੰ ਜਾਣ ਕੇ ਉਸ ਅਨੁਸਾਰ ਹੋਣਾ ਜ਼ਰੂਰੀ ਨਹੀਂ ਹੈ ?

ਪ੍ਰਭੂ 'ਵਡਾ ਸਾਹਿਬ, ਊਚਾ ਥਾਉ' ਹੈ। ਉਸਦੇ 'ਅਤਿ ਊਚਾ ਤਾ ਕਾ ਦਰਬਾਰਾ' ਤਕ ਪੁੱਜਣ ਲਈ 'ਏਵਡ ਊਚਾ ਹੋਵੈ ਕੋਇ, ਤਿਸਿ ਊਚੇ ਕਉ ਜਾਣੈ ਸੋਇ' ਦੀ ਸ਼ਰਤ ਹੈ। ਅਤੇ ਉੱਚਾ ਚੜ੍ਹਣ ਲਈ ਪੌੜੀਆਂ ਦੀ ਲੋੜ ਹੈ। ਗੁਰੂ ਜੀ ਆਖ ਰਹੇ ਹਨ :

ਏ ਮਨ ਮੇਰਿਆ ਬਿਨੁ ਪਉੜੀਆ ਮੰਦਰਿ ਕਿਉ ਚੜੈ ਰਾਮ ॥

(ਗੁ.ਗ੍ਰੰ.ਸਾ.ਪੰਨਾ 1113)

ਜਾਂ

ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥

(ਗੁ.ਗ੍ਰੰ.ਸਾ.ਪੰਨਾ 7)

ਹੁਣ ਸੁਆਲ ਇਹ ਉੱਠਦਾ ਹੈ ਕਿ ਉਹ ਪੌੜੀਆਂ ਕਿਹੜੀਆਂ ਹਨ ? ਸਤਿਗੁਰੂ ਜੀ ਬਚਨ ਕਰਦੇ ਹਨ :

ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥

(ਗੁ.ਗ੍ਰੰ.ਸਾ.ਪੰਨਾ 622)

ਧਰਮ, ਰੱਬ ਤਕ ਪੁੱਜਣ ਲਈ ਪੌੜੀ ਹੈ ਅਤੇ ਸੰਤ ਦੀ ਜੀਵਨ ਜੁਗਤ ਧਰਮ ਦੀ ਪ੍ਰਤੀਕ ਹੈ। ਇਸੇ ਲਈ ਸੰਤ ਨੂੰ ਧਰਮੀ ਸਮਝਿਆ ਜਾਂਦਾ ਹੈ। ਲੋਕ ਧਰਮ ਜਾਣਨ ਲਈ ਤੇ ਧਰਮੀ ਬਣਨ ਲਈ ਸੰਤ ਕੋਲ ਜਾਂਦੇ ਹਨ। ਪਰ ਉੱਤੇ ਜ਼ਿਕਰ ਕੀਤੇ ਗਏ ਮੁਤਾਬਿਕ ਅਸੀਂ ਜਿਸਨੂੰ ਸੰਤ ਸਮਝ ਰਹੇ ਹਾਂ, ਕੀ ਉਸ ਕੋਲ ਧਰਮ ਕੀ ਪਉੜੀ ਹੈ ? ਇਸ ਲਈ ਸਾਨੂੰ ਜਾਣਨਾ ਪਵੇਗਾ ਕਿ ਧਰਮ ਕੀ ਹੈ ?, ਸੰਤ ਕੀ ਹੈ ?

ਸੱਤ, ਸੰਤੋਖ, ਦਇਆ, ਧੀਰਜ, ਨਿਮਰਤਾ, ਸੇਵਾ, ਪਰਉਪਕਾਰ, ਕੁਰਬਾਨੀ ਆਦਿ ਜੈਸੇ ਅਨੇਕਾਂ ਨਿਰਮਲ ਗੁਣਾਂ ਦਾ ਸੰਗ੍ਰਹਿ ਧਰਮ ਹੈ ਅਤੇ ਇਹ ਗੁਣ ਸੰਤ ਕੋਲ ਜ਼ਰੂਰ ਹੋਣੇ

ਚਾਹੀਦੇ ਹਨ। ਪਰ ਆਮ ਕਰਕੇ ਵੇਖਣ ਵਿੱਚ ਆਇਆ ਹੈ ਕਿ ਇਹ ਧਰਮ ਦੇ ਗੁਣ ਜ਼ਿਆਦਾ ਕਰਕੇ ਗ੍ਰਿਸਤੀ ਵਿੱਚ ਹੁੰਦੇ ਹਨ, ਸੰਤ ਵਿੱਚ ਨਹੀਂ। ਸੇਵਾਦਾਰੀ ਸਮੇਂ ਭਾਵੇਂ ਇਹਨਾਂ ਵਿੱਚੋਂ ਕੁਝ ਗੁਣ ਉਸ ਕੋਲ ਆਉਂਦੇ ਹਨ, ਪਰ ਸੰਤ ਬਣਦਾ ਹੈ ਤਾਂ ਉਹ ਵੀ ਗੁਆ ਬਹਿੰਦਾ ਹੈ।

ਸੰਤ ਕੀ ਹੈ?

ਦੂਜੇ ਪਾਸੇ ਗ੍ਰਿਸਤ ਆਸ਼ਰਮ ਵਿੱਚ ਪ੍ਰਵੇਸ਼ ਕਰਨਾ, ਆਪਣੇ ਆਪ ਵਿੱਚ ਇੱਕ ਧਰਮ ਦੇ ਸਕੂਲ ਵਿੱਚ ਦਾਖ਼ਲ ਹੋਣਾ ਹੈ ਕਿਉਂਕਿ ਗ੍ਰਿਸਤ ਆਸ਼ਰਮ ਮੁੱਢਲੇ ਰੂਪ ਵਿੱਚ ਧਰਮ ਦੇ ਗੁਣਾਂ ਦਾ ਹੀ ਅਭਿਆਸ ਕੇਂਦਰ ਹੈ। ਗ੍ਰਿਸਤੀ ਆਪਣੇ ਦੁਆਲੇ ਅਭਿਆਸ ਲਈ ਇੱਕ ਛੋਟੀ ਜਿਹੀ ਧਰਮ ਦੀ ਦੁਨੀਆ ਵਸਾ ਲੈਂਦਾ ਹੈ। ਗ੍ਰਿਸਤੀ ਕੇਵਲ ਆਪਣੇ ਲਈ ਨਹੀਂ ਜਿਉਂਦਾ, ਉਸਦੇ ਦੁਆਲੇ ਮਾਂ-ਪਿਉ, ਪਤਨੀ-ਪੁੱਤਰ-ਧੀਆਂ, ਸਾਕ-ਸੰਬੰਧੀ ਹਨ। ਗਾਹੇ-ਬਗਾਹੇ ਉਹ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਨਿਭਾਉਂਦਾ ਪਰਿਵਾਰ ਦੇ ਕਿਸੇ ਰੋਗੀ ਜੀਵ ਦੇ ਸਿਰ੍ਹਾਣੇ ਜਾਗ ਕੇ ਰਾਤਾਂ ਕੱਟਦਾ ਹੈ। 'ਕਰ ਸੁਕ੍ਰਿਤ ਧਰਮ ਕਮਾਇਆ' ਦੇ ਬਚਨ ਅਨੁਸਾਰ ਸਾਰਾ ਦਿਨ ਕਿਰਤ ਕਰਦਾ ਹੈ। ਜੋ ਕੁਝ ਕਮਾਉਂਦਾ ਹੈ ਉਸ ਵਿਚੋਂ ਸਾਰੇ ਪਰਿਵਾਰ ਲਈ ਕੁਝ-ਨਾ-ਕੁਝ ਲੈ ਆਉਂਦਾ ਹੈ, ਉਸ ਕਮਾਈ ਨੂੰ ਸਾਰਾ ਪਰਿਵਾਰ 'ਵੰਡ ਛਕਦਾ' ਹੈ ਅਤੇ ਉਸ ਵਿੱਚ ਉਹ ਸੰਤੁਸ਼ਟ ਹੈ। ਪਤਨੀ ਭੋਜਨ ਬਣਾਉਂਦੀ ਹੈ ਅਤੇ ਸਭ ਨੂੰ ਖੁਆ ਕੇ ਬਾਅਦ ਵਿੱਚ ਆਪ ਖਾਂਦੀ ਹੈ। ਭਾਈ ਗੁਰਦਾਸ ਜੀ ਦੇ ਬਚਨ ਵਾਂਗੂੰ :

> ਕਿਰਤ ਵਿਰਤ ਕਰ ਧਰਮੁ ਦੀ, ਲੈ ਪਰਸਾਦ ਆਣਿ ਵਰਤੰਦਾ।
> ਗੁਰਸਿਖਾਂ ਨੋ ਦੇਇ ਕਰਿ ਪਿਛੋਂ ਬਚਿਆ ਆਪ ਖਵੰਦਾ।

(ਵਾਰ 40, ਪਉੜੀ 11)

ਧਰਮ ਦੇ ਗੁਣ ਗ੍ਰਿਸਤੀ ਦੇ ਅਭਿਆਸ ਵਿੱਚ ਕਿਵੇਂ ਹਨ?

ਇਉਂ ਸੱਤ, ਸੰਤੋਖ, ਦਇਆ, ਪਰਉਪਕਾਰ, ਕਿਰਤ ਕਰਨਾ, ਵੰਡ ਛੱਕਣ ਰੂਪੀ ਧਰਮ ਦੇ ਗੁਣਾਂ ਦਾ ਅਭਿਆਸ ਹੁੰਦਾ ਹੈ। ਗ੍ਰਿਸਤੀ ਪਰਿਵਾਰ ਵਿੱਚ ਧਰਮ ਦੇ ਕੁਝ ਜ਼ਰੂਰੀ ਗੁਣ ਸੇ ਵਾ, ਤਿਆਗ ਤੇ ਕੁਰਬਾਨੀ ਦੀ ਅਖ਼ੀਰ ਦਾ ਸਰੂਪ ਹੈ।

ਮਾਂ ਮਾਂ ਮਾਂ, ਜਿੰਨੀ ਵਾਰ ਲਿਖਾਂ ਥੋੜ੍ਹਾ ਹੈ। ਮਾਂ ਆਪਣੇ ਸਾਰੇ ਸੁੱਖ-ਸੁਆਦ ਤਿਆਗ ਕੇ ਬੱਚੇ ਨੂੰ ਦਸ ਮਹੀਨੇ ਆਪਣੇ ਗਰਭ ਵਿੱਚ ਪਾਲਦੀ ਹੈ। ਆਪਣੇ ਜੀਵਨ ਦਾ ਖ਼ਤਰਾ ਮੁੱਲ ਲੈ ਕੇ, ਅਤਿ ਪੀੜਾ ਸਹਾਰ ਬੱਚੇ ਨੂੰ ਜਨਮ ਦਿੰਦੀ ਹੈ। ਆਪਣਾ ਖ਼ੂਨ, ਜੋਬਨ, ਜੁਆਨੀ ਤੇ ਸੁੰਦਰਤਾ, ਸਭ ਕੁਝ ਦੁੱਧ ਦੇ ਰੂਪ ਵਿੱਚ ਘੋਲ-ਘੋਲ ਕੇ ਬੱਚੇ ਨੂੰ ਪਿਆ ਦਿੰਦੀ ਹੈ। ਬੱਚੇ ਨੂੰ ਪਾਲਣ-ਸਾਂਭਣ ਲਈ ਰਾਤਾਂ ਜਾਗਦੀ, ਆਪ ਗਿੱਲੀ ਥਾਵੇਂ ਸੌਂਦੀ ਬੱਚੇ ਨੂੰ ਸੁੱਕੀ ਥਾਵੇਂ ਸੁਆਉਂਦੀ ਹੈ। ਬਿਨਾਂ ਕਿਸੇ ਨਫ਼ਰਤ ਦੇ, ਲੋੜ ਪੈਣ 'ਤੇ ਰੋਟੀ ਖਾਂਦੀ ਉੱਠ ਕੇ ਵੀ ਬੱਚੇ ਦਾ ਵਿਸ਼ਟਾ ਚੁੱਕ ਕੇ ਸਾਫ ਕਰਦੀ, ਧਰਮ ਦੇ ਗੁਣ 'ਆਪੁ ਗਵਾਏ ਸੇਵਾ ਕਰੇ ਤਾ ਕਿਛੁ ਪਾਏ ਮਾਨੁ' ਦੀ ਉਦਾਹਰਣ ਦਾ ਰੂਪ ਬਣ ਜਾਂਦੀ ਹੈ।

ਇਹ ਧਰਮ ਦੇ ਸਾਰੇ ਗੁਣ ਗ੍ਰਿਸਤੀ ਦੇ ਅਭਿਆਸ ਵਿੱਚ ਹਨ, ਤਾਂ ਹੀ ਉਹ ਸਫਲ ਗ੍ਰਹਿਸਤੀ ਹੈ, ਅਤੇ ਐਸਾ ਗ੍ਰਿਸਤੀ ਹੀ ਇੱਕ ਸੰਤ ਹੈ। ਕਿਰਤ ਕਰਨਾ, ਵੰਡ ਛੱਕਣਾ,

☬

ਸੇਵਾ, ਕੁਰਬਾਨੀ, ਪਰਉਪਕਾਰ - ਇਹਨਾਂ ਗੁਣਾਂ ਦਾ ਅਭਿਆਸ ਤਿਆਗੀ ਸੰਤ ਕੋਲ ਨਹੀਂ ਹੈ ਕਿਉਂਕਿ ਉਸਨੇ ਤਾਂ 'ਕੋਈ ਮਰੇ ਕੋਈ ਜੀਵੇ, ਸੁਥਰਾ ਘੋਲ ਪਤਾਸਾ ਪੀਵੇ' ਦੀ ਅਖਾਣ ਵਾਂਗੂੰ ਸੰਸਾਰ ਛੱਡ ਹੀ ਦਿੱਤਾ ਹੈ। ਹੁਣ ਉਸਨੇ ਕਿਸ ਲਈ ਕਿਰਤ ਕਰਨੀ ਹੈ, ਕਿਸਦੇ ਸਿਰ੍ਹਾਣੇ ਰਾਤਾਂ ਜਾਗਣੀਆਂ ਹਨ, ਉਸਨੂੰ ਕੀ ? ਹਾਲਾਂਕਿ ਸੰਸਾਰ ਤਿਆਗ ਕੇ ਵੀ ਤਿਆਗੀ ਆਪਣੀਆਂ ਕੁਝ ਲੋੜਾਂ ਨਹੀਂ ਤਿਆਗ ਸਕਿਆ। ਗੁਰੂ ਜੀ ਬਚਨ ਕਰਦੇ ਹਨ

ਕੀ ਤਿਆਗੀ, ਸੰਸਾਰ ਤਿਆਗ ਕੇ ਵੀ ਤਿਆਗੀ ਹੈ ?

ਇਕਿ ਕੰਦ ਮੂਲੁ ਚੁਣਿ ਖਾਹਿ ਵਣ ਖੰਡਿ ਵਾਸਾ॥
ਇਕਿ ਭਗਵਾ ਵੇਸੁ ਕਰਿ ਫਿਰਹਿ ਜੋਗੀ ਸੰਨਿਆਸਾ॥
ਅੰਦਰਿ ਤ੍ਰਿਸਨਾ ਬਹੁਤੁ ਛਾਦਨ ਭੋਜਨ ਕੀ ਆਸਾ॥
ਬਿਰਥਾ ਜਨਮੁ ਗਵਾਇ ਨ ਗਿਰਹੀ ਨ ਉਦਾਸਾ॥

(ਗੁ.ਗ੍ਰੰ.ਸਾ.ਪੰਨਾ 140)

ਸਤਿਗੁਰਿ ਮਿਲਿਐ ਭੁਖ ਗਈ ਭੇਖੀ ਭੁਖ ਨ ਜਾਇ॥
ਦੁਖਿ ਲਗੈ ਘਰਿ ਘਰਿ ਫਿਰੈ ਅਗੈ ਦੂਣੀ ਮਿਲੈ ਸਜਾਇ॥
ਅੰਦਰਿ ਸਹਜੁ ਨ ਆਇਓ ਸਹਜੇ ਹੀ ਲੈ ਖਾਇ॥
ਮਨਹਠਿ ਜਿਸ ਤੇ ਮੰਗਣਾ ਲੈਣਾ ਦੁਖੁ ਮਨਾਇ॥
ਇਸੁ ਭੇਖੈ ਥਾਵਹੁ ਗਿਰਹੋ ਭਲਾ ਜਿਥਹੁ ਕੋ ਵਰਸਾਇ॥

(ਗੁ.ਗ੍ਰੰ.ਸਾ.ਪੰਨਾ 587)

ਇਕਿ ਤਪਸੀ ਬਨ ਮਹਿ ਤਪੁ ਕਰਹਿ ਨਿਤ ਤੀਰਥ ਵਾਸਾ॥
ਆਪੁ ਨ ਚੀਨਹਿ ਤਾਮਸੀ ਕਾਹੇ ਭਏ ਉਦਾਸਾ॥ ੫॥
ਇਕਿ ਬਿੰਦੁ ਜਤਨ ਕਰਿ ਰਾਖਦੇ ਸੇ ਜਤੀ ਕਹਾਵਹਿ॥
ਬਿਨੁ ਗੁਰ ਸਬਦ ਨ ਛੂਟਹੀ ਭ੍ਰਮਿ ਆਵਹਿ ਜਾਵਹਿ॥ ੬॥
ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ॥
ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ ਭਗਤਿ ਸੁ ਜਾਗੇ॥ ੭॥

(ਗੁ.ਗ੍ਰੰ.ਸਾ.ਪੰਨਾ 419)

ਸਹੀ ਅਰਥਾਂ ਵਿੱਚ ਗ੍ਰਿਸਤੀ ਗ੍ਰਿਸਤ ਵਿੱਚ ਧਰਮ ਦੇ ਗੁਣਾਂ ਦਾ ਅਭਿਆਸ ਕਰਕੇ ਜਿੰਨੀ ਛੇਤੀ ਪ੍ਰਭੂ ਪ੍ਰਾਪਤੀ ਕਰ ਸਕਦਾ ਹੈ, ਉਨੀ ਛੇਤੀ ਘਰ-ਬਾਰ ਛੱਡ ਕੇ ਇੱਕ ਤਿਆਗੀ ਨਹੀਂ ਕਰ ਸਕਦਾ। ਕਿਉਂਕਿ ਪ੍ਰਭੂ ਆਪ 'ਗ੍ਰਸਤਨ ਮਹਿ ਤੂੰ ਬਡੋ ਗ੍ਰਿਹਸਤੀ' ਹੈ, ਵੱਡਾ ਗ੍ਰਿਹਸਤੀ ਹੈ। 'ਇਹ ਜਗ ਸਚੇ ਕੀ ਹੈ ਕੋਠੜੀ' ਹੈ, ਇਹ ਸਾਰਾ ਸੰਸਾਰ ਉਸਦਾ ਆਪਣਾ ਘਰ ਹੈ ਅਤੇ 'ਸਭਨਾ ਕਾ ਮਾ ਪਿਉ ਆਪਿ ਹੈ ਆਪੇ ਸਾਰ ਕਰੇਇ', ਸਾਰੇ ਜੀਵ ਉਸਦਾ ਵੱਡਾ ਪਰਿਵਾਰ ਹੈ, ਸਭ ਨੂੰ ਉਸਨੇ ਜਨਮ ਦਿੱਤਾ ਹੈ ਅਤੇ ਸਭ ਦੀ ਪਾਲਣਾ-ਸੰਭਾਲਣਾ ਕਰ ਰਿਹਾ ਹੈ। 'ਚਿਤੈ ਅੰਦਰਿ ਸਭੁ ਕੋ ਵੇਖਿ ਨਦਰੀ ਹੇਠਿ ਚਲਾਇਦਾ', ਸਭ ਜੀਅ ਉਸਦੀ ਨਿਗਾਹ ਵਿੱਚ ਹਨ ਅਤੇ ਉਸਨੂੰ ਪਿਤਾ ਵਾਂਗੂੰ ਸਭਨਾਂ ਦੀ ਚਿੰਤਾ ਹੈ।

ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ॥
ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ॥
ਓਥੈ ਹਟੁ ਨ ਚਲਈ ਨਾ ਕੋ ਕਿਰਸ ਕਰੇਇ॥
ਸਉਦਾ ਮੂਲਿ ਨ ਹੋਵਈ ਨਾ ਕੋ ਲਏ ਨ ਦੇਇ॥
ਜੀਆ ਕਾ ਆਹਾਰੁ ਜੀਅ ਖਾਣਾ ਏਹੁ ਕਰੇਇ॥
ਵਿਚਿ ਉਪਾਏ ਸਾਇਰਾ ਤਿਨਾ ਭਿ ਸਾਰ ਕਰੇਇ॥
ਨਾਨਕ ਚਿੰਤਾ ਮਤ ਕਰਹੁ ਚਿੰਤਾ ਤਿਸ ਹੀ ਹੇਇ॥

(ਗੁ.ਗ੍ਰੰ.ਸਾ.ਪੰਨਾ 955)

ਕਿੰਨੀ ਅਜੀਬ ਗੱਲ ਹੈ ਕਿ ਰੱਬ ਵੱਡਾ ਗ੍ਰਿਸਤੀ ਹੈ ਅਤੇ ਉਸਨੂੰ ਪ੍ਰਾਪਤ ਕਰਨ ਦੀ ਲਾਲਸਾ ਰੱਖਣ ਵਾਲੇ ਤਿਆਗੀ ਸਾਧੂ, ਬਿਹੰਗਮ ਜੋਗੀ ਬਣ ਰਹੇ ਹਨ। ਗੁਰੂ ਨੇ ਇਸ ਅਗਿਆਨਤਾ ਦੇ ਭਰਮ ਵਿੱਚੋਂ ਕੱਢਿਆ ਹੈ। ਗੁਰੂ ਜੀ ਆਪ ਵੀ ਗ੍ਰਿਸਤੀ ਹਨ ਅਤੇ ਸਿੱਖ ਨੂੰ ਵੀ ਗ੍ਰਿਸਤੀ ਹੋਣ ਦਾ ਉਪਦੇਸ਼ ਦਿੰਦੇ ਹਨ :

ਤੂੰ ਕਿਸ ਲਈ ਜੋਗੀ ਬਣ ਰਿਹਾ ਹੈਂ?

ਡੰਡਾ ਮੁੰਦ੍ਰਾ ਖਿੰਥਾ ਆਧਾਰੀ॥
ਭ੍ਰਮ ਕੈ ਭਾਇ ਭਵੈ ਭੇਖਧਾਰੀ॥ ੧॥
ਆਸਨੁ ਪਵਨ ਦੂਰਿ ਕਰਿ ਬਵਰੇ॥
ਛੋਡਿ ਕਪਟੁ ਨਿਤ ਹਰਿ ਭਜੁ ਬਵਰੇ॥ ੧॥ ਰਹਾਉ॥
ਜਿਹ ਤੂ ਜਾਚਹਿ ਸੋ ਤ੍ਰਿਭਵਨ ਭੋਗੀ॥
ਕਹਿ ਕਬੀਰ ਕੇਸੌ ਜਗਿ ਜੋਗੀ॥ ੨॥

(ਗੁ.ਗ੍ਰੰ.ਸਾ.ਪੰਨਾ 856)

ਭਲੇ ਲੋਕਾ ! ਜਿਸਨੂੰ ਮਿਲਣਾ ਚਾਹੁੰਦਾ ਹੈਂ, ਉਹ ਗਿਰਹੀ ਹੈ। ਉਹ ਪੱਤੇ-ਪੱਤੇ ਵਿੱਚ ਵੱਸਦਾ, ਤਿੰਨਾਂ ਭਵਨਾਂ ਨੂੰ ਭੋਗ ਰਿਹਾ ਹੈ, ਤੇ ਤੂੰ ਕਿਸ ਲਈ ਜੋਗੀ ਬਣ ਰਿਹਾ ਹੈਂ ?

ਹਾਂ ! ਪ੍ਰਭੂ ਦੀ ਪ੍ਰਾਪਤੀ ਲਈ ਗ੍ਰਹਿ ਛੱਡ ਕੇ ਉਦਾਸੀ ਨਹੀਂ ਬਣਨਾ। ਬਲਕਿ ਗ੍ਰਿਸਤ ਵਿੱਚ ਹੀ, 'ਜੈਸੇ ਜਲ ਮਹਿ ਕਮਲ ਨਿਰਾਲਮ' ਬਣ ਕੇ ਰਹਿਣਾ ਹੈ। ਵੇਖ ਲਓ ! ਰੱਬ, 'ਗ੍ਰਸਤਨ ਮਹਿ ਤੂੰ ਬਡੋ ਗ੍ਰਹਿਸਤੀ' ਹੁੰਦਾ ਹੋਇਆ 'ਜੋਗਨ ਮਹਿ ਜੋਗੀ' ਵੀ ਹੈ।

ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥

(ਗੁ.ਗ੍ਰੰ.ਸਾ.ਪੰਨਾ 730)

ਮਨ ਰੇ ਗ੍ਰਿਹ ਹੀ ਮਾਹਿ ਉਦਾਸੁ॥
ਸਚੁ ਸੰਜਮੁ ਕਰਣੀ ਸੋ ਕਰੇ ਗੁਰਮੁਖਿ ਹੋਇ ਪਰਗਾਸੁ॥

(ਗੁ.ਗ੍ਰੰ.ਸਾ.ਪੰਨਾ 26)

ਸਤਿਗੁਰ ਕੀ ਐਸੀ ਵਡਿਆਈ॥ ਪੁਤ੍ਰ ਕਲਤ੍ਰ ਵਿਚੇ ਗਤਿ ਪਾਈ॥

(ਗੁ.ਗ੍ਰੰ.ਸਾ.ਪੰਨਾ 661)

ਗਿਰਹੀ ਜਾਂ ਸੰਤ

ਰੇ ਮਨ ਐਸੋ ਕਰ ਸੰਨਿਆਸਾ॥
ਬਨ ਸੇ ਸਦਨ ਸਬੈ ਕਰ ਸਮਝਹੁ ਮਨ ਹੀ ਮਾਹਿ ਉਦਾਸਾ॥

(ਪਾ. 10)

ਕਿਸ ਕੋਲੋਂ ਦਾਤਾਂ ਮੰਗਣ ਜਾਂਦੇ ਹੋ?

ਪਰ ਤੂੰ ਕਦੇ ਸੋਚਿਆ ਹੈ ਕਿ ਜਿਹੜੇ ਆਪ ਘਰ ਛੱਡੀ ਫਿਰਦੇ ਹਨ, ਜਿਹੜੇ ਆਪ ਕਿਰਤ ਨਹੀਂ ਕਰਦੇ, ਆਪ ਕਾਰ-ਵਿਹਾਰ ਛੱਡ ਕੇ ਤੇਰੀ ਕਮਾਈ 'ਤੇ ਆਸ ਲਾਈ ਬੈਠੇ ਹਨ ਅਤੇ ਜਿੰਨ੍ਹਾਂ ਦੇ ਆਪਣੇ ਡੇਰੇ ਤੇਰੀ ਕਮਾਈ ਵਿੱਚੋਂ ਕੀਤੇ ਦਾਨ ਨਾਲ ਹੀ ਚਲਦੇ ਹਨ, ਉਨ੍ਹਾਂ ਕੋਲੋਂ ਆਪਣੇ ਕੰਮ-ਕਾਰ ਦੇ ਵਾਧੇ ਲਈ ਅਸੀਸਾਂ ਲੈਣ ਜਾਂਦਾ ਹੈਂ। ਫਿਰ ਜਦੋਂ ਉਹ ਤੈਨੂੰ ਪੁੱਤਰ ਪ੍ਰਾਪਤੀ ਦੀਆਂ ਅਸੀਸਾਂ ਦਿੰਦੇ ਹਨ ਤਾਂ ਉਨ੍ਹਾਂ ਨੂੰ ਕੋਈ ਪੁੱਛਦਾ ਨਹੀਂ ਕਿ ਭਲੇ ਮਾਣਸੋ ! ਜੇ ਬੱਚੇ ਬਹੁਤ ਚੰਗੀ ਦਾਤ ਹੈ ਤਾਂ ਤੁਸੀਂ ਕਿਉਂ ਛੱਡੀ ਫਿਰਦੇ ਹੋ। ਅਤੇ ਜੇ ਚੰਗੀ ਦਾਤ ਨਹੀਂ ਤਾਂ ਵਿਚਾਰੇ ਸ਼ਰਧਾਲੂਆਂ ਨੂੰ ਕਿਉਂ ਦਿੰਦੇ ਹੋ ?

ਸਭ ਭਰਮ ਪਾਲੀ ਜਾਂਦੇ ਹਨ, ਤੇ ਇਸੇ ਕਰਕੇ ਗੁਰੂ ਜੀ ਬਚਨ ਕਰਦੇ ਹਨ :

ਮਖਟੂ ਹੋਇ ਕੈ ਕੰਨ ਪੜਾਏ॥
ਫਕਰੁ ਕਰੇ ਹੋਰੁ ਜਾਤਿ ਗਵਾਏ॥
ਗੁਰੁ ਪੀਰੁ ਸਦਾਏ ਮੰਗਣ ਜਾਇ॥
ਤਾ ਕੈ ਮੂਲਿ ਨ ਲਗੀਐ ਪਾਇ॥

(ਗੁ.ਗ੍ਰੰ.ਸਾ.ਪੰਨਾ 1245)

ਇਹਨਾਂ ਭੇਖਧਾਰੀਆਂ ਦੀ ਆਸ ਛੱਡ ਗੁਰਮਤਿ ਦੀ ਅਗਵਾਈ ਵਿੱਚ ਰੱਬ ਵਾਲਾ ਸੁਭਾ, 'ਵਿਚੇ ਗ੍ਰਿਸਤ ਉਦਾਸ ਰਹਾਈ' ਵਾਲੀ ਅਵਸਥਾ ਬਣਾ ਕੇ ਪ੍ਰਭੂ ਨਾਲ ਸਾਂਝ ਪੈਦਾ ਕਰੋ।


ਮਾਇਆ ਮਹਿ ਜਿਸੁ ਰਖੈ ਉਦਾਸੁ॥
ਕਹਿ ਕਬੀਰ ਹਉ ਤਾ ਕੋ ਦਾਸੁ॥

(ਗੁ.ਗ੍ਰੰ.ਸਾ.ਪੰਨਾ 1157)

ਗੁਰ ਸਿਖ ਜੋਗੀ ਜਾਗਦੇ ਮਾਇਆ ਅੰਦਰਿ ਕਰਨਿ ਉਦਾਸੀ।

(ਵਾਰ 29, ਪਉੜੀ 15)

ਏਤੁ ਰਾਹਿ



ਪ੍ਰੋ. ਦਰਸ਼ਨ ਸਿੰਘ ਖ਼ਾਲਸਾ

ਸਿੱਖ ਰਹਿਤ ਮਰਯਾਦਾ ਕੀ ਹੈ ?

ਅੱਜ ਗੁਰਮਤਿ ਰਹਿਤ ਮਰਯਾਦਾ
ਨਾਲ ਕੈਸਾ ਮਜ਼ਾਕ ਹੋ ਰਿਹਾ ਹੈ
ਅਤੇ
ਇਸ ਨੂੰ ਕਿੰਨੀ ਵੱਡੀ ਢਾਹ
ਲੱਗ ਰਹੀ ਹੈ ?

ਰਹਤ ਅਵਰ ...

'ਰਹਿਤ' ਦਾ ਅਰਥ ਹੈ ਰਹਿਣ-ਸਹਿਣ, ਰੋਜ਼ਾਨਾ ਜੀਵਨ ਦੇ ਨਿਯਮ। ਮੁੱਢਲੇ ਰੂਪ ਵਿੱਚ ਜੀਵਨ ਰੱਬ ਦਿੰਦਾ ਹੈ ਅਤੇ ਜੀਵਨ ਜਿਊਣ ਦਾ ਤਰੀਕਾ ਹਰ ਕੋਈ ਮਾਂ-ਬਾਪ, ਦੋਸਤਾਂ-ਮਿੱਤਰਾਂ, ਸਕੂਲਾਂ-ਕਾਲਜਾਂ ਅਤੇ ਆਪਣੇ ਚੌ-ਗਿਰਦੇ ਦੀ ਸੰਗਤ ਵਿੱਚੋਂ ਸਿੱਖਦਾ ਹੈ। ਇਸੇ ਲਈ ਮਾਂ-ਬਾਪ ਬੱਚੇ ਨੂੰ ਆਪ ਤਾਂ ਚੰਗੀ ਸਿੱਖਿਆ ਦਿੰਦੇ ਹੀ ਹਨ, ਨਾਲ ਹੀ ਚੰਗੇ ਦੋਸਤਾਂ ਦੀ ਸੰਗਤ ਅਤੇ ਉੱਚੇ ਮਿਆਰ ਵਾਲੇ ਸਕੂਲਾਂ-ਕਾਲਜਾਂ ਵਿੱਚ ਪੜ੍ਹਾਈ ਕਰਾਉਣ ਦਾ ਖਿਆਲ ਵੀ ਰੱਖਦੇ ਹਨ ਤਾਂ ਕਿ ਭਲੀ ਸੰਗਤ ਨਾਲ ਬੱਚੇ ਦੇ ਜੀਵਨ ਦਾ ਰਹਿਣ-ਸਹਿਣ ਉੱਚਾ ਹੋ ਜਾਵੇ। ਕਿਉਂਕਿ ਮਨੁੱਖ ਜੈਸੀ ਸੰਗਤ ਵਿੱਚ ਰਹਿੰਦਾ ਹੈ, ਤੈਸਾ ਹੀ ਉਸਦਾ ਰਹਿਣ-ਸਹਿਣ, ਸੁਭਾ-ਆਦਤਾਂ ਬਣ ਜਾਂਦੀਆਂ ਹਨ ਅਤੇ ਸੁਭਾ ਨਾ ਮਿਲਣ 'ਤੇ ਸਭ ਰਿਸ਼ਤੇ ਟੁੱਟ ਜਾਂਦੇ ਹਨ। ਜਿੱਥੇ ਰਹਿਣ-ਸਹਿਣ ਤੇ ਸੁਭਾ ਦਾ ਮੇਲ ਸੰਸਾਰਿਕ ਰਿਸ਼ਤਿਆਂ, ਦੋਸਤਾਂ-ਮਿੱਤਰਾਂ ਵਿੱਚ ਪਿਆਰ ਬਣਾਈ ਰੱਖਣ ਲਈ ਜ਼ਰੂਰੀ ਹੈ, ਉੱਥੇ ਪ੍ਰਭੂ ਨਾਲ, ਗੁਰੂ ਨਾਲ ਸਾਂਝ ਬਣਾਈ ਰੱਖਣ ਲਈ ਵੀ ਗੁਰੂ ਨਾਲ ਰੋਜ਼ਾਨਾ ਦਾ ਰਹਿਣ-ਸਹਿਣ ਤੇ ਸੁਭਾ ਮਿਲਣਾ ਜ਼ਰੂਰੀ ਹੈ। ਬਸ ! ਇਹੋ ਹੀ ਗੁਰੂ ਅਤੇ ਸਿੱਖ ਦੇ ਰਿਸ਼ਤੇ ਵਿੱਚ ਇੱਕ ਮਜ਼ਬੂਤ ਕੜੀ ਹੈ ਜਿਹੜੀ ਸਿੱਖ ਅਤੇ ਗੁਰੂ ਦੇ ਪਿਆਰ ਦਾ ਮੂਲ ਸਾਧਨ ਹੈ।

ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ।। ੧੩।।

ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ॥ ੧੪॥
ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ ਤਿਉ ਸਿਖੁ ਗੁਰ ਬਿਨੁ ਮਰਿ ਜਾਈ॥ ੧੫॥
ਜਿਉ ਧਰਤੀ ਸੋਭ ਕਰੇ ਜਲੁ ਬਰਸੈ ਤਿਉ ਸਿਖੁ ਗੁਰ ਮਿਲਿ ਬਿਗਸਾਈ॥ ੧੬॥

(ਗੁ.ਗ੍ਰੰ.ਸਾ.ਪੰਨਾ 757)

ਜੇ ਗੁਰੁ ਝਿੜਕੇ ਤ ਮੀਠਾ ਲਾਗੈ ਜੇ ਬਖਸੇ ਤ ਗੁਰ ਵਡਿਆਈ॥ ੨੫॥
ਗੁਰਮੁਖਿ ਬੋਲਹਿ ਸੋ ਥਾਇ ਪਾਏ ਮਨਮੁਖਿ ਕਿਛੁ ਥਾਇ ਨ ਪਾਈ॥ ੨੬॥
ਪਾਲਾ ਕਕਰੁ ਵਰਫੁ ਵਰਸੈ ਗੁਰਸਿਖੁ ਗੁਰ ਦੇਖਣ ਜਾਈ॥ ੨੭॥
ਸਭੁ ਦਿਨਸੁ ਰੈਣਿ ਦੇਖਉ ਗੁਰੁ ਅਪੁਨਾ ਵਿਚਿ ਅਖੀ ਗੁਰ ਪੈਰ ਧਰਾਈ॥ ੨੮॥
ਅਨੇਕ ਉਪਾਵ ਕਰੀ ਗੁਰ ਕਾਰਣਿ ਗੁਰ ਭਾਵੈ ਸੋ ਥਾਇ ਪਾਈ॥ ੨੯॥
ਰੈਣਿ ਦਿਨਸੁ ਗੁਰ ਚਰਣ ਅਰਾਧੀ ਦਇਆ ਕਰਹੁ ਮੇਰੇ ਸਾਈ॥ ੩੦॥
ਨਾਨਕ ਕਾ ਜੀਉ ਪਿੰਡੁ ਗੁਰੂ ਹੈ ਗੁਰ ਮਿਲਿ ਤ੍ਰਿਪਤਿ ਅਘਾਈ॥ ੩੧॥
ਨਾਨਕ ਕਾ ਪ੍ਰਭੁ ਪੂਰਿ ਰਹਿਓ ਹੈ ਜਤ ਕਤ ਤਤ ਗੋਸਾਈ॥ ੩੨॥ ੧॥

(ਗੁ.ਗ੍ਰੰ.ਸਾ.ਪੰਨਾ 758)

ਰਹਿਤ ਮਰਯਾਦਾ ਕੀ ਹੈ?

ਗੁਰੂ ਦੀ ਸੰਗਤ ਵਿੱਚ ਰਹਿ ਕੇ ਗੁਰੂ ਦੇ ਬਚਨਾਂ ਤੋਂ ਪ੍ਰਾਪਤ ਹੋਏ ਰਹਿਣ-ਸਹਿਣ ਦਾ ਨਾਂ ਹੀ ਗੁਰਮਤਿ ਰਹਿਤ ਮਰਿਆਦਾ ਹੈ ਅਤੇ ਸਿੱਖ ਦੇ ਜੀਵਨ ਵਿੱਚ ਪ੍ਰਵੇਸ਼ ਕਰਕੇ ਉਹੋ ਹੀ 'ਸਿੱਖ ਰਹਿਤ ਮਰਯਾਦਾ' ਬਣ ਜਾਂਦੀ ਹੈ। ਇਉਂ ਰਹਿਤ ਮਰਯਾਦਾ ਰਾਹੀਂ ਸਿੱਖ ਅਤੇ ਗੁਰੂ ਦੀ ਅਟੁੱਟ ਸਾਂਝ ਹੋ ਜਾਂਦੀ ਹੈ। ਗੁਰਮਤਿ ਰਹਿਤ ਮਰਯਾਦਾ ਨੂੰ ਸਮਝਣ ਲਈ ਸਤਿਗੁਰੂ ਜੀ ਦੇ ਆਪਣੇ ਜੀਵਨ ਦਾ ਰਹਿਣ-ਸਹਿਣ ਅਤੇ ਗੁਰੂ ਜੀ ਦੇ ਬਚਨ, ਗੁਰਬਾਣੀ ਤੋਂ ਹੀ ਅਗਵਾਈ ਮਿਲ ਸਕਦੀ ਹੈ।

ਪਰ ਵੱਡੀ ਭੁੱਲ ਹੈ ਕਿ ਅੱਜ ਅਸੀਂ ਗੁਰਬਾਣੀ ਤੇ ਗੁਰਮਤਿ ਰਹਿਤ ਮਰਯਾਦਾ ਭੁੱਲ ਕੇ ਆਪੋ-ਆਪਣੀ ਮਰਜ਼ੀ ਦੀ ਵੱਖ-ਵੱਖ ਸਿੱਖ ਰਹਿਤ ਮਰਯਾਦਾ ਬਣਾ ਲਈ ਹੈ ਅਤੇ ਉਸੇ ਵਿੱਚ ਹੀ ਫਿੱਟ ਕਰਕੇ ਆਪਣੀ ਸਿੱਖੀ ਦਾ ਦਿਖਾਵਾ ਕਰ ਰਹੇ ਹਾਂ। ਇੱਥੋਂ ਤਕ ਕਿ ਇੱਕ ਕੇਸਾਧਾਰੀ ਸਾਬਤ ਸੂਰਤ ਆਪਣਾ ਸਰੂਪ, ਗੁਰੂ ਦੇ ਸਰੂਪ ਨਾਲ ਮੇਲ ਕੇ ਸਿੱਖ ਅਖਵਾਉਂਦਾ ਹੈ ਅਤੇ ਦੂਜੇ ਪਾਸੇ ਗੁਰੂ ਸਰੂਪ ਦੇ ਵਿਰੁੱਧ ਰੋਜ਼ ਨਾਈਂ ਕੋਲੋਂ ਹਜਾਮਤ ਕਰਾ ਕੇ, ਗੁਰੂ ਪਸੰਦ ਦੀ ਬੇ-ਅਦਬੀ ਕਰਨ ਵਾਲਾ ਵੀ ਸਿੱਖ ਅਖਵਾਉਂਦਾ ਹੈ। ਇੱਕ ਅੰਮ੍ਰਿਤ ਛੱਕ ਕੇ, ਉੱਚੇ-ਸੁੱਚੇ ਜੀਵਨ ਵਿੱਚ ਰਹਿ ਕੇ ਗੁਰੂ ਹੁਕਮਾਂ ਅਨੁਸਾਰ ਕਿਰਤ ਕਰਨ, ਨਾਮ ਜਪਣ ਤੇ ਵੰਡ ਛੱਕਣ ਵਾਲਾ ਵੀ ਗੁਰਸਿੱਖ ਅਖਵਾਉਂਦਾ ਹੈ ਅਤੇ ਇੱਕ ਕੇਵਲ ਅੰਮ੍ਰਿਤਧਾਰੀ ਹੋਣ ਦਾ ਦਿਖਾਵਾ ਕਰਕੇ ਜਾਂ ਅੰਮ੍ਰਿਤ ਦੀ ਥਾਵੇਂ ਰੋਜ਼ ਸ਼ਰਾਬ ਦੀ ਬੋਤਲ ਖੋਲ੍ਹਣ ਵਾਲਾ, ਕੁਰੱਪਸ਼ਨ ਰਾਹੀਂ ਪਰਾਇਆ ਹੱਕ ਮਾਰਨ ਵਾਲਾ, ਗ਼ੈਰ-ਦਿਆਨਤਦਾਰ, ਵਿਕਾਰੀ ਜੀਵਨ ਵਾਲਾ ਵੀ ਗੁਰਸਿੱਖ ਅਖਵਾ ਰਿਹਾ ਹੈ। ਗੁਰੂ ਨੇ ਆਪਣੇ ਜੀਵਨ ਤੋਂ ਵੱਖ ਜਾਂ ਵੱਖ-ਵੱਖ ਕਿਸੇ ਨੂੰ ਐਸਾ ਕੁਝ ਵੀ ਨਹੀਂ ਸਿਖਾਇਆ ਜੋ ਗੁਰੂ ਦੇ ਜੀਵਨ ਨਾਲ ਮੇਲ ਨਾ ਖਾਂਦਾ ਹੋਵੇ।

ਸਿੱਖੀ ਇੱਕੋ ਗੁਰੂ ਦੀ ਹੈ, ਇੱਕੋ ਸਰੂਪ ਅਤੇ ਸਿਧਾਂਤ ਹੀ ਇਸਦੀ ਪਛਾਣ ਹੈ।

ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ।।

(ਗੁ.ਗ੍ਰੰ.ਸਾ.ਪੰਨਾ 646)

ਪਰ ਗੁਰਮਤਿ ਰਹਿਤ ਦਾ ਇੱਕ ਜ਼ਰੂਰੀ ਮਸਲਾ ਅੱਜ ਸਾਡੇ ਸਾਹਮਣੇ ਹੈ।

ਗੁਰੂ ਦਾ ਹੁਕਮ ਹੈ ਕਿ ਸਿੱਖ ਨੇ ਸ਼ਰਾਬ, ਸਿਗਰੇਟ, ਤੰਬਾਕੂ, ਭੰਗ ਆਦਿ ਕਿਸੇ ਵੀ ਨਸ਼ੇ ਦੇ ਨੇੜੇ ਨਹੀਂ ਜਾਣਾ। ਨਸ਼ੇ ਆਤਮਿਕ ਅਤੇ ਸਰੀਰਕ ਗੁਣਾਂ ਲਈ ਵਿਨਾਸ਼ਕਾਰੀ ਹਨ। ਪਰ ਭੰਗ ਕਿਉਂਕਿ ਸਸਤਾ ਨਸ਼ਾ ਸੀ ਅਤੇ ਪੰਜਾਬ ਵਿੱਚ ਆਮ ਉੱਗਦਾ ਸੀ, ਸੋ ਕਈ ਵਿਹਲੇ ਲੋਕਾਂ ਨੇ ਆਮ ਵਰਤਣਾ ਸ਼ੁਰੂ ਕਰ ਦਿੱਤਾ। ਉਹਨਾਂ ਵਿੱਚੋਂ ਚਾਤਰ ਲੋਕਾਂ ਨੇ ਰਿਸ਼ੀਆਂ-ਮੁਨੀਆਂ, ਦੇਵੀ-ਦੇਵਤਿਆਂ ਨੂੰ ਵੀ ਭੰਗ ਆਦਿ ਦਾ ਸੇਵਨ ਕਰਦਾ ਲਿਖ ਕੇ ਇਹ ਨਸ਼ਾ ਮੰਦਿਰਾਂ ਅਤੇ ਮੰਦਿਰਾਂ ਦੇ ਪੁਜਾਰੀਆਂ ਵਿੱਚ ਜਾਇਜ਼ ਠਹਿਰਾ ਦਿੱਤਾ। ਇਸੇ ਤਰ੍ਹਾਂ ਸਿੱਖਾਂ ਵਿੱਚ ਵੀ ਕੁਝ ਲੋਕ, ਕੁਝ ਲਿਖਤਾਂ ਰਾਹੀਂ ਇਹ ਨਸ਼ਾ ਗੁਰੂ ਨਾਲ ਸਬੰਧਿਤ ਕਰਨ ਤੋਂ ਵੀ ਬਾਜ਼ ਨਾ ਆਏ ਅਤੇ ਇਉਂ ਇਹ ਨਸ਼ਾ ਕੁਝ ਗੁਰਦੁਆਰਿਆਂ ਤੇ ਲੋਕਾਂ ਵਿੱਚ ਪ੍ਰਚਲਿਤ ਕਰ ਲਿਆ ਗਿਆ। ਪਰ ਗੁਰਮਤਿ ਵਿੱਚ ਇਸ ਲਈ ਕੋਈ ਪ੍ਰਵਾਨਗੀ ਨਹੀਂ ਹੈ। ਗੁਰੂ ਜੀ ਬਚਨ ਕਰ ਰਹੇ ਹਨ :

ਕੀ ਅੱਜ ਅਸੀਂ ਆਪੋ-ਆਪਣੀ ਸਿੱਖ ਰਹਿਤ ਮਰਯਾਦਾ ਨਹੀਂ ਬਣਾ ਲਈ?

ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ।।
ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ।।
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ।।
ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ।।
ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ।।
ਨਾਨਕ ਨਦਰੀ ਸਚੁ ਮਦੁ ਪਾਈਐ ਸਤਿਗੁਰੁ ਮਿਲੈ ਜਿਸੁ ਆਇ।।
ਸਦਾ ਸਾਹਿਬ ਕੈ ਰੰਗਿ ਰਹੈ ਮਹਲੀ ਪਾਵੈ ਥਾਉ।। ੧।।

(ਗੁ.ਗ੍ਰੰ.ਸਾ.ਪੰਨਾ 554)

ਸਚੁ ਸਚਾ ਜਿਨੀ ਨ ਸੇਵਿਆ ਸੇ ਮਨਮੁਖ ਮੂੜ ਬੇਤਾਲੇ।।
ਓਹ ਆਲੁ ਪਤਾਲੁ ਮੁਹਹੁ ਬੋਲਦੇ ਜਿਉ ਪੀਤੈ ਮਦਿ ਮਤਵਾਲੇ।।

(ਗੁ.ਗ੍ਰੰ.ਸਾ.ਪੰਨਾ 311)

ਨਸ਼ੇ ਦੀ ਹਾਲਤ ਨੂੰ ਕੋਈ ਸੱਭਿ ਸਮਾਜ ਪਸੰਦ ਨਹੀਂ ਕਰਦਾ। ਨਸ਼ੇ ਦੀ ਹਾਲਤ ਵਿੱਚ ਕੀਤੇ ਹੋਏ ਫੈਸਲੇ 'ਤੇ ਲੋਕ ਭਰੋਸਾ ਨਹੀਂ ਕਰਦੇ। ਗੁਰੂ ਜੀ ਵੀ ਆਖ ਰਹੇ ਹਨ ਕਿ ਨਸ਼ੇ ਦੀ ਹਾਲਤ ਵਿੱਚ ਆਪਣੇ ਤੇ ਪਰਾਏ ਦੀ ਪਛਾਣ ਨਹੀਂ ਰਹਿੰਦੀ, ਨਸ਼ੱਈ ਆਲ-ਪਾਤਾਲ ਬੋਲਦਾ ਹੈ, ਸੋਝੀ-ਸਮਝ ਗੁਆ ਬਹਿੰਦਾ ਹੈ। ਅੱਜ ਮੈਡੀਕਲ ਖੋਜ (Research) ਰਾਹੀਂ ਇਹ ਫੈਸਲੇ ਹੋ ਚੁਕੇ ਹਨ ਕਿ ਸ਼ਰਾਬ ਤੇ ਤੰਬਾਕੂ ਸਿਹਤ ਲਈ ਵੱਡੇ ਘਾਤਕ ਹਨ, ਸ਼ਰਾਬ ਦੀ ਹਰ ਬੋਤਲ 'ਤੇ ਜ਼ਹਿਰ ਲਿਖਿਆ ਜਾਂਦਾ ਹੈ। ਤੰਬਾਕੂ ਦਾ ਧੂੰਆਂ ਮਨੁੱਖ ਦੇ ਜੀਵਨ

ਲਈ ਸਭ ਤੋਂ ਖਤਰਨਾਕ ਹੈ, ਇਸ ਲਈ ਅੱਜ ਸਰਕਾਰਾਂ ਵੱਲੋਂ ਬਹੁਤੀਆਂ ਪਬਲਿਕ ਥਾਵਾਂ 'ਤੇ ਸਿਗਰੇਟ ਪੀਣੀ (Smoking) ਮਨ੍ਹਾ ਕਰ ਦਿੱਤੀ ਗਈ ਹੈ। ਇਹ ਨਸ਼ੇ ਮਨੁੱਖ ਦੀ ਸਿਹਤ ਲਈ ਘਾਤਕ ਹਨ। ਗੁਰਬਾਣੀ ਵਿੱਚ ਵੀ ਹੁਕਮ ਹੈ :

ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀ ਪਾਨੰ॥

(ਗੁ.ਗ੍ਰੰ.ਸਾ.ਪੰਨਾ 1293)

ਸ਼ਰਾਬ ਭਾਵੇਂ ਗੰਗਾ ਦੇ ਪਵਿੱਤਰ ਜਲ ਵਿੱਚ ਬਣਾਈ ਹੋਵੇ, ਤਾਂ ਵੀ ਭਲੇ ਲੋਕ, ਚੰਗੇ ਵਿਅਕਤੀ ਉਸ ਸ਼ਰਾਬ ਨੂੰ ਨਹੀਂ ਪੀਂਦੇ।

ਇੱਕ ਖ਼ਾਸ ਧਿਆਨ ਦੇਣ ਵਾਲੀ ਗੱਲ ਹੈ ਕਿ ਗੁਰਦੁਆਰੇ ਜਾਂ ਗੁਰੂ ਅਸਥਾਨ ਦੇ ਪ੍ਰਬੰਧਕ, ਗ੍ਰੰਥੀ, ਪ੍ਰਚਾਰਕ ਤੇ ਕੀਰਤਨੀਏ ਗੁਰਮਤਿ ਰਹਿਤ ਮਰਯਾਦਾ ਪ੍ਰਚਾਰਨ-ਪ੍ਰਸਾਰਨ ਦੇ ਮੁੱਖ ਕੇਂਦਰ ਬਣਾਏ ਗਏ ਸਨ। ਪਰ ਬਦਕਿਸਮਤੀ ਹੈ ਕਿ ਅੱਜ ਬਹੁਤੀ ਥਾਵੇਂ ਕਾਅਬੇ ਵਿੱਚ ਕੁਫ਼ਰ ਵੇਖਣ ਨੂੰ ਮਿਲ ਰਿਹਾ ਹੈ। ਜਿੱਥੇ ਅੱਜ ਪੰਜਾਬ ਵਿੱਚ ਪੰਥ ਅਖਵਾਉਣ ਵਾਲੇ ਕਈ ਵੱਡੇ-ਵੱਡੇ ਅਕਾਲੀ ਲੀਡਰ ਸ਼ਰਾਬ ਦਾ ਧੰਧਾ ਕਰਦੇ ਭ੍ਰਿਸ਼ਟਾਚਾਰ ਰਾਹੀਂ ਲੋਕਾਂ ਦਾ ਖ਼ੂਨ ਪੀਂਦੇ ਅਤੇ ਆਚਰਨ-ਹੀਨ ਦਿੱਸਦੇ ਹਨ, ਉੱਥੇ ਬਾਹਰ ਦੇ ਦੇਸ਼ਾਂ ਵਿੱਚ ਕਈ ਥਾਵੇਂ ਗੁਰੂ ਦੇ ਕੀਰਤਨੀਏ ਅਖਵਾਉਣ ਵਾਲਿਆਂ ਨੇ ਵੀ ਸ਼ਰਾਬ ਤੇ ਸਿਗਰੇਟਾਂ ਦੀਆਂ ਦੁਕਾਨਾਂ (Liquor Stores) ਹਨ ਅਤੇ ਕੀਰਤਨ ਵੀ ਕਰਦੇ ਹਨ। ਉਹਨਾਂ ਦਾ ਕੀਰਤਨ ਸੁਣਨ-ਸੁਣਾਉਣ ਵਾਲਿਆਂ ਦੀ ਸਿੱਖੀ ਅਤੇ ਗੁਰਮਤਿ ਰਹਿਤ ਨਾਲ ਕੀ ਸਾਂਝ ਹੋਵੇਗੀ ?, ਇਹ ਹਰ ਗੁਰਸਿੱਖ ਅੰਦਾਜ਼ਾ ਲਾ ਸਕਦਾ ਹੈ। ਅੱਜ ਕੁਝ ਗੁਰਦੁਆਰਿਆਂ ਦੇ ਪ੍ਰਬੰਧਕ ਵੀ ਸ਼ਰਾਬ ਦੇ ਠੇਕੇ ਚਲਾਉਂਦੇ ਹਨ ਅਤੇ ਸਿਗਰੇਟ-ਤੰਬਾਕੂ ਵੇਚਦੇ ਹਨ। ਐਸੇ ਪ੍ਰਬੰਧਕ ਕਿਉਂ ਚਾਹੁਣਗੇ ਕਿ ਗੁਰਦੁਆਰੇ ਵਿੱਚ ਅੰਮ੍ਰਿਤ ਛੱਕਣ ਲਈ ਪ੍ਰੇਰਨਾ ਦਿੱਤੀ ਜਾਵੇ, ਲੋਕ ਅੰਮ੍ਰਿਤ ਛੱਕਣ, ਸ਼ਰਾਬ ਤਿਆਗਣ। ਕਿਉਂਕਿ ਇਸ ਤਰ੍ਹਾਂ ਉਹਨਾਂ ਦੇ ਧੰਦੇ 'ਤੇ ਅਸਰ ਪੈਂਦਾ ਹੈ। ਐਸੇ ਲੋਕ ਤਾਂ ਕਈ ਵਾਰ ਗੁਰਦੁਆਰੇ ਦੇ ਗ੍ਰੰਥੀ ਕੋਲੋਂ ਅਰਦਾਸ ਕਰਾਉਂਦੇ ਹਨ ਕਿ ਹੇ ਸਤਿਗੁਰੂ ! ਗੁਰਮੁੱਖ ਪਿਆਰੇ ਫਲਾਣੇ ਸਿੰਘ ਦੇ ਕਾਰੋਬਾਰ ਵਿੱਚ ਦਿਨ-ਰਾਤ ਚੌਗੁਣੀ ਤਰੱਕੀ ਹੋਵੇ। ਭਾਵ ਸ਼ਰਾਬ ਪੀਣ ਵਾਲੇ ਲੋਕ ਵੱਧਦੇ ਜਾਣ। ਅੰਮ੍ਰਿਤ ਵੰਡਣ ਵਾਲੇ ਕੋਲੋਂ ਸ਼ਰਾਬ ਦਾ ਪਿਆਲਾ ਮੰਗਿਆ ਜਾ ਰਿਹਾ ਹੈ ਅਤੇ ਗ੍ਰੰਥੀ ਸਿੰਘ ਵੀ ਐਸੀਆਂ ਅਰਦਾਸਾਂ ਰੋਜ਼ ਕਰ ਰਹੇ ਹਨ। ਅਰਦਾਸ ਵਿੱਚ ਪਹਿਲੇ ਗੁਰੂ ਕੋਲੋਂ ਲੋਕਾਂ ਨੂੰ ਜ਼ਹਿਰ ਪਿਆਉਣ ਦਾ ਹੱਕ ਮੰਗਦੇ ਹਨ ਅਤੇ ਅਖੀਰ 'ਤੇ 'ਤੇਰੇ ਭਾਣੇ ਸਰਬੱਤ ਦਾ ਭਲਾ' ਆਖਦੇ ਹਨ।

ਅੱਜ ਅਸੀਂ ਕਿਵੇਂ ਗੁਰਮਤਿ ਰਹਿਤ ਨਾਲ ਮਜ਼ਾਕ ਕਰ ਰਹੇ ਹਾਂ?

ਇਹ ਗੁਰਮਤਿ ਰਹਿਤ ਨਾਲ ਕੈਸਾ ਮਜ਼ਾਕ ਹੋ ਰਿਹਾ ਹੈ। ਜੇ ਆਖੋ ਤਾਂ ਜੁਆਬ ਦਿੰਦੇ ਹਨ ਕਿ ਇਹ ਸਾਡਾ ਧੰਦਾ ਹੈ ਅਤੇ ਹਰ ਤਰ੍ਹਾਂ ਦਾ ਧੰਦਾ ਕਰਨਾ ਸਾਡਾ ਹੱਕ ਹੈ। ਹੋਰ ਦੁੱਖ ਦੀ ਗੱਲ ਇਹ ਹੈ ਕਿ ਬੀਤੇ ਦਿਨੀਂ ਇੱਕ ਅਕਾਲ ਤਖ਼ਤ ਦੇ ਜੱਥੇਦਾਰ ਨੇ ਵੀ ਇਹ ਫੈਸਲਾ ਸੁਣਾ ਭੇਜਿਆ ਕਿ ਇਹ ਤੁਹਾਡਾ ਕਾਰੋਬਾਰ ਹੈ, ਇਸ ਲਈ ਤੁਸੀਂ ਕਰ ਸਕਦੇ ਹੋ। ਪਰ ਸਤਿਗੁਰੂ ਜੀ ਤਾਂ ਬਚਨ ਕਰਦੇ ਹਨ :

ਮਾਣਸ ਖਾਣੇ ਕਰਹਿ ਨਿਵਾਜ।। ਛੁਰੀ ਵਗਾਇਨਿ ਤਿਨ ਗਲਿ ਤਾਗ।।
ਤਿਨ ਘਰਿ ਬ੍ਰਹਮਣ ਪੂਰਹਿ ਨਾਦ।। ਉਨ੍ਹਾ ਭਿ ਆਵਹਿ ਓਈ ਸਾਦ।।
ਕੂੜੀ ਰਾਸਿ ਕੂੜਾ ਵਾਪਾਰੁ।। ਕੂੜੁ ਬੋਲਿ ਕਰਹਿ ਆਹਾਰੁ।।
ਸਰਮ ਧਰਮ ਕਾ ਡੇਰਾ ਦੂਰਿ ।। ਨਾਨਕ ਕੂੜੁ ਰਹਿਆ ਭਰਪੂਰਿ।।

(ਗੁ.ਗ੍ਰੰ.ਸਾ.ਪੰਨਾ 471)

ਤਾਂ ਫਿਰ "ਦੁਕ੍ਰਿਤ ਸੁਕ੍ਰਿਤ ਥਾਰੋ ਕਰਮੁ ਰੀ' ਦਾ ਅਰਥ ਕੀ ਹੋਵੇਗਾ ?, ਸਿੱਖ ਨੂੰ ਤਾਂ ਗੁਰੂ ਦਾ ਹੁਕਮ ਹੈ :

ਓਨੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ।।

(ਗੁ.ਗ੍ਰੰ.ਸਾ.ਪੰਨਾ 467)

ਗੁਰਮਤਿ ਮੁਤਾਬਿਕ ਸੁਕ੍ਰਿਤ ਵਿੱਚੋਂ ਕਮਾਇਆ ਧਰਮ ਹੀ ਪ੍ਰਵਾਨ ਹੈ।

ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ।।
ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ।।
ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ।।
ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ।।

(ਗੁ.ਗ੍ਰੰ.ਸਾ.ਪੰਨਾ 472)

ਕੀ ਪ੍ਰਚਾਰਕ ਨੂੰ ਹਰੇਕ ਤਰ੍ਹਾਂ ਦਾ ਧੰਦਾ ਕਰਨ ਦਾ ਹੱਕ ਹੈ?

ਬਦਕਿਸਮਤੀ ਹੈ ਕਿ ਗੁਰਦੁਆਰੇ ਅਸਥਾਨ, ਗੁਰਦੁਆਰਿਆਂ ਦੇ ਪ੍ਰਬੰਧਕ, ਗ੍ਰੰਥੀ, ਕੀਰਤਨੀਏ, ਪ੍ਰਚਾਰਕ, ਗੁਰਮਤਿ ਰਹਿਤ ਦੀ ਪ੍ਰਚਾਰਕ ਸ਼੍ਰੇਣੀ ਵਿੱਚੋਂ ਵੀ ਕੁਝ ਨੇ ਇਹ ਸਭ ਇੱਕ ਧੰਦਾ ਹੀ ਸਮਝ ਲਿਆ ਹੈ ਜਿਸ ਨਾਲ ਗੁਰਮਤਿ ਰਹਿਤ ਮਰਯਾਦਾ ਨੂੰ ਵੱਡੀ ਢਾਹ ਲੱਗ ਰਹੀ ਹੈ। ਗੁਰਸਿੱਖ ਸੰਗਤਾਂ ਨੂੰ ਸੁਚੇਤ ਹੋ ਕੇ ਇਸ ਪਾਸੇ ਧਿਆਨ ਦੇਣਾ ਪਵੇਗਾ, ਤਾਂ ਕਿ ਗੁਰਦੁਆਰਾ ਪ੍ਰਬੰਧ ਅਤੇ ਪ੍ਰਚਾਰ ਵਿੱਚ ਸੁਧਾਰ ਆਵੇ। ਪ੍ਰਬੰਧਕ, ਪ੍ਰਚਾਰਕ, ਗ੍ਰੰਥੀ, ਕੀਰਤਨੀਏ, ਗੁਰਮਤਿ ਦੇ ਧਾਰਨੀ ਸੁਕ੍ਰਿਤੀ, ਉੱਚੇ-ਸੁੱਚੇ ਜੀਵਨ ਵਾਲੇ ਹੀ ਤਿਆਰ ਕੀਤੇ ਜਾਣ ਤਾਂ ਕਿ ਸਿੱਖੀ ਨੂੰ ਦੁਕ੍ਰਿਤੀ ਧੰਦਿਆਂ ਤੋਂ ਬਚਾ ਕੇ ਸੁਕ੍ਰਿਤ ਨਾਲ ਜੋੜਿਆ ਜਾ ਸਕੇ। ਕਿਸੇ ਵੀ ਗੁਰਮਤਿ ਵਿਰੁੱਧ ਜੀਵਨ ਦੇ ਧੰਦੇ ਵਾਲੇ ਵਿਅਕਤੀ ਨੂੰ ਪ੍ਰਬੰਧਕ ਜਾਂ ਪ੍ਰਚਾਰਕ ਸ਼੍ਰੇਣੀ ਵਿੱਚ ਪ੍ਰਵਾਨ ਨਾ ਕੀਤਾ ਜਾਵੇ। ਸਤਿਗੁਰੂ ਜੀ ਗੁਰਬਾਣੀ ਵਿੱਚ ਫੈਸਲਾ ਦਿੰਦੇ ਹਨ :

ਰਹਤ ਅਵਰ ਕਛੁ ਅਵਰ ਕਮਾਵਤ।। ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ।।
ਜਾਨਨਹਾਰ ਪ੍ਰਭੂ ਪਰਬੀਨ।। ਬਾਹਰਿ ਭੇਖ ਨ ਕਾਹੂ ਭੀਨ।।
ਅਵਰ ਉਪਦੇਸੈ ਆਪਿ ਨ ਕਰੈ।। ਆਵਤ ਜਾਵਤ ਜਨਮੈ ਮਰੈ।।
ਜਿਸ ਕੈ ਅੰਤਰਿ ਬਸੈ ਨਿਰੰਕਾਰੁ।। ਤਿਸ ਕੀ ਸੀਖ ਤਰੈ ਸੰਸਾਰੁ।।
ਜੋ ਤੁਮ ਭਾਨੇ ਤਿਨ ਪ੍ਰਭੁ ਜਾਤਾ।। ਨਾਨਕ ਉਨ ਜਨ ਚਰਨ ਪਰਾਤਾ।।

(ਗੁ.ਗ੍ਰੰ.ਸਾ.ਪੰਨਾ 267)

☬

ਅੱਜ ਭੰਨਣ-ਘੜਨ ਸਮਰੱਥ
ਗੁਰੂ ਨਾ ਹੋ ਕੇ,
ਸਾਡੇ ਇਹ ਸਿਆਸੀ ਲੀਡਰ
ਹੀ ਹੋ ਗਏ ਹਨ।

☬

ਇਹ ਲੀਡਰ ਸਿੱਖ ਪੰਥ ਨੂੰ
ਆਪਣੀ ਮੁੱਠੀ ਦਾ ਮਾਲ
ਸਮਝ ਰਹੇ ਹਨ।

☬

ਕਦੇ ਪੰਥ ਦੇ ਸਿਰਜਣਹਾਰ ਨੇ
ਇਸ ਪੰਥ ਤੋਂ
ਆਪਣੇ ਪੁੱਤਰ ਵਾਰੇ ਸੀ,
ਪਰ ਅੱਜ ਦਾ ਸਿੱਖ ਲੀਡਰ
ਆਪਣੇ ਪੁੱਤਰਾਂ ਤੋਂ
ਪੰਥ ਵਾਰ ਰਿਹਾ ਹੈ।

☬

ਅੰਜਾਮੇਂ ਗੁਲਿਸਤਾਂ ਕਿਆ ਹੋਗਾ

ਜਿਸ ਸਿੱਖੀ ਦੇ ਬਾਗ਼ ਦਾ ਇੱਕ-ਇੱਕ ਬੂਟਾ ਗੁਰੂ ਨਾਨਕ ਨੇ ਚਾਰ ਉਦਾਸੀਆਂ ਰਾਹੀਂ ਸੰਸਾਰ ਵਿੱਚ ਵਿਚਰ ਕੇ ਦੇਸਾਂ-ਪਰਦੇਸਾਂ ਤੋਂ ਲੱਭ-ਲੱਭ ਲਿਆਉਂਦਾ ਹੋਵੇ, ਗੁਰੂ ਸਾਹਿਬਾਨ ਦੇ ਪਵਿੱਤਰ ਉਪਦੇਸ਼ ਨਾਲ ਸਿੰਜਿਆ ਗਿਆ ਹੋਵੇ ਤੇ ਪੁੱਤਰਾਂ ਦੇ ਲਹੂ ਦੀ ਖਾਦ ਪਾ ਕੇ ਪਾਲਿਆ ਗਿਆ ਹੋਵੇ, ਇਸ ਬਾਗ਼ ਨੂੰ ਉਜਾੜਨ ਲਈ ਆਈ ਹਰ ਜ਼ੁਲਮ ਦੀ ਹਨੇਰੀ ਨੂੰ ਰੋਕਣ ਲਈ ਹੁਣ ਤਕ ਲੱਖਾਂ ਸ਼ਹੀਦ, ਗੁਰਸਿੱਖ ਸੂਰਬੀਰ ਜੋਧਿਆਂ ਨੇ ਆਪਣੇ ਸਿਰਾਂ ਦੀ ਵਾੜ ਕੀਤੀ ਹੋਵੇ। ਅੱਜ ਤਕ ਜਿਹੜਾ ਵੀ ਪੰਛੀ ਜ਼ੁਲਮ ਦੀਆਂ ਗਰਮ ਹਵਾਵਾਂ ਤੋਂ ਬੱਚਣ ਲਈ ਇਸਦੀ ਸ਼ਰਨ ਆਇਆ, ਇਸ ਹਰੇ-ਭਰੇ ਸਿੱਖੀ ਦੇ ਬਾਗ਼ ਨੇ ਆਪਣੀਆਂ ਠੰਡੀਆਂ ਹਵਾਵਾਂ, ਪੱਤਿਆਂ ਦੀ ਛਾਂ ਅਤੇ ਮਿੱਠੇ ਫੱਲਾਂ ਰਾਹੀਂ ਉਸਨੂੰ ਜੀਵਨ ਪ੍ਰਦਾਨ ਕੀਤਾ।

ਪਰ ਅੱਜ ਜਦੋਂ ਇਸ ਬਾਗ਼ ਦੀਆਂ ਧਾਰਮਿਕ ਅਤੇ ਸਿਆਸੀ ਸ਼ਾਖਾ 'ਤੇ ਬੈਠ ਕੇ ਤਾਕਤ ਦੇ ਹੁਲਾਰੇ ਵਿੱਚ ਮਸਤ ਹੋਏ ਇਹਨਾਂ ਪੰਛੀਆਂ ਵੱਲੋਂ ਹੀ ਇਸ ਬਾਗ਼ ਦੇ ਸਿਧਾਂਤਕ ਖੇੜੇ ਅਤੇ ਹਰਿਆਵਲ ਨੂੰ ਪਾਇਆ ਉਜਾੜਾ, ਤਖ਼ਤਾਂ ਦੀ ਮਾਨ-ਮਰਯਾਦਾ ਦਾ ਤਹਿਸ-ਨਹਿਸ, ਧਾਰਮਿਕ ਪਦਵੀਆਂ ਦਾ ਆਪਣੀ ਕੁਰੱਪਸ਼ਨ ਤੇ ਕਮਜ਼ੋਰੀਆਂ ਛੁਪਾਉਣ ਅਤੇ ਪਦਵੀਆਂ 'ਤੇ ਕਬਜ਼ਾ ਰੱਖਣ ਲਈ ਸਿਆਸੀ ਲੋਕਾਂ ਦੀ ਮੁੱਠੀ ਦਾ ਮੋਹਰਾ ਹੋ ਜਾਣਾ। ਅੱਜ ਹਾਲਤ ਇਹ ਹੈ ਕਿ ਸਿਆਸੀ ਲੀਡਰ ਧਾਰਮਿਕ ਪਦਵੀਆਂ ਨੂੰ ਆਪਣੀ ਸਿਆਸੀ ਲੋੜਾਂ

ਲਈ ਹਰ ਥਾਵੇਂ ਵਰਤ ਰਹੇ ਹਨ। ਜਦੋਂ ਤਕ ਕੋਈ ਜੱਥੇਦਾਰ ਸਿਆਸੀ ਸ਼ਕਤੀ ਨਾਲ ਮਿਲ ਕੇ ਰਹੇ, ਬੇਸ਼ਕ ਜਿੰਨਾ ਮਰਜ਼ੀ ਕੌਮ ਦਾ ਧਾਰਮਿਕ ਅਤੇ ਸਿਧਾਂਤਕ ਨੁਕਸਾਨ ਕਰ ਲਵੇ, ਕੋਈ ਐਕਸ਼ਨ ਨਹੀਂ ਹੋਵੇਗਾ। ਪਰ ਜਿਸ ਦਿਨ ਇਹਨਾਂ ਲੀਡਰਾਂ ਦੀ ਮਰਜ਼ੀ ਅੱਗੇ ਜ਼ਰਾ ਅੜੇ, ਸਿੱਖ ਸੰਗਤਾਂ ਅਤੇ ਸਿੱਖ ਸੰਪ੍ਰਦਾਵਾਂ ਨਾਲ ਵੀਚਾਰ ਕੀਤੇ ਬਿਨਾ ਉਸੇ ਵਕਤ ਉਸਨੂੰ ਬਦਲ ਦਿੱਤਾ ਜਾਂਦਾ ਹੈ। ਇੱਥੋਂ ਤਕ ਕਿ ਰਾਤੋ-ਰਾਤ ਮਰਯਾਦਾ ਬਦਲ ਦਿੱਤੀਆਂ ਜਾਂਦੀਆਂ ਹਨ। ਜਿਵੇਂ ਅੱਜ ਭੰਨਣ-ਘੜਨ ਸਮਰੱਥ ਗੁਰੂ ਨਾ ਹੋ ਕੇ, ਸਾਡੇ ਇਹ ਸਿਆਸੀ ਲੀਡਰ ਹੀ ਹੋ ਗਏ ਹਨ।

ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਲੱਗੀ ਵੱਡੀ ਢਾਹ

ਇੱਕ ਤਖ਼ਤ ਦੇ ਜੱਥੇਦਾਰ ਸਾਹਿਬ 'ਤੇ ਕੁਰੱਪਸ਼ਨ ਅਤੇ ਕਈ ਹੋਰ ਦੋਸ਼ ਲੱਗੇ, ਸ੍ਰੀ ਅਕਾਲ ਤਖ਼ਤ ਦੇ ਜੱਥੇਦਾਰ ਨੇ ਕੌਮੀ ਸਰਮਾਏ ਦਾ ਹਿਸਾਬ ਮੰਗਿਆ ਪਰ ਕੋਈ ਐਕਸ਼ਨ ਨਹੀਂ ਲਿਆ ਗਿਆ, ਬਲਕਿ ਹਰ ਮੋੜ 'ਤੇ ਉਸ ਜੱਥੇਦਾਰ ਨੂੰ ਬਚਾਇਆ ਗਿਆ। ਇੱਕ ਜੱਥੇਦਾਰ ਸਾਹਿਬ ਜੀ ਨੇ ਜਦੋਂ ਲੰਗਰ ਅਤੇ ਬੈਂਕੁਅਟ-ਹਾਲਾਂ ਸਬੰਧੀ ਕਾਹਲੀ ਵਿੱਚ ਹੁਕਮਨਾਮੇ ਜਾਰੀ ਕੀਤੇ ਜਿੰਨ੍ਹਾਂ ਕਾਰਣ ਕੌਮ ਵਿੱਚ ਵੱਡੀ ਪੱਧਰ 'ਤੇ ਬਗ਼ਾਵਤ ਅਤੇ ਕਤਲਾਂ ਤਕ ਦੀ ਨੌਬਤ ਆਈ, ਪਰ ਕੋਈ ਐਕਸ਼ਨ ਨਹੀਂ। ਪਰ ਜਿਸ ਦਿਨ ਉਸੇ ਹੀ ਜੱਥੇਦਾਰ ਵੱਲੋਂ ਦੂਜੇ ਜੱਥੇਦਾਰਾਂ ਸਮੇਤ ਇਹਨਾਂ ਸਿਆਸੀ ਲੀਡਰਾਂ ਨੂੰ ਭ੍ਰਿਸ਼ਟਾਚਾਰ ਅਤੇ ਮਨਮਤ ਦੇ ਇਲਜ਼ਾਮ ਹੇਠ ਤਲਬ ਕੀਤਾ ਗਿਆ, ਤਾਂ ਤਲਬ ਕਰਨ ਵਾਲੇ ਜੱਥੇਦਾਰ ਜੀ ਨੂੰ ਮੱਖਣ ਵਿੱਚੋਂ ਵਾਲ ਵਾਂਗੂੰ ਰਾਤੋ-ਰਾਤ ਕੱਢ ਦਿੱਤਾ ਗਿਆ। ਇੱਕ ਦਿਨ ਵਿੱਚ ਹੀ ਪਹਿਲਾਂ ਇੱਕ ਦੀ ਨਿਯੁਕਤੀ ਅਤੇ ਸ਼ਾਮ ਤਕ ਉਹਨਾਂ ਦੇ ਨਾ ਮੰਨਣ 'ਤੇ ਦੂਜੇ ਨੂੰ ਨਿਯੁਕਤ ਕੀਤਾ ਗਿਆ। ਉਹ ਜੱਥੇਦਾਰ ਵੀ ਜਦੋਂ ਤਕ ਸਿੱਖਾਂ ਨੂੰ ਹਿੰਦੂ ਸਾਬਤ ਕਰਨ ਵਿੱਚ ਲੱਗੇ ਰਹੇ, ਨਾਨਕਸ਼ਾਹੀ ਕੈਲੰਡਰ ਦੇ ਮਸਲੇ ਨੂੰ ਖੁੱਡੇ ਲਾਉਣ ਤੇ ਪੰਥਕ ਨੁਕਸਾਨ ਕਰਨ ਲਈ ਉਹਨਾਂ 'ਤੇ ਕੋਈ ਐਕਸ਼ਨ ਨਹੀਂ। ਪਰ ਜਿਸ ਦਿਨ ਦੋ ਜੱਥੇਦਾਰਾਂ ਸਮੇਤ ਇਹਨਾਂ ਸਿਆਸੀ ਲੀਡਰਾਂ ਦੀ ਘੁੰਡੀ ਨੂੰ ਹੱਥ ਪਿਆ, ਉਦੋਂ ਇਹਨਾਂ ਨੇ ਪਲ ਵਿੱਚ ਹੀ ਗਿਆਨੀ ਪੂਰਨ ਸਿੰਘ ਨੂੰ ਤਖ਼ਤ ਤੋਂ ਸੜਕ 'ਤੇ ਲਿਆ ਖੜਾ ਕੀਤਾ ਅਤੇ ਅਕਾਲ ਤਖ਼ਤ ਸਾਹਿਬ 'ਤੇ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਜੀ ਦੀ ਨਿਯੁਕਤੀ ਹੋਈ। ਇੱਕ ਵਾਰ ਹੋਰ ਆਪਣਾ ਹਥਿਆਰ ਵਰਤਦਿਆਂ ਵੇਦਾਂਤੀ ਜੀ ਨੇ ਆਉਂਦਿਆਂ ਹੀ ਪਹਿਲੇ ਦਿਨ ਹੀ ਇਹਨਾਂ ਲੀਡਰਾਂ ਦੇ ਹੁਕਮ ਨਾਲ ਬਿਨਾਂ ਛਾਣ-ਬੀਨ ਕੀਤਿਆਂ ਪਿਛਲੇ ਕੁਝ ਸਮੇਂ ਦੇ ਸਾਰੇ ਹੀ ਉਹ ਹੁਕਮਨਾਮੇ ਰੱਦ ਕਰ ਦਿੱਤੇ ਜਿਹੜੇ ਸੱਤਾਧਾਰੀ ਸਿਆਸੀ ਲੀਡਰਾਂ 'ਤੇ ਲਾਗੂ ਹੁੰਦੇ ਸਨ। ਪਰ ਨਾਨਕਸ਼ਾਹੀ ਕੈਲੰਡਰ ਰੋਕਣ ਵਾਲਾ ਗਿਆਨੀ ਪੂਰਨ ਸਿੰਘ ਦਾ ਹੁਕਮਨਾਮਾ ਰੱਦ ਨਾ ਕਰਨਾ ਠੀਕ ਨਾ ਸਮਝਿਆ ਕਿਉਂਕਿ ਲੀਡਰ ਇਹ ਨਹੀਂ ਚਾਹੁੰਦੇ ਸਨ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ-ਮਰਯਾਦਾ ਨਾਲ ਇੱਕ ਹੋਰ ਮਜ਼ਾਕ ਕੀਤਾ ਗਿਆ। ਹਰ ਸਿੱਖ ਅੰਦਰ ਬਹਿ ਕੇ ਲਹੂ ਦੇ ਅਥਰੂ ਰੋ ਰਿਹਾ ਸੀ ਪਰ ਇਹਨਾਂ ਨਾਮ-ਨਿਹਾਦ ਲੀਡਰਾਂ ਨੂੰ ਕੋਈ ਪੁੱਛਣ ਵਾਲਾ ਨਹੀਂ ਸੀ।

ਕਦੇ ਪੰਥ ਦੇ ਸਿਰਜਣਹਾਰ ਨੇ ਆਖਿਆ ਸੀ, "ਇਨ ਪੁਤਰਨ ਕੇ ਸੀਸ ਪਰ ਵਾਰ

ਦੀਏ ਸੁਤ ਚਾਰ, ਚਾਰ ਮੂਏ ਤਉ ਕਿਆ ਹੂਆ ਜੀਵਤ ਕਈ ਹਜ਼ਾਰ"। ਪਰ ਅੱਜ ਦਾ ਨਾਮ-ਨਿਹਾਦ ਸਿੱਖ ਲੀਡਰ ਆਪਣੇ ਪੁੱਤਰਾਂ ਤੋਂ ਪੰਥ ਵਾਰ ਰਿਹਾ ਹੈ। ਬਲਕਿ ਸਿੱਖ ਵਿਰੋਧੀ ਸੋਚਦਾ ਭਾਈਵਾਲ ਬਣ ਕੇ ਸਿੱਖੀ ਸਰੂਪ, ਬਾਣੀ-ਬਾਣੇ ਅਤੇ ਸਿੱਖੀ ਭਵਿੱਖ ਲਈ ਘਾਤਕ ਰਾਹਾਂ 'ਤੇ ਚਲ ਰਿਹਾ ਹੈ।

ਅੱਜ ਆਰ.ਐਸ.ਐਸ. ਸਿੱਖੀ ਦੇ ਕੇਂਦਰ ਪੰਜਾਬ 'ਤੇ ਅਮਰ-ਵੇਲ ਵਾਂਗੂੰ ਛਾ ਰਹੀ ਹੈ। 'ਰਾਸ਼ਟ੍ਰੀਯ ਸਿੱਖ ਸੰਗਤ' ਨਾਂ ਦੀਆਂ ਸਾਜਸ਼ੀ ਜੱਥੇਬੰਦੀਆਂ ਖੜੀਆਂ ਹੋ ਗਈਆਂ ਹਨ। ਰਾਮ ਰਾਏ ਅਤੇ ਧੀਰ ਮੱਲ ਨੂੰ ਸਿੱਖਾਂ ਦਾ ਗਿਆਰ੍ਹਵਾਂ ਤੇ ਬਾਰ੍ਹਵਾਂ ਗੁਰੂ ਪ੍ਰਚਾਰਿਆ ਜਾ ਰਿਹਾ ਹੈ। 1978 ਤੋਂ ਕਿਸੇ ਨਾ ਕਿਸੇ ਰੂਪ ਵਿੱਚ ਸਿੱਖ ਕੌਮ ਨਾਲ ਵਾਪਰ ਰਹੇ ਭਿਆਨਕ ਘੱਲੂਘਾਰਿਆਂ ਵਿੱਚੋਂ ਕੌਮ ਨੂੰ ਕੁੰਦਨ ਬਣ ਕੇ ਨਿਕਲਣਾ ਚਾਹੀਦਾ ਸੀ। ਇਹਨਾਂ ਲੀਡਰਾਂ ਵੱਲੋਂ ਕੌਮ ਦੇ ਸੌ ਕਰੋੜ ਰੁਪੈ ਲਾ ਕੇ ਕੀਤੇ 'ਵਿਸ਼ਵ ਸਿੱਖ ਸੰਮੇਲਨ' ਵਿੱਚ ਉੱਚੀਆਂ ਬਾਹਵਾਂ ਕਰਕੇ ਕੀਤੇ ਦਾਅਵੇ ਕਿ ਖ਼ਾਲਸੇ ਦੇ 300 ਸਾਲਾ ਸਾਜਨਾ ਦਿਵਸ ਮੌਕੇ 1999 ਦੀ ਵਿਸਾਖੀ ਤਕ ਸਾਰੀ ਕੌਮ ਨੂੰ ਅੰਮ੍ਰਿਤਧਾਰੀ ਕਰ ਦੇਵਾਂਗੇ, ਅਤੇ ਉਸ ਸੰਮੇਲਨ ਵਿੱਚ ਬਣਾਈ ਗਈ 'ਵਿਸ਼ਵ ਸਿੱਖ ਕੌਂਸਲ' ਅੱਜ ਕਿਸ ਹਸ਼ਰ ਵਿੱਚ ਹੈ ?

ਕੀ ਸਾਡੇ ਇਹ ਅਖੌਤੀ ਪੰਥਕ ਲੀਡਰ ਆਪ ਗੁਰਮਤਿ ਤੋਂ ਜਾਣੂ ਹਨ?

ਕੀ ਸਿੱਖ ਪੰਥ ਨੂੰ ਆਪਣੀ ਮੁੱਠੀ ਦਾ ਮਾਲ ਸਮਝ ਕੇ ਪੰਥਕ ਨਾਮ ਅਤੇ ਤਖ਼ਤਾਂ ਦੀ ਸ਼ਕਤੀ ਨੂੰ ਆਪਣੀ ਜ਼ਾਤੀ ਸਿਆਸਤ ਲਈ ਵਰਤਣ ਵਾਲੇ ਇਹ ਲੋਕ ਆਪ ਸਾਰੇ ਅੰਮ੍ਰਿਤਧਾਰੀ ਹਨ ਅਤੇ ਗੁਰਬਾਣੀ ਗੁਰਮਤਿ ਨੂੰ ਸਮਝਦੇ ਹਨ ?

1999 ਦੀ ਵਿਸਾਖੀ ਨੂੰ ਕੌਮ ਉਡੀਕ ਰਹੀ ਸੀ ਕਿ ਇਹ ਦਿਨ ਸਿੱਖਾਂ ਲਈ ਸੰਸਾਰ ਦੀਆਂ ਇੱਜ਼ਤਦਾਰ ਕੌਮਾਂ ਦੀ ਕਤਾਰ ਵਿੱਚ ਹਮੇਸ਼ਾ ਲਈ ਗੌਰਵ ਨਾਲ ਬੈਠਣ ਦਾ ਦਿਹਾੜਾ ਹੋਵੇਗਾ। ਕੌਮ ਦਾ ਬੇਅੰਤ ਸਰਮਾਇਆ ਤੇ ਸਮਾਂ ਖ਼ਰਚ ਹੋ ਗਿਆ, ਪਰ ਵਕਤ ਸਿਰ ਇਹਨਾਂ ਖ਼ੁਦਗਰਜ਼ ਲੀਡਰਾਂ ਨੇ ਜੋ ਕੜੀ ਘੋਲ੍ਹੀ, ਉਹ ਕਿਸੇ ਕੋਲੋਂ ਛਿਪੀ ਹੋਈ ਗੱਲ ਨਹੀਂ। ਆਖਰ ਤਿੰਨ੍ਹ ਸੌ ਸਾਲ ਬਾਅਦ ਆਇਆ ਇਹ ਮਹਾਨ ਦਿਨ ਅਸੀਂ ਕੇਵਲ "ਮਥੇ ਟਿਕਾ ਤੇੜ ਧੋਤੀ ਕਖਾਈ" ਦੀ ਪਰਛਾਈ ਬਣ ਕੇ ਹੀ ਮਨਾਇਆ।

ਸਾਡਾ ਭਵਿੱਖ ਕੀ ਹੈ ?, ਗੁਰੂ ਹੀ ਜਾਣਦਾ ਹੈ। ਸਾਡੀ ਅਗਲੀ ਪੀੜ੍ਹੀ (Generation) ਦੇ ਸਿੱਖੀ ਸਰੂਪ ਨੂੰ ਬਾਹਰਲਿਆਂ ਦੇਸ਼ਾਂ ਵਿੱਚ ਉੱਥੋਂ ਦੀ ਸੱਭਿਅਤਾ (Culture) ਖਾ ਰਹੀ ਹੈ ਅਤੇ ਹਿੰਦੁਸਤਾਨ ਵਿੱਚ ਉਸਨੂੰ ਸਾਜਿਸ਼ ਅਧੀਨ ਖ਼ਤਮ ਕੀਤਾ ਜਾ ਰਿਹਾ ਹੈ। ਬਦਕਿਸਮਤੀ ਨਾਲ ਸਾਡੀਆਂ ਬਹੁਤੀਆਂ ਧਾਰਮਿਕ ਸੰਪ੍ਰਦਾਵਾਂ ਅਤੇ ਜੱਥੇਬੰਦੀਆਂ ਵੀ ਸਿਆਸੀ ਪ੍ਰਭਾਵ ਹੇਠ ਜੀ-ਹਜ਼ੂਰੀ ਕਰਦੀਆਂ ਉਹਨਾਂ ਦੇ ਦੁਆਲੇ ਪਰਿਕਰਮਾ ਕਰ ਰਹੀਆਂ ਹਨ।

ਉੱਠੋ, ਜਾਗੋ ! ਭਵਿੱਖ ਭਿਆਨਕ ਖ਼ਤਰੇ ਵਿੱਚ ਹੈ। ਸਾਡੀਆਂ ਧਾਰਮਿਕ ਪਦਵੀਆਂ, ਧਰਮ ਅਸਥਾਨਾਂ ਤੇ ਧਾਰਮਿਕ ਸੰਸਥਾਵਾਂ 'ਤੇ ਸਿੱਖ ਵਿਰੋਧੀ ਸੋਚ ਦਾ ਕਬਜ਼ਾ ਹੋ ਰਿਹਾ ਹੈ ਅਤੇ ਸਿੱਖ ਸ਼ਕਤੀ ਖੇਰੂੰ-ਖੇਰੂੰ ਕੀਤੀ ਜਾ ਰਹੀ ਹੈ। ਤਖ਼ਤਾਂ ਦੀ ਮਾਣ-ਮਰਯਾਦਾ

ਅੰਜਾਮੇਂ ਗੁਲਿਸਤਾਂ ਕਿਆ ਹੋਗਾ

ਕਾਇਮ ਰੱਖਣ ਲਈ ਜ਼ਰੂਰੀ ਹੈ ਕਿ ਜਿਸ-ਜਿਸ ਜੱਥੇਦਾਰ 'ਤੇ ਸਮਾਜਿਕ ਜਾਂ ਧਾਰਮਿਕ, ਕੋਈ ਵੀ ਦੋਸ਼ ਹੈ, ਉਹਨਾਂ ਨੂੰ ਬਿਨਾਂ ਦੇਰ ਕੀਤਿਆਂ ਸੇਵਾ-ਮੁਕਤ ਕੀਤਾ ਜਾਵੇ ਅਤੇ ਅੱਗੇ ਤੋਂ ਧਾਰਮਿਕ ਪਦਵੀਆਂ ਦੀ ਵਰਤੋਂ ਬੰਦ ਕੀਤੀ ਜਾਵੇ। ਕਿਸੇ ਵੀ ਸਿਆਸੀ ਪਾਰਟੀ ਦੇ ਮੈਂਬਰ ਨੂੰ ਗੁਰਦੁਆਰਾ ਚੋਣਾਂ ਵਿੱਚ ਹਿੱਸਾ ਲੈਣ ਦਾ ਹੱਕ ਨਾ ਹੋਵੇ। ਗੁਰਦੁਆਰਾ ਚੋਣਾਂ ਵਿੱਚ ਹਿੱਸਾ ਲੈਣ ਵਾਲੇ ਹਰ ਉਮੀਦਵਾਰ ਦੇ ਗੁਰਸਿੱਖੀ ਪਿਛੋਕੜ, ਧਾਰਮਿਕ ਅਤੇ ਵਿੱਦਿਅਕ ਯੋਗਤਾਵਾਂ (Qualifications) ਦੀ ਜਾਂਚ ਜ਼ਰੂਰ ਹੋਵੇ।


ਸਾਡਾ ਭਵਿੱਖ ਕਿਵੇਂ ਸੁਰੱਖਿਅਤ ਰਹਿ ਸਕਦਾ ਹੈ?

ਇਉਂ ਗੁਰਦੁਆਰਾ ਪ੍ਰਬੰਧ ਅਤੇ ਧਾਰਮਿਕ ਪਦਵੀਆਂ ਨੂੰ ਸਿਆਸੀ ਹੱਥਕੰਡਿਆਂ ਤੋਂ ਮੁਕਤ ਕਰਾਇਆ ਜਾ ਸਕਦਾ ਹੈ। ਇੱਕ ਵਾਰ ਹੁਣ ਇਸ ਸਿਆਸਤ ਦੇ ਕਾਲੇ ਸਿਆਹ ਹੱਥਾਂ ਨੂੰ ਗੁਰੂ ਨਾਨਕ ਦੇ ਨਿਰਮਲ ਪੰਥ ਦੇ ਧਰਮ ਅਸਥਾਨਾਂ ਦੇ ਪ੍ਰਬੰਧਾਂ ਤੋਂ ਵੱਖ ਕਰਨਾ ਪਵੇਗਾ, ਤਾਂ ਕਿ ਨਿਰਮਲ ਪੰਥ ਬੇਦਾਗ਼ ਰੱਖਿਆ ਜਾ ਸਕੇ। ਨਹੀਂ ਤਾਂ ਅੱਜ ਜਦੋਂ ਇਸ ਬਾਗ਼ 'ਤੇ ਛਾਈ ਉਦਾਸੀ ਵੇਖਦਾ ਹਾਂ ਤਾਂ ਦਿਲ ਕੰਬ ਜਾਂਦਾ ਹੈ ਅਤੇ ਮੁਹੰਮਦ ਇਕਬਾਲ ਦਾ ਕਹਿਆ ਚੇਤੇ ਆਉਂਦਾ ਹੈ -

'... ਅੰਜਾਮੇਂ ਗੁਲਿਸਤਾਂ ਕਿਆ ਹੋਗਾ'।

☸

ਏਤੁ ਰਾਹਿ



ਪ੍ਰੋ. ਦਰਸ਼ਨ ਸਿੰਘ ਖ਼ਾਲਸਾ

ਕੁਦਰਤ ਕੀ ਹੈ?

ਅੱਜ ਮਨੁੱਖ ਕਿਵੇਂ
ਕੁਦਰਤ ਨਾਲੋਂ ਟੁੱਟ ਕੇ
ਮਾਂ-ਮ੍ਰਿਟਰ ਹੋ ਰਿਹਾ ਹੈ
ਅਤੇ
ਕਾਦਰ ਨਾਲੋਂ ਟੁੱਟ ਕੇ
ਯਤੀਮ ਹੋ ਰਿਹਾ ਹੈ?

ਕੁਦਰਤ

ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ॥

ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥

(ਗੁ.ਗ੍ਰੰ.ਸਾ.ਪੰਨਾ 463)

ਬਲਿਹਾਰੀ ਕੁਦਰਤਿ ਵਸਿਆ॥

ਤੇਰਾ ਅੰਤੁ ਨ ਜਾਈ ਲਖਿਆ॥

(ਗੁ.ਗ੍ਰੰ.ਸਾ.ਪੰਨਾ 469)

ਗੁਰਬਾਣੀ ਗੁਰਮਤਿ ਅਨੁਸਾਰ ਪਰਮੇਸਰ ਸੈ੍ਭੰ, ਸੁਤੇ-ਪ੍ਰਕਾਸ਼ ਹੈ, ਉਸਨੇ ਆਪਣੇ ਆਪ ਨੂੰ ਆਪ ਸਿਰਜਿਆ ਹੈ। ਬਸ ! ਉਸ ਤੋਂ ਬਾਅਦ ਪ੍ਰਭੂ ਨੇ ਜਿਹੜੀ ਸਿਰਜਣਾ ਕੀਤੀ, ਉਹ ਸਾਰੀ ਕੁਦਰਤ ਹੈ। ਪਹਿਲਾਂ ਆਪਣੇ-ਆਪ ਤੋਂ ਸਿਰਜਿਆ ਪ੍ਰਭੂ ਹੈ ਅਤੇ ਦੂਜੀ ਪ੍ਰਭੂ ਦੀ ਸਿਰਜਨਾ ਕੁਦਰਤ ਸੰਸਾਰ ਸਾਰਾ ਬ੍ਰਹਿਮੰਡ ਹੈ।

ਪਰਮੇਸਰ ਸੂਖਮ ਹੈ, ਕੁਦਰਤ ਸਥੂਲ ਹੈ। ਹੁਣ ਅਦਿੱਖ ਸੂਖਮ ਪ੍ਰਭੂ ਇਸ ਕੁਦਰਤ ਦੇ ਹਰੇਕ ਕਣ-ਕਣ ਵਿੱਚ ਜੀਵਨ ਰਊਂ, ਖੇੜਾ, ਖ਼ੁਸ਼ਬੂ ਬਣ ਕੇ ਸਮਾ ਰਿਹਾ ਹੈ। ਇਉਂ ਮਾਨੋ ਕੁਦਰਤ ਸੂਖਮ ਪ੍ਰਮਾਤਮਾ ਦਾ ਇੱਕ ਬੜਾ ਖ਼ੂਬਸੂਰਤ ਘਰ ਹੈ ਤੇ ਪ੍ਰਭੂ ਇਸ ਵਿੱਚ ਵੱਸ ਰਿਹਾ ਹੈ।

ਇਹ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥

(ਗੁ.ਗ੍ਰੰ.ਸਾ.ਪੰਨਾ 463)

ਇਹ ਬ੍ਰਹਿਮੰਡ (ਬ੍ਰਹਮ-ਅੰਡ) ਪ੍ਰਭੂ ਪੈਦਾਇਸ਼ ਕੁਦਰਤ ਦੀ ਸੁੰਦਰਤਾ ਇੱਕ ਵਿਸਮਾਦ ਹੈ।

ਅਚਰਜੁ ਤੇਰੀ ਕੁਦਰਤਿ ਤੇਰੇ ਕਦਮ ਸਲਾਹ॥
ਗਨੀਵ ਤੇਰੀ ਸਿਫਤਿ ਸਚੇ ਪਾਤਿਸਾਹ॥

(ਗੁ.ਗ੍ਰੰ.ਸਾ.ਪੰਨਾ 1138)

ਕਰਤੇ ਕੁਦਰਤੀ ਮਸੁਤਾਕੁ॥
ਦੀਨ ਦੁਨੀਆ ਏਕ ਤੂਹੀ ਸਭ ਖਾਲਕ ਹੀ ਤੇ ਪਾਕੁ॥ ਰਹਾਉ॥
ਖਿਨ ਮਹਿ ਥਾਪਿ ਉਥਾਪਦਾ ਆਚਰਜ ਤੇਰੇ ਰੂਪ॥
ਕਉਣੁ ਜਾਣੈ ਚਲਤ ਤੇਰੇ ਅੰਧਿਆਰੇ ਮਹਿ ਦੀਪ॥ ੧॥

(ਗੁ.ਗ੍ਰੰ.ਸਾ.ਪੰਨਾ 724)

ਪ੍ਰਭੂ ਇਸ ਘਰ ਵਿੱਚ ਬੈਠਾ ਸਭ ਖੇਡਾਂ ਖੇਡਦਾ, ਕੁਦਰਤ ਦੀ ਸੁੰਦਰਤਾ ਤੇ ਚਹਿਲ-ਪਹਿਲ ਚਾਉ ਨਾਲ ਵੇਖ ਅਤੇ ਮਾਣ ਰਿਹਾ ਹੈ। ਤਰ੍ਹਾਂ-ਤਰ੍ਹਾਂ ਦੇ ਉੱਡਦੇ ਪੰਛੀ, ਬਿਰਛ - ਬੂਟੇ, ਜੰਗਲ-ਬਾਗ, ਦਰਖ਼ਤਾਂ ਦੀਆਂ ਟਾਹਣੀਆਂ ਤੇ ਪੱਤਿਆਂ ਓਹਲੇ ਬੈਠੇ ਗੀਤ ਗਾਉਂਦੀਆਂ ਕੋਇਲਾਂ, ਜੰਗਲਾਂ ਵਿੱਚ ਚੁੰਗੀਆਂ ਭਰਦੇ ਹਿਰਨਾਂ ਦੀਆਂ ਡਾਰਾਂ, ਹਰੇ-ਭਰੇ ਖੇਤ, ਰੰਗ-ਬਿਰੰਗੇ ਫੁੱਲਾਂ ਦੀਆਂ ਫੁਲਵਾੜੀਆਂ 'ਤੇ ਗੂੰਜਦੇ ਭੰਵਰੇ, ਅਸਮਾਨੀ ਸਤ-ਰੰਗੀ ਪੀਂਘ ਦੀ ਕਮਾਨ ਹੱਥ ਲੈ ਕੇ ਚੜ੍ਹ ਆਈਆਂ ਕਾਲੀਆਂ ਘਟਾਂ ਦੇ ਨਾਲ ਰਣਜੀਤ ਨਗਾੜੇ ਵਾਂਗੂੰ ਗਰਜਦੇ ਬੱਦਲ, ਅਥਾਹ ਸਾਗਰ ਨੂੰ ਮਿਲਣ ਲਈ ਉਤਾਵਲੇ ਵੱਗਦੇ ਦਰਿਆ-ਨਦੀਆਂ-ਨਾਲ੍ਹੇ, ਗਗਨ ਦੇ ਥਾਲ ਵਿੱਚ ਸਜੇ ਸੂਰਜ-ਚੰਦ੍ਰਮਾ-ਤਾਰੇ। ਬਸ ! ਹੇ ਪ੍ਰਭੂ "ਤੇਰੀ ਕੁਦਰਤਿ ਕਉਨੁ ਬੀਚਾਰੇ" :

ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ॥
ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ॥
ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ॥
ਕੁਦਰਤਿ ਖਾਣਾ ਪੀਣਾ ਪੈਨ੍ਣੁ ਕੁਦਰਤਿ ਸਰਬ ਪਿਆਰੁ॥
ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ॥
ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ॥
ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ॥
ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥
ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ॥ ੨॥

(ਗੁ.ਗ੍ਰੰ.ਸਾ.ਪੰਨਾ 464)

ਕੁਦਰਤਿ ਕਵਣ ਕਹਾ ਵੀਚਾਰੁ।।
ਵਾਰਿਆ ਨ ਜਾਵਾ ਏਕ ਵਾਰ।।
ਜੋ ਤੁਧੁ ਭਾਵੈ ਸਾਈ ਭਲੀ ਕਾਰ।।
ਤੂ ਸਦਾ ਸਲਾਮਤਿ ਨਿਰੰਕਾਰ।।

(ਗੁ.ਗ੍ਰੰ.ਸਾ.ਪੰਨਾ 3)

ਫਿਰ ਘਰ ਦਾ ਮਾਲਿਕ ਘਰ ਵਿੱਚ ਬੈਠਾ ਸਾਰੇ ਘਰ ਨੂੰ ਆਪਣੇ ਹੁਕਮ ਵਿੱਚ ਰੱਖ ਕੇ ਕੰਟ੍ਰੋਲ ਕਰ ਰਿਹਾ ਹੈ, ਹਰ ਕੋਈ ਉਸਦੀ ਨਿਗਾਹ ਵਿੱਚ ਹੈ। ਸੰਸਾਰ ਰੂਪੀ ਘਰ ਵਿੱਚ ਪੈਦਾ ਹੁੰਦੇ ਕੁਝ ਕੂੜਾ-ਕਰਕਟ ਦੀ ਸਾਫ਼-ਸਫ਼ਾਈ-ਮੁਰੰਮਤ ਅਤੇ ਨਵੀਨਤਾ ਬਣਾਈ ਰੱਖਣ ਦਾ ਧਿਆਨ ਵੀ ਪ੍ਰਭੂ ਹਮੇਸ਼ਾ ਰੱਖਦਾ ਹੈ। ਪਵਨ-ਪਾਣੀ, ਦਰਿਆ-ਧਰਤੀ, ਆਸਮਾਨ-ਬੱਦਲ, ਸੂਰਜ-ਚੰਦਰਮਾ, ਦੇਵੀ-ਦੇਵਤੇ, ਦਿਨ-ਰਾਤ, ਸਭ ਉਸਦੇ ਹੁਕਮ ਵਿੱਚ ਇਹ ਸਾਰੀ ਕਾਰ ਕਰ ਰਹੇ ਹਨ। ਪ੍ਰਭੂ ਦੇ ਕੁਦਰਤ ਰੂਪੀ ਘਰ ਦੀ ਸੁੰਦਰਤਾ ਦਾ ਇਹ ਵਿਸਮਾਦੀ ਨਜ਼ਾਰਾ ਹੈ।

ਭੈ ਵਿਚਿ ਪਵਣੁ ਵਹੈ ਸਦਵਾਉ।। ਭੈ ਵਿਚਿ ਚਲਹਿ ਲਖ ਦਰੀਆਉ।।
ਭੈ ਵਿਚਿ ਅਗਨਿ ਕਢੈ ਵੇਗਾਰਿ।। ਭੈ ਵਿਚਿ ਧਰਤੀ ਦਬੀ ਭਾਰਿ।।
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ।। ਭੈ ਵਿਚਿ ਰਾਜਾ ਧਰਮ ਦੁਆਰੁ।।
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ।। ਕੋਹ ਕਰੋੜੀ ਚਲਤ ਨ ਅੰਤੁ ।।
ਭੈ ਵਿਚਿ ਸਿਧ ਬੁਧ ਸੁਰ ਨਾਥ।। ਭੈ ਵਿਚਿ ਆਡਾਣੇ ਆਕਾਸ।।
ਭੈ ਵਿਚਿ ਜੋਧ ਮਹਾਬਲ ਸੂਰ।। ਭੈ ਵਿਚਿ ਆਵਹਿ ਜਾਵਹਿ ਪੂਰ।।
ਸਗਲਿਆ ਭਉ ਲਿਖਿਆ ਸਿਰਿ ਲੇਖੁ।।
ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ।। ੧।।

(ਗੁ.ਗ੍ਰੰ.ਸਾ.ਪੰਨਾ 464)

ਜਿਸ ਕਿਸੇ ਨੇ ਆਪਣੇ ਪਿਆਰੇ ਨੂੰ ਮਿਲਣਾ ਹੋਵੇ, ਉਸ ਨੂੰ ਪ੍ਰੀਤਮ ਦੇ ਘਰ ਦਾ ਪਤਾ (Address) ਤਾਂ ਚੇਤੇ ਹੋਣਾ ਚਾਹੀਦਾ ਹੈ। ਇਸੇ ਤਰ੍ਹਾਂ ਪ੍ਰਭੂ ਨੂੰ ਮਿਲਣ ਲਈ, ਪ੍ਰਭੂ ਨੂੰ ਵੇਖਣ ਲਈ, ਪ੍ਰਭੂ ਦੇ ਘਰ 'ਕੁਦਰਤ' ਨਾਲ ਸਬੰਧ ਤਾਂ ਜੋੜਨਾ ਹੀ ਪਵੇਗਾ। ਫਿਰ ਕੁਦਰਤ ਦੇ ਹਰ ਰੰਗ ਵਿੱਚੋਂ ਪ੍ਰਭੂ ਦੀ ਪਛਾਣ ਹੋਵੇਗੀ, "ਰੰਗ ਸਭੇ ਨਰਾਇਣੈ ਜੇਤੇ ਮਨਿ ਭਾਵੰਨਿ" 'ਤੇ ਵਿਸ਼ਵਾਸ ਆਵੇਗਾ। ਇਸੇ ਲਈ ਰੱਬ ਦੇ ਪਿਆਰੇ ਕਰਤੇ ਦੀ ਕਿਰਤ, ਕੁਦਰਤ ਨਾਲ ਪਿਆਰ ਕਰਦੇ ਹਨ।

ਕੀ ਕੁਦਰਤ ਦੀ ਪੂਜਾ ਵੀ ਕਰਨੀ ਹੈ?

ਪਰ ਇੱਕ ਗੱਲ ਦਾ ਖਿਆਲ ਰੱਖਿਓ, ਕੁਦਰਤ ਨਾਲ ਪਿਆਰ ਕਰਨਾ ਹੈ, ਸੰਭਾਲ ਕਰਨੀ ਹੈ ਪਰ ਪੂਜਾ ਨਹੀਂ ਕਰਨੀ। ਪੂਜਾ ਕੇਵਲ ਕਰਤੇ ਦੀ ਹੀ ਕਰਨੀ ਹੈ। ਕੁਦਰਤ ਰੱਬ ਦਾ ਘਰ ਹੈ ਅਤੇ ਪਿਆਰੇ ਨੂੰ ਮਿਲਣ ਦੀ ਤਾਂਘ ਉਸਦੇ ਘਰ ਤਕ ਲੈ ਜਾਂਦੀ ਹੈ। ਕੁਦਰਤ ਤੋਂ ਟੁੱਟ ਕੇ ਮਨੁੱਖ ਰੱਬ ਤੋਂ ਅਨਜਾਣ ਰਹਿ ਜਾਂਦਾ ਹੈ ਅਤੇ ਰੱਬ ਜੀਵਨ ਹੈ, ਹਰਿਆਲੀ ਹੈ, ਖੇੜਾ ਹੈ। ਇਸ ਲਈ ਰੱਬ ਤੋਂ ਟੁੱਟ ਕੇ ਮਨੁੱਖ ਜੀਵਨ ਖੇੜੇ ਤੋਂ ਵਿੱਛੜ ਜਾਂਦਾ ਹੈ। ਇਉਂ

ਕੁਦਰਤ ਤੋਂ ਦੂਰ ਹੋਇਆ ਮਨੁੱਖ ਸਰੀਰ ਕਰਕੇ ਵੀ ਅਤੇ ਮਨ ਕਰਕੇ ਵੀ ਉਦਾਸ, ਕਮਜ਼ੋਰ, ਨਿਰ-ਉਤਸ਼ਾਹ ਤੇ ਚਿੰਤਾਤੁਰ ਹੀ ਰਹਿੰਦਾ ਹੈ।

ਆਪਣੇ ਸਮੇਤ ਆਪਣੇ ਦੁਆਲੇ ਹਰ ਪਾਸੇ ਨਜ਼ਰ ਮਾਰ ਕੇ ਵੇਖੋ, ਅੱਜ ਦਾ ਸੰਸਾਰ ਤੇ ਸਮਾਜ ਕੁਦਰਤ ਨਾਲੋਂ ਟੁੱਟ ਰਿਹਾ ਹੈ। ਇਹੋ ਕਾਰਣ ਹੈ ਕਿ ਸਕੂਲ-ਕਾਲਜ-ਯੂਨੀਵਰਸਿਟੀ, ਧਨ-ਦੌਲਤ, ਖਾਣ-ਪਹਿਨਣ ਦੇ ਪਦਾਰਥਕ ਸੁੱਖਾਂ ਦਾ ਬੇਅੰਤ ਸਾਮਾਨ ਹੁੰਦਿਆਂ ਵੀ ਮਨੁੱਖ ਸੁੱਖੀ ਨਹੀਂ ਹੈ। ਮਨ ਕਰਕੇ ਹਰ ਕੋਈ ਕਿਸੇ-ਨਾ-ਕਿਸੇ ਚਿੰਤਾ ਵਿੱਚ ਘਿਰਿਆ ਹੋਇਆ ਹੈ ਅਤੇ ਤਨ ਕਰਕੇ ਬਹੁਤਾਤ ਕਿਸੇ-ਨਾ-ਕਿਸੇ ਬੀਮਾਰੀ ਦਾ ਸ਼ਿਕਾਰ ਹੈ। ਪਰ ਇਹ ਸਭ ਕੁਝ ਕਿਉਂ ?

ਮਨੁੱਖ ਵੀ ਕੁਦਰਤ ਦਾ ਹੀ ਇੱਕ ਹਿੱਸਾ ਸੀ ਪਰ ਅੱਜ ਇਹ ਕੁਦਰਤ ਤੋਂ ਦੂਰ ਹੋ ਰਿਹਾ ਹੈ। ਹੁਣ ਤਾਂ ਬਹੁਤੇ ਲੋਕਾਂ ਨੂੰ ਕੁਦਰਤ ਦੀ ਛੋਹ ਵੀ ਨਸੀਬ ਨਹੀਂ ਹੁੰਦੀ। ਕਦੀ ਇਹ ਕੁਦਰਤ ਦੀ ਗੋਦ ਵਿੱਚ ਵੱਸਦਾ ਬ੍ਰਿਛਾਂ-ਬੂਟਿਆਂ-ਬਾਗ਼ਾਂ ਦੀਆਂ ਸ਼ੀਤਲ ਹਵਾਵਾਂ ਵਿੱਚ ਸਾਹ ਲੈਂਦਾ ਸੀ, ਬਿਨਾ ਕਿਸੇ ਦਵਾਈ ਦੇ ਪੈਦਾ ਹੋਏ ਬ੍ਰਿਛਾਂ-ਬੂਟਿਆਂ-ਵੇਲਾਂ ਨਾਲ ਕੁਦਰਤ ਵੱਲੋਂ ਲੱਗੇ ਤਾਜ਼ੇ ਫਲ-ਸਬਜ਼ੀਆਂ ਤੋੜ ਕੇ ਖਾਂਦਾ ਸੀ, ਬਿਨਾ ਸਾਫ਼ (Filter) ਕੀਤਿਆਂ ਖੂਹਾਂ ਤੇ ਝਰਨਿਆਂ ਦਾ ਪਾਣੀ ਪੀਂਦਾ ਸੀ, ਕੁਦਰਤ ਦੀ ਪੈਦਾਇਸ਼ ਕਪਾਹ (Cotton) ਦਾ ਕਪੜਾ ਪਹਿਨਦਾ ਸੀ, ਦੋਸਤਾਂ ਨਾਲ ਮਿੱਟੀ ਦੇ ਢੇਰ 'ਤੇ ਖੇਡਦਾ ਸੀ, ਰਾਤ ਨੂੰ ਖੁੱਲ੍ਹੇ ਆਸਮਾਨ ਥੱਲੇ ਕੋਠੇ 'ਤੇ ਮੰਜੀਆਂ ਡਾਹ ਕੇ ਚੰਦ-ਤਾਰਿਆਂ ਨਾਲ ਗੱਲਾਂ ਕਰਦਾ-ਕਰਦਾ ਸੌਂ ਜਾਂਦਾ ਸੀ। ਇਉਂ ਕੁਦਰਤ ਵਿੱਚ ਰਹਿ ਕੇ ਮਨੁੱਖ ਕੁਦਰਤ ਦੀ ਸੁੰਦਰਤਾ ਦਾ ਹੀ ਇੱਕ ਰੂਪ ਦਿੱਸਦਾ ਸੀ।

ਮਨੁੱਖ ਕੁਦਰਤ ਤੋਂ ਕਿਵੇਂ ਟੁੱਟ ਰਿਹਾ ਹੈ?

ਪਰ ਅੱਜ ਸਭ ਕੁਝ ਬਦਲ ਗਿਆ ਹੈ। ਘਰ ਵਿੱਚੋਂ ਨਿਕਲ ਕੇ ਕਾਰ ਵਿੱਚ, ਕਾਰ ਵਿੱਚੋਂ ਨਿਕਲ ਕੇ ਦਫ਼ਤਰ ਵਿੱਚ ਜਾਂ ਮੀਟਿੰਗ ਲਈ ਕਿਸੇ ਹੋਟਲ ਵਿੱਚ, ਬਸ ! ਇਹ ਇਸਦੀ ਰੋਜ਼ ਦੀ ਜ਼ਿੰਦਗੀ ਹੈ। ਸਰਦੀਆਂ-ਗਰਮੀਆਂ ਬੰਦ ਕਮਰਿਆਂ ਵਿੱਚ ਹੀ ਰਹਿਣਾ ਤੇ ਸੌਣਾ, ਖੁੱਲ੍ਹੇ ਆਸਮਾਨ ਵੱਲ ਕਦੇ ਪਲ ਭਰ ਲਈ ਝਾਤ ਵੀ ਕਿਸੇ ਬਾਰੀ ਦੇ ਸ਼ੀਸ਼ੇ ਵਿੱਚੋਂ ਹੀ ਪਾਉਂਦਾ ਹੈ, ਬਿਰਛਾਂ-ਬਾਗ਼ਾਂ ਦੀਆਂ ਤਾਜ਼ੀਆਂ ਹਵਾਵਾਂ ਦੀ ਥਾਵੇਂ ਬੰਦ ਕਮਰਿਆਂ ਵਿੱਚ ਚਲਦੇ ਪੱਖਿਆਂ ਅਤੇ ਏਅਰ-ਕੰਡੀਸ਼ਨਰਾਂ ਦੀਆਂ ਹਵਾਵਾਂ ਵਿੱਚ ਹੀ ਜਿਉ ਰਿਹਾ ਹੈ, ਦਵਾਈਆਂ ਨਾਲ ਪੈਦਾ ਕੀਤੇ ਫਲ-ਅਨਾਜ-ਸਬਜ਼ੀਆਂ ਅਤੇ ਗਊਆਂ ਦੇ ਥਣਾਂ ਵਿੱਚ ਇੰਜੈਕਸ਼ਨ ਨਾਲ ਪੈਦਾ ਕੀਤਾ ਹੋਇਆ ਦੁੱਧ ਇਸਦੀ ਖ਼ੁਰਾਕ ਹਨ, ਗਲੀਆਂ ਵਿੱਚ ਜੀਉਂਦੇ ਦੋਸਤਾਂ ਨਾਲ ਖੇਡਣ, ਰੁੱਸਣ ਤੇ ਮਨਾਉਣ ਦੀ ਖ਼ੁਸ਼ੀ ਟੈਲੀਵਿਜ਼ਨ 'ਤੇ ਚਲਦੇ ਬਣਾਵਟੀ ਕਾਰਟੂਨਾਂ ਨੇ ਖੋਹ ਲਈ ਹੈ, ਪੰਛੀਆਂ ਦੇ ਗੀਤ ਤੇ ਕੋਇਲ ਦੀ ਕੂ-ਕੂ ਹੁਣ ਪਾਪ ਸੰਗੀਤ ਦੇ ਸ਼ੋਰ ਵਿੱਚ ਗੁਆਚ ਗਈ ਹੈ। ਧਰਤੀ ਨੂੰ ਇਹ ਮਾਂ ਕਹਿੰਦਾ ਸੀ, ਪਰ ਉਸ ਨਾਲ ਵੀ ਇਹ ਸਬੰਧ ਤੋੜ ਬੈਠਾ ਹੈ। ਹੁਣ ਤਾਂ ਬਹੁਤੇ ਲੋਕਾਂ ਨੂੰ ਜੀਵਨ ਭਰ ਧਰਤੀ ਮਾਂ ਦੀ ਅਸਲ ਛੋਹ ਵੀ ਨਸੀਬ ਨਹੀਂ ਹੁੰਦੀ। ਕਦੀ ਬੱਚੇ ਨੰਗੇ ਪੈਰੀਂ ਕੱਚੀਆਂ ਗਲੀਆਂ ਵਿੱਚ ਖੇਡਦੇ ਸਨ, ਅੱਜ ਗਲੀਆਂ-ਸੜਕਾਂ ਪੱਕੀਆਂ ਤੇ ਘਰਾਂ-ਦੁਕਾਨਾਂ-ਦਫ਼ਤਰਾਂ ਵਿੱਚ ਮਾਰਬਲ ਦੇ ਫਰਸ਼, ਅੱਜ ਮਨੁੱਖ ਰਾਤ ਨੂੰ ਮੰਜੇ

'ਤੇ ਬਿਸਰਾਮ ਤੋਂ ਪਹਿਲਾਂ ਜੁਰਾਬ-ਜੁੱਤੀ ਨਹੀਂ ਲਾਹੁੰਦਾ, ਕਿਤੇ ਜਿਊਂਦਿਆਂ ਧਰਤੀ ਮਾਂ ਦਾ ਅਸਲੀ ਰੂਪ ਨਾ ਛੋਹ ਜਾਵੇ।

ਬਸ ! ਇਸੇ ਲਈ ਚਿੰਤਾਵਾਂ ਹਨ, ਇਸੇ ਲਈ ਬੀਮਾਰੀਆਂ ਹਨ ਅਤੇ ਚਿੰਤਾਵਾਂ ਤੇ ਬੀਮਾਰੀਆਂ ਨਾਲ ਘਰ-ਘਰ ਹਾਰਟ-ਅਟੈਕ ਹੋ ਰਹੇ ਹਨ। ਪਰ ਧੰਨ ਹੈ ਧਰਤੀ ਮਾਂ ਜਿਹੜੀ ਸਾਰਾ ਜੀਵਨ ਮਾਂ ਵੱਲੋਂ ਬੇਮੁਖ ਹੋਏ ਬੱਚੇ ਤੋਂ ਵੀ ਮੂੰਹ ਨਹੀਂ ਮੋੜਦੀ, ਤੇ ਜਦੋਂ ਮਰ ਕੇ ਵੀ ਉਸ ਕੋਲ ਜਾਂਦਾ ਹੈ ਤਾਂ ਫਿਰ ਜੀ-ਆਇਆ ਕਹਿੰਦੀ ਪਿਆਰ ਨਾਲ ਆਪਣੀ ਗੋਦ ਵਿੱਚ ਸੌਣ ਲਈ ਥਾਂ ਦਿੰਦੀ ਹੈ। ਬਸ ! ਕੁਦਰਤ ਨਾਲੋਂ ਟੁੱਟ ਕੇ ਮਨੁੱਖ ਮਾਂ-ਮ੍ਰਿਟਰ ਹੋ ਜਾਂਦਾ ਹੈ ਅਤੇ ਕਾਦਰ ਨਾਲੋਂ ਟੁੱਟ ਕੇ ਯਤੀਮ ਹੋ ਜਾਂਦਾ ਹੈ।

ਕਾਦਰ ਨਾਲੋਂ ਟੁੱਟ ਕੇ ਮਨੁੱਖ ਯਤੀਮ ਹੋ ਜਾਂਦਾ ਹੈ।

ਸਾਡੇ ਜੀਵਨ ਨੂੰ ਬਣਾਉਣ ਅਤੇ ਸਾਜਣ ਵਾਲਾ ਧਰਮ ਵੀ ਅੱਜ ਅਸੀਂ ਬਣਾਵਟੀ ਹੀ ਕਮਾ ਰਹੇ ਹਾਂ। ਇਸ ਲਈ ਜੀਵਨ ਵੀ ਅੱਜ ਇੱਕ ਨਕਲ ਹੀ ਬਣ ਕੇ ਰਹਿ ਗਿਆ ਹੈ, ਅਸਲ ਨਹੀਂ ਰਿਹਾ। ਬਾਬਾ ਫਰੀਦ ਜੀ ਨੇ ਐਸੇ ਬਣਾਵਟੀ ਜੀਵਨ ਨੂੰ ਵੇਖ ਕੇ ਹੀ ਆਖਿਆ ਸੀ :

ਫਰੀਦਾ ਕੰਨਿ ਮਸੁਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ।।
ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ।।

(ਗੁ.ਗ੍ਰੰ.ਸਾ.ਪੰਨਾ 1380)

ਮਥੈ ਟਿਕਾ ਤੇੜਿ ਧੋਤੀ ਕਖਾਈ।।
ਹਥਿ ਛੁਰੀ ਜਗਤ ਕਾਸਾਈ।।

(ਗੁ.ਗ੍ਰੰ.ਸਾ.ਪੰਨਾ 471)

ਮਾਥੇ ਤਿਲਕੁ ਹਥਿ ਮਾਲਾ ਬਾਨਾਂ।।
ਲੋਗਨ ਰਾਮੁ ਖਿਲਉਨਾ ਜਾਨਾਂ।।

(ਗੁ.ਗ੍ਰੰ.ਸਾ.ਪੰਨਾ 1158)

ਖਿਲੌਣਾ ਕੀ ਹੁੰਦਾ ਹੈ ?, ਇੱਕ ਬੇਜਾਨ ਸ਼ਕਲ, ਅਸਲ ਦੀ ਨਕਲ। ਭਾਵੇਂ ਵੇਖਣ ਵਿੱਚ ਕਾਰ ਹੈ ਪਰ ਚਲਦੀ ਨਹੀਂ। ਇਸ ਲਈ ਇਸ 'ਤੇ ਸਵਾਰ ਹੋ ਕੇ ਕਿਸੇ ਮੰਜ਼ਿਲ 'ਤੇ ਪੁੱਜਣ ਦੀ ਆਸ ਵੀ ਨਹੀਂ ਰੱਖੀ ਜਾ ਸਕਦੀ। ਪਰ ਬੱਚਾ ਉਸ ਨਾਲ ਖੇਡ ਰਿਹਾ ਹੈ। ਵੇਖਣ ਨੂੰ ਪੰਛੀ ਹੈ, ਵੇਖਣ ਵਿੱਚ ਸ਼ਕਲ ਮਨੁੱਖ ਦੀ ਹੈ ਪਰ ਬੇ-ਜਾਨ ਹੈ। ਜੀਊਂਦੇ ਦੋਸਤ ਨਾਲ ਖੇਡਣ ਵਕਤ ਉਸ ਦੀਆਂ ਭਾਵਨਾਵਾਂ ਦਾ ਖਿਆਲ ਵੀ ਰੱਖਣਾ ਪੈਂਦਾ ਹੈ ਕਿ ਕਿਤੇ ਨਾਰਾਜ਼ ਨਾ ਹੋ ਜਾਵੇ, ਕਲ ਕਿਸ ਨਾਲ ਖੇਡਾਂਗਾਂ, ਦੋਸਤ ਤੋਂ ਬਿਨਾ ਉਦਾਸ ਹੋ ਜਾਵਾਂਗਾ। ਪਰ ਬੇ-ਜਾਨ ਖਿਲੌਣੇ ਦੀਆਂ ਆਪਣੀਆਂ ਕੋਈ ਭਾਵਨਾਵਾਂ ਨਹੀਂ ਹੁੰਦੀਆਂ। ਜਦੋਂ ਤਕ ਦਿਲ ਚਾਹੇ ਉਸ ਨਾਲ ਖੇਡੋ ਤੇ ਜਦੋਂ ਦਿਲ ਚਾਹੇ ਉਸ ਨੂੰ ਸੁੱਟ ਦਿਉ।

ਅੱਜ ਮਨੁੱਖ ਧਰਮ ਦੀ ਦੁਨੀਆ ਵਿੱਚ ਵੀ ਚਾਹੁੰਦਾ ਹੈ ਕਿ ਮੇਰੇ ਲਈ ਧਰਮ ਇੱਕ ਬੇ-ਜਾਨ ਖਿਡੌਣੇ ਵਾਂਗ ਹੋਵੇ, ਧਰਮ ਦੀ ਆਪਣੀ ਕੋਈ ਮਰਯਾਦਾ ਨਾ ਹੋਵੇ, ਤਾਂ ਕਿ ਮੇਰੇ

'ਤੇ ਕੋਈ ਪਾਬੰਦੀ ਨਾ ਲੱਗੇ। ਜੀਉਂਦਾ ਧਰਮ ਆਖੇਗਾ

ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥
ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ॥


(ਗੁ.ਗ੍ਰੰ.ਸਾ.ਪੰਨਾ 488)

ਅੱਜ ਮਨੁੱਖ ਲਈ ਧਰਮ ਇੱਕ ਬੇਜਾਨ ਖਿਡੌਣੇ ਵਾਂਗ ਹੈ।

ਜਿਸਦਾ ਮੈਨੂੰ ਧਿਆਨ ਰੱਖਣਾ ਪਵੇਗਾ। ਧਰਮ ਮੇਰੀ ਮੁੱਠੀ ਦਾ ਖਿਡੌਣਾ ਹੋਵੇ, ਜਿਸ ਨਾਲ ਖੇਡਣ ਦੀ ਮਰਯਾਦਾ ਮੈਂ ਜਿਵੇਂ ਚਾਹਾਂ ਬਣਾਵਾਂ, ਜਿਸ ਨਾਲੋਂ ਜਦੋਂ ਚਾਹਾਂ ਖੇਡਾਂ, ਜਦੋਂ ਚਾਹਾਂ ਵਗ੍ਹਾ ਸੁੱਟਾਂ। ਮੇਰੇ ਧੰਦੇ ਦੀ ਦੁਨੀਆ ਵਿੱਚ ਧਰਮ ਦਾ ਕੀ ਕੰਮ ਹੈ ?, ਸ਼ਾਮਾਂ ਨੂੰ ਗੁਰਦੁਆਰੇ ਜਾ ਕੇ ਫਿਰ ਉਸੇ ਹੀ ਧਰਮ ਦੇ ਖਿਡੌਣੇ ਨਾਲ ਖੇਡ ਸਕਦਾ ਹਾਂ।

ਬਸ ! ਇਉਂ ਬਣਾਵਟੀ (Artificial) ਵਸਤੂਆਂ ਵਿੱਚ ਘਿਰਿਆ ਹੋਇਆ ਮਨੁੱਖ ਜੀਵਨ ਵਿੱਚੋਂ ਕਾਦਰ ਅਤੇ ਕੁਦਰਤ ਦੋਹਾਂ ਨੂੰ ਗੁਆ ਬੈਠਾ ਹੈ।

ਪਰ ਹੁਣ ਤਾਂ ਜਿਵੇਂ ਸਾਨੂੰ ਇਸ ਬਣਾਵਟੀ (ਨਕਲੀ) ਜੀਵਨ ਸਾਧਨਾ ਵਿੱਚ ਰਹਿਣ ਦੀ ਆਦਤ ਜਿਹੀ ਬਣ ਗਈ ਹੈ ਕਿਉਂਕਿ ਸਾਡੇ ਘਰ ਦੀ ਸਾਰੀ ਸਜਾਵਟ (Decoration) ਬਣਾਵਟੀ ਵਸਤੂਆਂ ਨਾਲ ਹੈ। ਸਾਨੂੰ ਘਰ ਦੇ ਹਰ ਹਿੱਸੇ ਵਿੱਚ ਪਏ ਬਣਾਵਟੀ ਪੰਛੀ, ਕਾਗ਼ਜ਼ ਦੇ ਫੁੱਲਾਂ ਦੇ ਗੁਲਦਸਤੇ ਹੀ ਦਿੱਸਦੇ ਹਨ। ਕਾਗ਼ਜ਼ ਦੇ ਫੁੱਲਾਂ ਦੀਆਂ ਫੁਲਵਾੜੀਆਂ ਰਾਤੋ-ਰਾਤ ਲਾਈਆਂ ਜਾ ਸਕਦੀਆਂ ਹਨ ਪਰ ਕਾਗ਼ਜ਼ ਦੇ ਫੁੱਲਾਂ ਵਿੱਚ ਖ਼ੁਸ਼ਬੋ ਨਹੀਂ ਹੁੰਦੀ। ਕੁਦਰਤੀ ਫੁੱਲਾਂ ਦੀ ਫੁਲਵਾੜੀ ਲਈ ਘਾਲਣਾ ਘਾਲਣੀ ਅਤੇ ਸਮਾਂ ਦੇਣਾ ਪੈਂਦਾ ਹੈ। ਪਰ ਨਾਲ ਹੀ ਕੁਦਰਤ ਦੇ ਫੁੱਲਾਂ ਵਿੱਚ ਖ਼ੁਸ਼ਬੋ ਹੈ, ਕੋਮਲਤਾ ਹੈ, ਰਸ ਹੈ, ਖੇੜਾ ਹੈ। ਬਸ ! ਉਹ ਖੇੜਾ ਹੀ ਮੇਰਾ ਪਿਆਰਾ ਪ੍ਰੀਤਮ ਹੈ।


ਏਤੁ ਰਾਹਿ
ਪ੍ਰੋ. ਦਰਸ਼ਨ ਸਿੰਘ ਖ਼ਾਲਸਾ

☬

ਪੰਥ ਕੀ ਹੈ?

☬

ਪੰਥ ਅਤੇ ਪੰਥਕ ਦਾ
ਆਪਸੀ ਰਿਸ਼ਤਾ ਕੀ ਹੈ?

☬

ਕੀ ਕੋਈ ਵਿਅਕਤੀ ਜਾਂ
ਵਿਅਕਤੀਆਂ ਦਾ ਸਮੂਹ
ਆਪਣੇ ਆਪ ਨੂੰ
ਪੰਥ ਅਖਵਾ ਸਕਦਾ ਹੈ?

☬

ਗੁਰੂ ਪੰਥ

ਗੁਰੂ ਪੰਥ, ਇੱਕ ਬਹੁਤ ਪਵਿੱਤਰ ਅਤੇ ਮਹਾਨ ਸ਼ਬਦ ਹੈ। ਪਰ ਬਿਨਾ ਸਮਝੇ ਅੱਜ ਇਸ ਦੀ ਨਾਜਾਇਜ਼ ਵਰਤੋਂ ਹੋ ਰਹੀ ਹੈ। ਕੁਝ ਚਤੁਰ-ਬੁੱਧ ਲੋਕਾਂ ਨੇ ਆਪਣੀ ਲੋੜ ਲਈ ਇਸ ਸ਼ਬਦ ਦੇ ਅਰਥ ਹੀ ਬਦਲ ਦਿੱਤੇ ਹਨ ਅਤੇ ਆਮ ਭੋਲੇ-ਭਾਲੇ ਲੋਕਾਂ ਨੇ ਉਸ ਬਦਲੇ ਹੋਏ ਅਰਥਾਂ ਨੂੰ ਉਸੇ ਪ੍ਰਭਾਵ ਹੇਠ ਅਪਣਾ ਲਿਆ ਹੈ। ਇਸ ਲਈ ਦਿਨ-ਬ-ਦਿਨ ਇਸ ਸ਼ਬਦ ਦੀ ਪਵਿੱਤਰਤਾ ਅਤੇ ਮਹਾਨਤਾ ਅਲੋਪ ਹੋ ਰਹੀ ਹੈ ਜਿਸ ਕਾਰਣ ਅੱਜ ਇਸ ਸ਼ਬਦ ਦੀ ਵਿਚਾਰ ਕਰਨੀ ਜ਼ਰੂਰੀ ਬਣਦੀ ਹੈ।

'ਪੰਥ' ਸ਼ਬਦ 'ਪੱਥ' ਤੋਂ ਬਣਿਆ ਹੈ। ਪੱਥ ਦਾ ਅਰਥ ਹੈ ਰਸਤਾ, ਰਾਹ, ਵਿਚਾਰਧਾਰਾ (Direction) ਅਤੇ ਇਸ ਪੱਥ ਸ਼ਬਦ ਵਿੱਚੋਂ ਪੱਥਕ ਸ਼ਬਦ ਨਿਕਲਿਆ ਹੈ। ਪੱਥਕ ਦਾ ਅਰਥ ਹੈ ਰਾਹ 'ਤੇ ਚਲਣ ਵਾਲਾ ਮੁਸਾਫ਼ਿਰ, ਵਿਚਾਰਧਾਰਾ ਅਪਨਾਉਣ ਵਾਲਾ ਜਗਿਆਸੂ। ਬਸ ! ਪੱਥ ਤੇ ਪੱਥਕ ਵਿੱਚੋਂ ਪੰਥ ਅਤੇ ਪੰਥਕ ਸ਼ਬਦ ਬਣੇ ਹਨ।

ਜਿਸ 'ਤੇ ਸ਼ਰੀਰ ਚਲਦਾ ਹੈ, ਉਸ ਨੂੰ ਰਸਤਾ (Road) ਆਖਦੇ ਹਨ ਅਤੇ ਜਿਸ 'ਤੇ ਮਨ ਚਲਦਾ ਹੈ, ਉਸਨੂੰ ਵਿਚਾਰਧਾਰਾ ਜਾਂ ਸਿਧਾਂਤ ਕਹਿੰਦੇ ਹਨ। ਪੰਥ ਰਸਤਾ, ਵਿਚਾਰਧਾਰਾ ਜਾਂ ਸਿਧਾਂਤ ਹੈ ਅਤੇ ਪੰਥਕ ਉਸ ਰਸਤੇ, ਸਿਧਾਂਤ ਜਾਂ ਵਿਚਾਰਧਾਰਾ 'ਤੇ ਚਲਣ ਵਾਲੇ ਵਿਅਕਤੀ ਦਾ ਨਾਮ ਹੈ। ਗੁਰਬਾਣੀ ਵਿੱਚ ਵੀ ਅਨੇਕਾਂ ਵਾਰ ਇਹ ਸ਼ਬਦ ਇਹਨਾਂ

ਹੀ ਅਰਥਾਂ ਅਨੁਸਾਰ ਆਇਆ ਹੈ :

ਹਉ ਪੰਥੁ ਦਸਾਈ ਨਿਤ ਖੜੀ ਕੋਈ ਪ੍ਰਭੁ ਦਸੇ ਤਿਨਿ ਜਾਉ।।

(ਗੁ.ਗ੍ਰੰ.ਸਾ.ਪੰਨਾ 41)

ਪੰਥੁ ਦਸਾਵਾ ਨਿਤ ਖੜੀ ਮੁੰਧ ਜੋਬਨਿ ਬਾਲੀ ਰਾਮ ਰਾਜੇ।।

(ਗੁ.ਗ੍ਰੰ.ਸਾ.ਪੰਨਾ 449)

ਮੰਦਰਿ ਚਰਿ ਕੈ ਪੰਥੁ ਨਿਹਾਰਉ ਨੈਨ ਨੀਰਿ ਭਰਿ ਆਇਓ।।

(ਗੁ.ਗ੍ਰੰ.ਸਾ.ਪੰਨਾ 624)

ਇਹਨਾਂ ਸਤਰਾਂ ਵਿੱਚ ਪ੍ਰੀਤਮ ਦੇ ਮਿਲਾਪ ਲਈ ਤਰਸ ਰਹੀ ਜੀਵ-ਆਤਮਾ ਉਡੀਕ ਵਿੱਚ ਦਿਨ-ਰਾਤ ਪ੍ਰੀਤਮ ਦਾ ਰਾਹ (ਪੰਥ) ਵੇਖ ਰਹੀ ਹੈ।

ਗੁਰਿ ਸਤਿਗੁਰਿ ਦਾਤੈ ਪੰਥੁ ਬਤਾਇਆ ਹਰਿ ਮਿਲਿਆ ਆਇ ਪ੍ਰਭੁ ਮੇਰੀ।।

(ਗੁ.ਗ੍ਰੰ.ਸਾ.ਪੰਨਾ 170)

ਮੇਰੈ ਹੀਅਰੈ ਪ੍ਰੀਤਿ ਰਾਮ ਰਾਇ ਕੀ ਗੁਰਿ ਮਾਰਗੁ ਪੰਥੁ ਬਤਾਇਆ।।

(ਗੁ.ਗ੍ਰੰ.ਸਾ.ਪੰਨਾ 172)

ਖੋਜ ਅਸੰਖਾ ਅਨਿਕ ਤਪੰਥਾ ਬਿਨੁ ਗੁਰ ਨਹੀ ਪਹੂਚਾ।।

(ਗੁ.ਗ੍ਰੰ.ਸਾ.ਪੰਨਾ 534)

ਇਹਨਾਂ ਸਤਰਾਂ ਅਨੁਸਾਰ ਅਨੇਕਾਂ ਰਾਹਾਂ (ਪੰਥ) 'ਤੇ ਚੱਲ-ਚੱਲ ਲੱਭਿਆ, ਪਰ ਅਖ਼ੀਰ ਪ੍ਰਭੂ ਮਿਲਾਪ ਦਾ ਸਫਲ ਰਸਤਾ (ਪੰਥ) ਮੇਰੇ ਗੁਰੂ ਜੀ ਨੇ ਹੀ ਦੱਸਿਆ ਹੈ :

ਜਮ ਪੰਥੁ ਬਿਖੜਾ ਅਗਨਿ ਸਾਗਰੁ ਨਿਮਖ ਸਿਮਰਤ ਸਾਧੀਐ।।

(ਗੁ.ਗ੍ਰੰ.ਸਾ.ਪੰਨਾ 248)

ਮਹਾ ਬਿਖਮੁ ਜਮ ਪੰਥੁ ਦੁਹੇਲਾ ਕਾਲੂਖਤ ਮੋਹ ਅੰਧਿਆਰਾ।।

(ਗੁ.ਗ੍ਰੰ.ਸਾ.ਪੰਨਾ 443)

ਪੁਰ ਸਲਾਤ ਕਾ ਪੰਥੁ ਦੁਹੇਲਾ।। ਸੰਗਿ ਨ ਸਾਥੀ ਗਵਨੁ ਇਕੇਲਾ।।

(ਗੁ.ਗ੍ਰੰ.ਸਾ.ਪੰਨਾ 793)

ਬੁਰਾ ਭਲਾ ਨ ਪਛਾਣੈ ਪ੍ਰਾਣੀ ਆਗੈ ਪੰਥੁ ਕਰਾਰਾ।।

(ਗੁ.ਗ੍ਰੰ.ਸਾ.ਪੰਨਾ 77)

ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ।।

(ਗੁ.ਗ੍ਰੰ.ਸਾ.ਪੰਨਾ 219)

ਵੇਖੋ, ਇਹਨਾਂ ਸਤਰਾਂ ਵਿੱਚ ਹੁਣ ਜਮਾਂ ਦੇ ਦੁੱਖ ਰੂਪ ਵਿਕਾਰੀ ਰਾਹ ਨੂੰ ਵੀ ਜਮ (ਪੰਥ) ਆਖ ਰਹੇ ਹਨ ਅਤੇ ਸਿੱਖ ਨੂੰ ਸਮਝਾ ਰਹੇ ਹਨ ਕਿ ਜਮ ਰੂਪ ਵਿਕਾਰਾਂ ਤੋਂ ਮੁਕਤ ਹੋਣ ਦਾ ਰਸਤਾ (ਮੁਕਤ ਪੰਥ) ਕੇਵਲ ਗੁਰਮੁੱਖ ਬਣ ਕੇ ਗੁਰੂ ਕੋਲੋਂ ਹੀ ਪ੍ਰਾਪਤ ਹੋ ਸਕਦਾ ਹੈ।

ਗੁਰੂ ਪੰਥ ਕੀ ਹੈ?

ਸੋ, ਪੰਥ ਹੈ ਰਸਤਾ, ਵਿਚਾਰਧਾਰਾ, ਸਿਧਾਂਤ ਅਤੇ ਪੰਥਕ ਹੈ ਉਸ ਰਸਤੇ ਜਾਂ ਸਿਧਾਂਤ 'ਤੇ ਚੱਲਣ ਵਾਲਾ ਮੁਸਾਫ਼ਿਰ ਵਿਅਕਤੀ। ਪੰਥ ਅਤੇ ਪੰਥਕ, ਇਹਨਾਂ ਦੋਹਾਂ ਦਾ ਆਪਸੀ ਗੂੜ੍ਹਾ ਰਿਸ਼ਤਾ ਹੈ। ਪਰ ਪੰਥ ਅਤੇ ਪੰਥਕ, ਦੋਹਾਂ ਲਫ਼ਜ਼ਾਂ ਦੇ ਅਰਥ ਵੱਖ-ਵੱਖ ਹਨ। ਜਿਵੇਂ ਰਸਤੇ ਨੂੰ ਕਦੇ ਕਿਸੇ ਨੇ ਮੁਸਾਫ਼ਿਰ ਨਹੀਂ ਆਖਿਆ ਅਤੇ ਮੁਸਾਫ਼ਿਰ ਨੂੰ ਕਦੇ ਕਿਸੇ ਨੇ ਰਸਤਾ ਨਹੀਂ ਆਖਿਆ। ਤਾਂ ਫਿਰ ਸੋਚਣ ਦੀ ਲੋੜ ਹੈ ਕਿ ਸੰਪੂਰਨ ਬਾਣੀ ਗੁਰੂ, ਸ਼ਬਦ ਗੁਰੂ ਸਿਧਾਂਤ ਸਿੱਖ ਦੇ ਜੀਵਨ ਦੇ ਸਫ਼ਰ ਲਈ ਇੱਕ ਰਸਤਾ ਜਾਂ ਪੰਥ ਹੈ ਅਤੇ ਸ਼ਬਦ ਗੁਰੂ ਹੋਣ ਕਰਕੇ ਹੀ ਇਸਦਾ ਨਾਮ 'ਗੁਰੂ ਪੰਥ' ਹੋ ਗਿਆ।

ਭਾਈ ਗੁਰਦਾਸ ਜੀ ਨੇ ਸਿੱਧਾਂ-ਜੋਗੀਆਂ ਅਤੇ ਗੁਰੂ ਨਾਨਕ ਸਾਹਿਬ ਦੀ ਸਾਖੀ ਨੂੰ ਬਿਆਨ ਕਰਦਿਆਂ 'ਪੰਥ' ਸ਼ਬਦ ਦੇ ਅਰਥ ਨੂੰ ਹੋਰ ਸਪਸ਼ਟ ਕੀਤਾ ਹੈ :

> ਸਿਧੀ ਮਨੇ ਬੀਚਾਰਿਆ ਕਿਵੈ ਦਰਸਨ ਏ ਲੇਵੈ ਬਾਲਾ।
> ਐਸਾ ਜੋਗੀ ਕਲੀ ਮਹਿ ਹਮਰੇ ਪੰਥ ਕਰੇ ਉਜਿਆਲਾ।

ਭਾਵ ਸਿੱਧ ਸੋਚਦੇ ਹਨ, ਜੇ ਨਾਨਕ ਸਾਡੇ ਜੋਗ ਮਤ ਨੂੰ ਅਪਣਾ ਲਵੇ ਤਾਂ ਸਾਡਾ ਮਤ, ਸਿਧਾਂਤ, ਰਸਤਾ, ਪੰਥ ਸਾਰੇ ਸੰਸਾਰ ਵਿੱਚ ਪ੍ਰਗਟ ਹੋ ਜਾਵੇਗਾ। ਪਰ

> ਸਤਿਗੁਰ ਅਗਮ ਅਗਾਧਿ ਪੁਰਖ, ਕੇਹੜਾ ਝਲੇ ਗੁਰੂ ਦੀ ਝਾਲਾ। ...
> ਸਬਦਿ ਜਿਤੀ ਸਿਧਿ ਮੰਡਲੀ, ਕੀਤੋਸੁ ਅਪਣਾ ਪੰਥੁ ਨਿਰਾਲਾ।
>
> (ਵਾਰ 1, ਪਉੜੀ 31)

ਭਾਵ ਗੁਰੂ ਜੀ ਨੇ ਧੁਰ ਕੀ ਬਾਣੀ ਦਾ ਸ਼ਬਦ ਸਿਧਾਂਤ ਸਿੱਧਾਂ ਨੂੰ ਸਮਝਾਇਆ ਕਿ ਮੇਰਾ ਜੀਵਨ ਦਾ ਰਸਤਾ ਤੁਹਾਡੇ ਤੋਂ ਵੱਖਰਾ ਹੈ, ਇਸ ਲਈ ਮੇਰਾ ਰਸਤਾ (ਪੰਥ) 'ਸ਼ਬਦ' ਹੈ। ਬਸ ! ਇਸ ਤੋਂ ਸਾਬਤ ਹੁੰਦਾ ਹੈ ਕਿ ਸ਼ਬਦ ਗੁਰੂ, ਗੁਰੂ ਗ੍ਰੰਥ ਸਾਹਿਬ ਵਿੱਚ ਹੀ ਸ਼ਬਦ ਰੂਪ ਗੁਰੂ ਸਿਧਾਂਤ 'ਗੁਰੂ ਪੰਥ' ਹੈ।

ਕੋਈ ਵਿਅਕਤੀ ਜਾਂ ਵਿਅਕਤੀਆਂ ਦਾ ਸਮੂਹ, ਪੰਥ ਨਹੀਂ ਅਖਵਾ ਸਕਦਾ। ਹਾਂ ! ਉਸ ਪੰਥ 'ਤੇ ਚੱਲਣ ਵਾਲੇ ਨੂੰ ਪੰਥਕ ਜਾਂ ਸਮੂਹ ਨੂੰ ਪੰਥਕ ਇਕੱਤਰਤਾ ਆਖਿਆ ਜਾ ਸਕਦਾ ਹੈ। ਜਿਵੇਂ ਰਸਤਾ ਕਦੇ ਮੁਸਾਫ਼ਿਰ ਨਹੀਂ ਅਖਵਾਉਂਦਾ ਅਤੇ ਮੁਸਾਫ਼ਿਰ ਰਸਤਾ ਨਹੀਂ ਹੁੰਦਾ ਬਲਕਿ ਰਸਤੇ 'ਤੇ ਚੱਲਣ ਵਾਲਾ ਹੁੰਦਾ ਹੈ।

ਪਰ ਜਾਣੇ-ਅਣਜਾਣੇ ਸਾਡੇ ਵਿੱਚ ਕੁਝ ਸਮੇਂ ਤੋਂ ਕੁਝ ਵਿਅਕਤੀਆਂ ਦੇ ਸਮੂਹ ਨੂੰ ਪੰਥ ਅਤੇ ਫਿਰ ਗੁਰੂ ਪੰਥ ਵੀ ਆਖਿਆ ਜਾਣ ਲੱਗ ਪਿਆ। ਇਸਦੀ ਪ੍ਰਮਾਣਿਕਤਾ ਲਈ ਗੁਰੂ ਅਤੇ ਸਿੱਖ ਇਤਿਹਾਸ ਵਿੱਚ ਕਈ ਸਾਖੀਆਂ ਵੀ ਪ੍ਰਵੇਸ਼ ਕਰ ਗਈਆਂ। ਨਤੀਜਾ ਇਹ ਹੋਇਆ ਕਿ ਵਿਅਕਤੀਆਂ ਦੇ ਸਮੂਹ ਵੱਲੋਂ ਕੀਤੇ ਕਿਸੇ ਫੈਸਲੇ ਨੂੰ ਪੰਥਕ ਫੈਸਲਾ ਆਖਣ ਦੀ ਥਾਵੇਂ ਗੁਰੂ ਪੰਥ ਦਾ ਫੈਸਲਾ ਆਖਿਆ ਜਾਣ ਲੱਗ ਪਿਆ। ਇਉਂ ਵਿਅਕਤੀਆਂ ਨੇ ਗੁਰੂ ਪਦਵੀ ਹੱਥਿਆ ਲਈ ਅਤੇ ਅਨੇਕਾਂ ਵਾਰ ਇਸੇ ਹੀ ਪ੍ਰਭਾਵ ਨੂੰ ਵਰਤ ਕੇ ਗੁਰਮਤਿ ਵਿਰੁੱਧ ਕੀਤੇ ਫੈਸਲਿਆਂ ਨੂੰ ਵੀ ਗੁਰੂ ਪੰਥ ਦਾ ਅਧਿਕਾਰਿਤ ਫੈਸਲਾ ਆਖ ਕੇ ਲਾਗੂ ਕੀਤਾ ਗਿਆ।

ਜੇ ਉਹਨਾਂ ਵਿਅਕਤੀਆਂ ਦੇ ਖਿਲਾਫ਼ ਕਿਸੇ ਨੇ ਆਵਾਜ਼ ਉਠਾਈ ਤਾਂ ਉਸਨੂੰ ਗੁਰੂ ਪੰਥ ਤੋਂ ਬੇ-ਮੁਖ, ਪੰਥ ਦਾ ਗ਼ੱਦਾਰ ਆਖਿਆ ਗਿਆ। ਇਉਂ ਸ਼ਬਦ, ਗੁਰੂ ਪੰਥ ਦੇ ਮੁਕਾਬਲੇ ਵਿਅਕਤੀ ਹੀ ਗੁਰੂ ਬਣ ਬੈਠੇ।


ਅੱਜ ਹਰ ਧੜਾ ਆਪਣੇ ਆਪ ਨੂੰ 'ਗੁਰੂ ਪੰਥ' ਅਖਵਾਉਣਾ ਚਾਹੁੰਦਾ ਹੈ।

ਅੱਜ ਬਦਕਿਸਮਤੀ ਨਾਲ ਸਿੱਖ 'ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ' ਦੀ ਥਾਵੇਂ ਕਈ ਵੱਖ-ਵੱਖ ਧੜਿਆਂ ਵਿੱਚ ਵੰਡਿਆ ਗਿਆ ਹੈ ਅਤੇ ਹਰ ਧੜਾ ਇਸ ਸ਼ਕਤੀਸ਼ਾਲੀ 'ਗੁਰੂ ਪੰਥ' ਨਾਂ 'ਤੇ ਆਪਣਾ ਕਬਜ਼ਾ ਰੱਖਣਾ ਚਾਹੁੰਦਾ ਹੈ। ਉਹ ਸਮਝਦਾ ਹੈ ਕਿ ਮੈਂ ਪੰਥ (ਰਸਤਾ) ਹਾਂ, ਹਰ ਕਿਸੇ ਨੂੰ ਮੇਰੀ ਸੇਧ 'ਤੇ ਚਲਣਾ ਚਾਹੀਦਾ ਹੈ ਅਤੇ ਜਿਹੜਾ ਮੇਰੇ ਘੇਰੇ ਵਿੱਚ ਨਾ ਰਹੇ, ਉਹ ਗੁਰੂ ਪੰਥ ਦਾ ਗ਼ੱਦਾਰ ਹੈ। ਅੱਜ ਆਮ ਸਾਧਾਰਨ ਸਿੱਖ ਵੀ ਇਸ ਪਵਿੱਤਰ ਨਾਂ ਦੇ ਪ੍ਰਭਾਵ ਹੇਠ ਉਹਨਾਂ ਵਿਅਕਤੀਆਂ ਨੂੰ ਹੀ ਗੁਰੂ ਪੰਥ ਸਮਝ ਕੇ ਆਪਣਾ ਧਾਰਮਿਕ ਅਤੇ ਕੌਮੀ ਭਵਿੱਖ ਉਹਨਾਂ 'ਤੇ ਹੀ ਨਿਰਭਰ ਕਰੀ ਬੈਠਾ ਹੈ। ਹਾਲਾਂਕਿ ਉਹ ਲੋਕ ਪੰਥ ਹੋਣਾ ਤਾਂ ਕਿਤੇ ਰਿਹਾ, ਪੰਥਕ ਅਖਵਾਉਣ ਦੇ ਹੱਕਦਾਰ ਵੀ ਨਹੀਂ ਹੁੰਦੇ ਕਿਉਂਕਿ ਸ਼ਬਦ ਰੂਪ ਗੁਰੂ ਪੰਥ ਦਾ ਉਹਨਾਂ ਦੀ ਸੋਝੀ ਅਤੇ ਜੀਵਨ ਨਾਲ ਕੋਈ ਸਬੰਧ ਨਹੀਂ ਦਿੱਸਦਾ।

ਸੋ, ਇਸ ਲਈ ਪਹਿਲਾਂ ਤਾਂ ਹਰ ਸਿੱਖ ਨੂੰ 'ਗੁਰੂ ਪੰਥ' ਅਤੇ 'ਪੰਥਕ' ਸ਼ਬਦ ਦੇ ਅੰਤਰ ਨੂੰ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਅਤੇ ਹਮੇਸ਼ਾ 'ਸ਼ਬਦ ਰੂਪ ਗੁਰੂ ਪੰਥ' ਦੇ ਘੇਰੇ ਵਿੱਚ ਰਹਿਣਾ ਚਾਹੀਦਾ ਹੈ ਅਤੇ ਪੰਥਕ ਅਖਵਾਉਣ ਵਾਲਿਆਂ ਨੂੰ ਵੀ ਇਸੇ ਕਸਵੱਟੀ 'ਤੇ ਪਰਖ ਲੈਣਾ ਜ਼ਰੂਰੀ ਹੋ ਗਿਆ ਹੈ। ਸ਼ਬਦ ਰੂਪ 'ਗੁਰੂ ਪੰਥ' ਦੇ ਘੇਰੇ ਵਿੱਚ ਰਹਿਣ ਵਾਲੇ ਪੰਥਕ ਕਾਫ਼ਿਲੇ ਨਾਲ ਜੁੜ ਕੇ ਹੀ ਕੌਮ ਦੀ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਸ਼ਕਤੀ ਬਣੀ ਰਹਿ ਸਕਦੀ ਹੈ।

☬

ਏਤੁ ਰਾਹਿ



ਪ੍ਰੋ. ਦਰਸ਼ਨ ਸਿੰਘ ਖ਼ਾਲਸਾ

ਇੱਕ ਕੌੜੀ ਸੱਚਾਈ ਲਿੱਖਣ
ਦੀ ਹਿੰਮਤ ਕਰ ਰਿਹਾਂ ਹਾਂ,
ਜੇ ਕਿਸੇ ਵੀਰ ਨੂੰ ਨਾ ਭਾਵੇ
ਤਾਂ ਮੈਨੂੰ ਖਿਮਾ ਕਰ ਦੇਵੇ।

ਸਿੱਖ ਅਤੇ ਸਿੰਘ

* ਸਿੱਖ ਅਤੇ ਸਿੰਘ ਵਿੱਚ ਕੀ ਅੰਤਰ ਹੈ ?
* ਕੀ ਸਿੱਖ ਹੋਣਾ ਹੀ ਕਾਫ਼ੀ ਨਹੀਂ ?
* ਕੀ ਹਰ ਸਿੱਖ ਦਾ ਸਿੰਘ ਬਣਨਾ ਜ਼ਰੂਰੀ ਹੈ ?

ਐਸੇ ਕੁਝ ਸੁਆਲ ਅੱਜ ਬਹੁਤੇ ਸਿੱਖਾਂ ਦੇ ਦਿਲਾਂ ਵਿੱਚੋਂ ਜਨਮ ਲੈ ਕੇ ਹਰ ਥਾਵੇਂ ਚਰਚਾ ਦਾ ਵਿਸ਼ਾ ਬਣੇ ਹੋਏ ਹਨ।

ਸਿੱਖ ਦਾ ਅੱਖਰੀ ਅਰਥ ਹੈ ਸਿੱਖਿਆ ਲੈਣ ਵਾਲਾ, ਉਪਦੇਸ਼ ਧਾਰਨ ਕਰਨ ਵਾਲਾ, ਵਿਦਿਆਰਥੀ, 'ਸਿਖੀ ਸਿਖਿਆ ਗੁਰ ਵੀਚਾਰਿ' ਅਨੁਸਾਰ ਜੀਊਣ ਵਾਲਾ।

ਉਪਦੇਸੁ ਜਿ ਦਿਤਾ ਸਤਿਗੁਰੂ ਸੋ ਸੁਣਿਆ ਸਿਖੀ ਕੰਨੇ॥

(ਗੁ.ਗ੍ਰੰ.ਸਾ.ਪੰਨਾ 314)

ਸੇਵਕ ਸਿਖ ਪੂਜਣ ਸਭਿ ਆਵਹਿ
ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥

(ਗੁ.ਗ੍ਰੰ.ਸਾ.ਪੰਨਾ 669)

ਪਹਿਲਾ ਗੁਰਮੁਖਿ ਜਨਮੁ ਲੈ ਭੈ ਵਿਚਿ ਵਰਤੈ ਹੋਇ ਇਆਣਾ।
ਗੁਰ ਸਿਖ ਲੈ ਗੁਰ ਸਿਖੁ ਹੋਇ ਭਾਇ ਭਗਤਿ ਵਿਚਿ ਖਰਾ ਸਿਆਣਾ।

(ਵਾਰ 32, ਪਉੜੀ 1)

ਆਰੰਭ ਵਿੱਚ ਗੁਰੂ ਨਾਨਕ ਜੀ ਨੇ ਨਿਰਮਲ ਪੰਥ ਸਾਜਣ ਲਈ ਚਾਰ ਉਦਾਸੀਆਂ ਰਾਹੀਂ ਦੇਸ਼-ਵਿਦੇਸ਼ਾਂ ਦਾ ਭ੍ਰਮਣ ਕਰਕੇ ਗੁਰੂ ਉਪਦੇਸ਼ ਦੇ ਪਾਤਰ ਇਕੱਤਰ ਕੀਤੇ। ਮਾਨੋ ਗੁਰ ਸਤਿਗੁਰ ਪਾਧੇ (Teacher) ਨੇ ਆਪਣੀ ਪਾਠਸ਼ਾਲਾ (School) ਵਿੱਚ ਗੁਰਮਤਿ ਵਿਚਾਰਧਾਰਾ ਪੜ੍ਹਨ, ਸਮਝਣ ਅਤੇ ਮੰਨਣ ਵਾਲੇ ਵਿਦਿਆਰਥੀ (Students) ਸਿੱਖ ਇਕੱਤਰ ਕੀਤੇ।

ਮੈ ਬਧੀ ਸਚੁ ਧਰਮ ਸਾਲ ਹੈ।। ਗੁਰਸਿਖਾ ਲਹਦਾ ਭਾਲਿ ਕੈ।।

(ਗੁ.ਗ੍ਰੰ.ਸਾ.ਪੰਨਾ 73)

ਮਨੁੱਖ, ਸਿੱਖ ਅਤੇ ਸਿੰਘ - ਇਹਨਾਂ ਵਿਸ਼ਿਆਂ ਦੇ ਕੁਝ ਵੱਖ-ਵੱਖ ਪਹਿਲੂ ਹਨ ਜੋ ਵਿਚਾਰਨਾ ਚਾਹੁੰਦਾ ਹਾਂ।

ਮਨੁੱਖ ਰੱਬ ਪ੍ਰਸਤ ਅਖਵਾਉਣ ਦਾ ਹੱਕਦਾਰ ਕਿਵੇਂ ਹੋਵੇਗਾ?

ਸੰਸਾਰ ਦੇ ਰੱਬ ਪ੍ਰਸਤ ਲੋਕ ਇਹ ਵਿਸ਼ਵਾਸ ਕਰਦੇ ਹਨ ਕਿ ਦੁਨੀਆ ਦੇ ਹਰ ਜੀਵ-ਜੰਤ, ਪਸ਼ੂ-ਪੰਛੀਆਂ, ਮਨੁੱਖਾਂ ਦਾ ਕਰਤਾ ਪੁਰਖ ਉਹ ਅਕਾਲ ਪੁਰਖ ਹੈ। ਉਸਨੇ ਇਸ ਦੁਨੀਆ ਦੀ ਕਹਾਣੀ ਨੂੰ ਚਲਦਾ ਰੱਖਣ ਲਈ ਕੁਝ ਅਟੱਲ ਨਿਯਮ ਬਣਾ ਦਿੱਤੇ ਹਨ ਜਿੰਨ੍ਹਾਂ ਨੂੰ ਅਸੀਂ ਕੁਦਰਤ ਆਖਦੇ ਹਾਂ। ਇਹ ਵੀ ਉਸਦਾ ਇੱਕ ਨਿਯਮ ਹੈ ਕਿ ਜਦੋਂ ਇਹ ਮੁੱਢਲਾ ਨਿਯਮ ਟੁੱਟੇਗਾ ਤਾਂ ਉਸ ਵਿੱਚੋਂ ਦੁਖਾਂਤ ਪੈਦਾ ਹੋਵੇਗਾ। ਉਹ ਸਰਬ ਸ਼ਕਤੀਮਾਨ ਹੈ, ਉਹ ਅਭੁੱਲ ਹੈ, ਉਸਨੇ ਹਰ ਜੀਵ-ਜੰਤ, ਪਸ਼ੂ-ਪੰਛੀ ਤੇ ਮਨੁੱਖ ਦੀ ਜਿਹੜੀ ਮੁੱਢਲੀ ਰੂਪ, ਰੰਗ ਤੇ ਸ਼ਕਲ ਬਣਾਈ ਹੈ, ਦੂਜੀ ਵੇਰ ਬਨਾਉਣ ਲੱਗਿਆਂ ਉਹ ਕਦੀ ਭੁੱਲਦਾ ਨਹੀਂ, ਉਸਨੇ ਕਦੇ ਭੁੱਲ ਕੇ ਮੋਰ ਦੀ ਸ਼ਕਲ ਕਬੂਤਰ ਵਰਗੀ ਨਹੀਂ ਬਣਾਈ, ਕਦੇ ਮਨੁੱਖ ਦੀ ਸ਼ਕਲ ਗਧੇ ਵਰਗੀ ਨਹੀਂ ਬਣਾਈ। ਬਲਕਿ ਉਸਦੀ ਜਣਨ-ਸ਼ਕਤੀ ਐਸੀ ਹੈ ਕਿ ਬਿੰਦੂ ਵਿੱਚ ਵੀ ਉਹੋ ਅੰਸ਼ ਰੱਖ ਦਿੰਦਾ ਹੈ ਤਾਂ ਕਿ ਇਸ ਦੇ ਬਿੰਦੂ ਤੋਂ ਇਸ ਦਾ ਮੁੱਢਲਾ ਰੂਪ ਹੀ ਜਨਮ ਲਵੇ। ਕਦੇ ਕਿਸੇ ਭੇਡ ਦੀ ਬਿੰਦ ਤੋਂ ਕਿਸੇ ਗਊ ਨੇ ਜਨਮ ਨਹੀਂ ਲਿਆ, ਕਦੀ ਕਿਸੇ ਮੋਰ ਦੇ ਮੇਲ ਤੋਂ ਕਿਸੇ ਇੱਲ ਨੇ ਜਨਮ ਨਹੀਂ ਲਿਆ। ਤੋਤੇ ਦਾ ਅਸਲ ਰੂਪ ਹੀ ਤੋਤੇ ਦੀ ਪਛਾਣ ਹੈ, ਮੋਰ ਦਾ ਰੂਪ ਹੀ ਮੋਰ ਦੀ ਪਛਾਣ ਹੈ। ਮੋਰ ਦੇ ਸਿਰ ਤੋਂ ਕਲਗੀ ਅਤੇ ਮੋਰ ਦੇ ਲੰਮੇ ਖੰਭ ਕੱਟ ਦਿਓ, ਮੋਰ ਦੀ ਪਛਾਣ ਖਤਮ ਹੋ ਜਾਵੇਗੀ, ਮੋਰ ਨੂੰ ਲੋਕ ਮੋਰਨੀ ਸਮਝਣ ਲੱਗ ਪੈਣਗੇ। ਕਿਉਂਕਿ ਕਾਦਰ ਨੇ ਕੁਦਰਤ ਦੇ ਰਾਹੀਂ ਮਨੁੱਖ ਸਮੇਤ ਹਰ ਜੀਵ, ਹਰ ਨਰ ਅਤੇ ਮਦੀਨ ਦੀ ਆਪੋ-ਆਪਣੀ ਪਛਾਣ ਕਾਇਮ ਕਰ ਦਿੱਤੀ ਹੈ ਜਿਸਨੂੰ ਗੁਆ ਕੇ ਮਨੁੱਖ ਦੀ ਪੂਰਨ ਸ਼ਕਲ ਪੂਰਨ ਨਹੀਂ ਰਹਿੰਦੀ, ਅਧੂਰੀ ਹੋ ਜਾਂਦੀ ਹੈ।

ਪ੍ਰਭੂ ਵੱਲੋਂ ਹੀ ਮਨੁੱਖ ਦੀ ਬਣਾਈ ਖ਼ੂਬਸੂਰਤ ਸ਼ਕਲ ਧਰਤੀ ਦੇ ਸਿਕਦਾਰ ਦੀ ਆਪਣੀ ਪਛਾਣ ਹੈ। ਮਦੀਨ ਨੂੰ ਕੇਸ ਅਤੇ ਨਰ ਨੂੰ ਕੇਸਾਂ ਦੇ ਨਾਲ-ਨਾਲ ਮੂੰਹ 'ਤੇ ਦਾਹੜਾ ਹੀ ਮਨੁੱਖ ਦੀ ਪਛਾਣ ਵਿੱਚ ਸ਼ਾਮਲ ਹੈ। ਕਾਦਰ ਦਾ ਇੱਕ ਅਟੱਲ ਨਿਯਮ ਹੈ ਕਿ ਮਨੁੱਖ

ਇਹੋ ਜਿਹਾ ਹੀ ਹੋਵੇਗਾ। ਬੇਸ਼ਕ, ਮਾਤਾ-ਪਿਤਾ ਦੋਵੇਂ ਕੇਸ-ਦਾਹੜੀ ਮੁਨਾ ਲੈਣ, ਬੇਸ਼ਕ ਅੱਜ ਦੀਆਂ ਨਵੀਆਂ ਕਾਢਾਂ ਨਾਲ ਕੈਮੀਕਲ ਅਤੇ ਦਵਾਈਆਂ ਵਰਤ ਕੇ ਕੇਸ ਪੈਦਾ ਹੋਣੋ ਹੀ ਰੋਕ ਲੈਣ, ਪਰ ਫਿਰ ਵੀ ਕਾਦਰ ਦੀ ਨਿਸ਼ਚਿਤ ਕੀਤੀ ਮਨੁੱਖੀ ਨਸਲ ਨਹੀਂ ਬਦਲ ਸਕਣਗੇ। ਉਹਨਾਂ ਦੇ ਮੇਲ ਤੋਂ ਜਿਹੜਾ ਬੱਚਾ ਪੈਦਾ ਹੋਵੇਗਾ, ਉਸਦੇ ਕੇਸ-ਦਾਹੜੀ ਜ਼ਰੂਰ ਆਉਣਗੇ, ਕਿਉਂਕਿ ਰੱਬੀ ਫੈਸਲੇ ਅਨੁਸਾਰ ਮਨੁੱਖ ਐਸਾ ਹੀ ਹੋਵੇਗਾ। ਇਸ ਲਈ ਚੰਗਾ ਹੈ ਕਿ ਪੂਰਨ ਮਨੁੱਖ ਹੀ ਬਣੇ ਰਹੋ, ਰੱਬੀ ਫੈਸਲੇ ਅੱਗੇ ਸਿਰ ਝੁਕਾਓ, ਤਾਂ ਹੀ ਰੱਬ ਪ੍ਰਸਤ ਅਖਵਾਉਣ ਦੇ ਹੱਕਦਾਰ ਹੋਵੋਗੇ।

ਸਿੱਖੀ ਦੀ ਪੜ੍ਹਾਈ ਕਿਥੋਂ ਸ਼ੁਰੂ ਹੁੰਦੀ ਹੈ?

ਗੁਰੂ ਨੇ ਸਿੱਖੀ ਸਕੂਲ ਵਿੱਚ ਦਾਖ਼ਲ ਹੋਣ ਵਾਲੇ ਹਰੇਕ ਨੂੰ ਪਹਿਲੇ ਇਹ ਗੱਲ ਸਮਝਾਈ ਕਿ ਭਲਿਆ ! ਸਿੱਖੀ ਦੀ ਪੜ੍ਹਾਈ ਸ਼ੁਰੂ ਹੀ ਇੱਥੋਂ ਹੁੰਦੀ ਹੈ ਕਿ ਸਿੱਖ ਮਨ, ਬਾਣੀ, ਸਰੀਰ ਕਰਕੇ ਕਾਦਰ ਪ੍ਰਭੂ ਦੀ ਮਰਜ਼ੀ ਅਤੇ ਹੁਕਮ ਨੂੰ ਪਛਾਣੇ ਅਤੇ ਪਾਲਣਾ ਕਰੇ। ਸੋ, ਸਰੀਰ ਕਰਕੇ ਪ੍ਰਭੂ ਮਰਜ਼ੀ ਦੀ ਪਾਲਣਾ ਹੈ ਕਿ ਪ੍ਰਭੂ ਹੁਕਮ ਵਿੱਚ ਸਾਬਤ ਸੂਰਤ ਰਹਿਣਾ। ਇਉਂ ਹਰੇਕ ਸਿੱਖ ਬਣਨ ਦਾ ਚਾਹਵਾਨ ਭਾਵੇਂ ਉਸਦਾ ਨਾਮ ਭਾਈ ਮਰਦਾਨਾ, ਭਾਈ ਲਾਲੋ, ਭਾਈ ਬੂੜਾ (ਬਾਬਾ ਬੁੱਢਾ ਜੀ), ਭਾਈ ਲਹਿਣਾ ਜੀ, ਭਾਈ ਗੁਰਦਾਸ, ਭਾਈ ਬੰਨੋ, ਭਾਈ ਮਤੀ ਦਾਸ, ਭਾਈ ਦਇਆ ਰਾਮ, ਭਾਈ ਧਰਮ ਚੰਦ, ਭਾਈ ਨੰਦ ਲਾਲ ਸਭ ਕੇਸਾਧਾਰੀ ਹੀ ਸਨ। ਇੱਥੋਂ ਤਕ ਕਿ ਗੁਰੂ ਸਰੂਪ ਵੀ ਜਿੰਨ੍ਹਾਂ ਸਭ ਦੇ ਨਾਮ ਨਾਲ ਦੇਵ, ਦਾਸ, ਬਹਾਦਰ ਜਾਂ ਰਾਇ ਲੱਗਦਾ ਸੀ, ਉਹ ਸਭ ਕੇਸਾਧਾਰੀ ਹੀ ਸਨ।

ਕੀ ਦਸਮ ਪਾਤਸ਼ਾਹ ਤੋਂ ਪਹਿਲੇ ਸਾਰੇ ਗ਼ੈਰ-ਕੇਸਾਧਾਰੀ ਸਿੱਖ ਸਨ?

ਅੱਜ ਕੁਝ ਸਾਜਿਸ਼ੀ ਅਨਸਰਾਂ ਵੱਲੋਂ ਕੌਮ ਵਿੱਚ ਇਹ ਭੁਲੇਖਾ ਪਾਇਆ ਜਾ ਰਿਹਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਅੰਮ੍ਰਿਤ ਸੰਸਕਾਰ ਰਾਹੀਂ ਸਿੱਖੀ ਨੂੰ 'ਸਿੰਘ' ਸ਼ਬਦ ਦੇਣ ਤੋਂ ਪਹਿਲੇ ਨਾਨਕ-ਪੰਥੀ ਦੇਵ, ਦਾਸ ਜਾਂ ਰਾਇ ਸਭ ਸਹਿਜਧਾਰੀ ਭਾਵ ਗ਼ੈਰ-ਕੇਸਾਧਾਰੀ ਸਿੱਖ ਸਨ। ਇਹ ਪ੍ਰਚਾਰ ਬਿਲਕੁਲ ਗ਼ਲਤ ਹੈ। ਜਿੰਨ੍ਹੇ ਵੀ ਗੁਰੂ ਦੀ ਸਿੱਖੀ ਸਿੱਖਿਆ ਨਾਲ ਸਬੰਧ ਰੱਖਣ ਵਾਲੇ ਹੋਏ ਹਨ, ਉਹ ਗੁਰੂ ਦੀ ਪਹਿਲੀ ਸਿੱਖਿਆ ਤੇ ਬਚਨ ਮੰਨ ਕੇ ਕੇਸਾਧਾਰੀ ਹੋਏ ਹਨ। ਬਲਕਿ ਹੋਰ ਬਹੁਤੇ ਧਰਮਾਂ ਦੇ ਧਾਰਮਿਕ ਆਗੂ - ਈਸਾਈਆਂ ਦੇ ਯੀਸੂ ਮਸੀਹ, ਇਸਲਾਮ ਦੇ ਹਜ਼ਰਤ ਮੁਹੰਮਦ ਸਾਹਿਬ, ਹਿੰਦੂਆਂ ਦੇ ਭਗਵਾਨ ਰਾਮ, ਕ੍ਰਿਸ਼ਨ ਤੇ ਹੋਰ ਰਿਸ਼ੀ ਆਦਿ ਸਭ ਕੇਸਾਧਾਰੀ ਹੀ ਹੋਏ ਹਨ ਅਤੇ ਸਿੱਖ ਗੁਰੂ ਸਾਹਿਬਾਨ ਵੀ ਕੇਸਾਧਾਰੀ ਹੀ ਸਨ। ਅੱਗੋਂ ਲਈ ਵੀ ਸਿੱਖ ਬਣਨ ਅਤੇ ਅਖਵਾਉਣ ਦੇ ਚਾਹਵਾਨ ਨੂੰ ਪਹਿਲਾਂ ਕੇਸਾਂ ਦੀ ਬੇਅਦਬੀ ਛੱਡ ਕੇ ਕੇਸਾਧਾਰੀ ਹੋਣਾ ਚਾਹੀਦਾ ਹੈ। ਇਸ ਤੋਂ ਬਾਅਦ ਹੀ 'ਮਨ ਬਚ ਕਰਮ' ਦੀ ਸੁਧਾਈ ਲਈ ਅਗਲੀ ਗੁਰੂ ਸਿੱਖਿਆ ਸ਼ੁਰੂ ਹੁੰਦੀ ਹੈ।

ਇਹ ਬਹਾਨੇ ਵੀ ਗ਼ਲਤ ਹਨ ਕਿ ਕੁਝ ਕੇਸਾਧਾਰੀ ਜਾਂ ਅੰਮ੍ਰਿਤਧਾਰੀ ਸਿੱਖਾਂ ਦਾ ਜੀਵਨ ਕਿਰਦਾਰ ਵੀ ਬਹੁਤ ਨੀਵਾਂ ਹੈ। ਹਰੇਕ ਕੌਮ ਵਿੱਚ ਕੁਝ ਕਾਂਗਿਆਰੀ ਹੁੰਦੀ ਹੈ, ਪੁਲਿਸ ਦੀ ਵਰਦੀ ਪਾ ਕੇ ਕਈ ਡਾਕੂ ਡਾਕੇ ਵੀ ਮਾਰਦੇ ਹਨ। ਤਾਂ ਕੀ ਪੁਲਿਸ ਦੀ ਵਰਦੀ ਖ਼ਤਮ ਕਰ ਦੇਣੀ ਚਾਹੀਦੀ ਹੈ ?, ਸੋਨੇ ਦੀ ਸ਼ਕਲ ਮੁਲੰਮੇ ਨੇ ਵੀ ਲੈ ਲਈ ਹੈ, ਤਾਂ ਕੀ ਲੋਕਾਂ

ਨੇ ਸੋਨਾ ਖਰੀਦਣਾ ਬੰਦ ਕਰ ਦਿੱਤਾ ਹੈ ? ਇੱਜ਼ਤਦਾਰ ਸਿਆਣੇ ਲੋਕ ਮੁਲੱਮਾ ਨਹੀਂ ਖਰੀਦਦੇ, ਸੋਨੇ ਦੀ ਕਦਰ ਕਰਦੇ ਹਨ। ਹੰਸ ਵਾਲਾ ਰੂਪ ਬਗਲੇ ਕੋਲ ਵੀ ਹੈ। ਗੁਰੂ ਜੀ ਆਖਦੇ ਹਨ :

ਹੰਸ ਸਿ ਹੰਸਾ ਬਗ ਸਿ ਬਗਾ ਘਟ ਘਟ ਕਰੇ ਬੀਚਾਰੁ ਜੀਉ॥

(ਗੁ.ਗ੍ਰੰ.ਸਾ.ਪੰਨਾ 438)

ਵਿਚਾਰ ਕਰਕੇ ਫੈਸਲਾ ਕਰ ਕਿ ਤੂੰ ਹੰਸ ਬਣਨਾ ਹੈ ਜਾਂ ਬਗਲਾ ਬਣਨਾ ਹੈ। ਗੁਰੂ ਨੇ ਬਗਲੇ ਅਤੇ ਹੰਸ ਦਾ ਫਰਕ ਸਮਝਾ ਕੇ ਸਿੱਖ ਨੂੰ ਗੁਰੂ ਸਰੋਵਰ 'ਤੇ ਬੈਠਾ ਹੰਸ ਆਖਿਆ ਹੈ :

ਸਰਵਰ ਹੰਸ ਧੁਰੇ ਹੀ ਮੇਲਾ ਖਸਮੈ ਏਵੈ ਭਾਣਾ॥
ਸਰਵਰ ਅੰਦਰਿ ਹੀਰਾ ਮੋਤੀ ਸੋ ਹੰਸਾ ਕਾ ਖਾਣਾ॥
ਬਗੁਲਾ ਕਾਗੁ ਨ ਰਹਈ ਸਰਵਰਿ ਜੇ ਹੋਵੈ ਅਤਿ ਸਿਆਣਾ॥
ਓਨਾ ਰਿਜਕੁ ਨ ਪਾਇਓ ਓਥੈ ਓਨ੍ਹਾ ਹੋਰੋ ਖਾਣਾ॥

(ਗੁ.ਗ੍ਰੰ.ਸਾ.ਪੰਨਾ 956)

ਜਾ ਹੰਸ ਸਭਾ ਵੀਚਾਰੁ ਕਰਿ ਦੇਖਨਿ ਤਾ ਬਗਾ ਨਾਲਿ ਜੋੜੁ ਕਦੇ ਨ ਆਵੈ॥
ਹੰਸਾ ਹੀਰਾ ਮੋਤੀ ਚੁਗਣਾ ਬਗੁ ਡਡਾ ਭਾਲਣ ਜਾਵੈ॥

(ਗੁ.ਗ੍ਰੰ.ਸਾ.ਪੰਨਾ 960)

ਸਤਿਗੁਰੁ ਸਰਵਰੁ ਰਤਨੀ ਭਰਪੂਰੇ ਜਿਸੁ ਪ੍ਰਾਪਤਿ ਸੋ ਪਾਵੈ॥
ਸਿਖ ਹੰਸ ਸਰਵਰੁ ਇਕਠੇ ਹੋਏ ਸਤਿਗੁਰ ਕੈ ਹੁਕਮਾਵੈ॥
ਰਤਨ ਪਦਾਰਥ ਮਾਣਕ ਭਰਪੂਰੇ ਖਾਇ ਖਰਚਿ ਰਹੇ ਤੋਟਿ ਨ ਆਵੈ॥
ਸਰਵਰ ਹੰਸੁ ਦੂਰਿ ਨ ਹੋਈ ਕਰਤੇ ਏਵੈ ਭਾਵੈ॥
ਜਨ ਨਾਨਕ ਜਿਸ ਦੈ ਮਸਤਕਿ ਭਾਗੁ ਧੁਰਿ ਲਿਖਿਆ ਸੋ ਸਿਖੁ ਗੁਰੂ ਪਹਿ ਆਵੈ॥
ਆਪਿ ਤਰਿਆ ਕੁਟੰਬ ਸਭਿ ਤਾਰੇ ਸਭਾ ਸ੍ਰਿਸਟਿ ਛਡਾਵੈ॥

(ਗੁ.ਗ੍ਰੰ.ਸਾ.ਪੰਨਾ 960)

ਗੁਰੂ ਨੇ ਸਿੱਖ ਦੇ ਮਨ, ਬਚ, ਕਰਮ ਨੂੰ ਸੋਧਿਆ ਤੇ ਸਾਜਿਆ।

ਗੁਰੂ ਜੀ ਨੇ ਦਸਾਂ ਜਾਮਿਆਂ ਵਿੱਚ ਆਪਣੇ ਉੱਚੇ-ਸੁੱਚੇ ਜੀਵਨ ਦੀ ਰਹਿਣੀ-ਬਹਿਣੀ, ਜੋ ਗੁਰੂ ਇਤਿਹਾਸ ਬਣੀ ਅਤੇ ਗੁਰੂ ਕਹਿਣੀ, ਜੋ ਗੁਰਬਾਣੀ ਦੇ ਰੂਪ ਵਿੱਚ ਸਿੰਘਾਸਨ 'ਤੇ ਸੁਸ਼ੋਭਿਤ ਹੋ ਸਿੱਖ ਦੇ ਜੀਵਨ ਦਾ ਆਧਾਰ ਬਣੀ, ਇਸ ਰਹਿਣੀ-ਬਹਿਣੀ ਤੇ ਕਹਿਣੀ ਨਾਲ ਗੁਰੂ ਨੇ ਦੋ ਸੌ ਵਰ੍ਹਿਆਂ ਵਿੱਚ ਸਿੱਖ ਦੇ ਮਨ, ਬਚ ਤੇ ਕਰਮ ਨੂੰ ਸੋਧਿਆ ਤੇ ਸਜਾਇਆ। ਮਨ ਦੇ ਫੁਰਨਿਆਂ, ਕਲਪਨਾਵਾਂ ਤੇ ਸੋਚਾਂ ਵਿੱਚ ਪਰਉਪਕਾਰ, ਦਇਆ, ਅਣਖ, ਨਿਮਰਤਾ, ਮਨ ਨੀਵਾਂ, ਮਤ ਉੱਚੀ ਅਤੇ ਸਰਬੱਤ ਦਾ ਭਲਾ ਰੱਖ ਦਿੱਤਾ। ਬਚਨਾਂ ਵਿੱਚ ਗੁਰਬਾਣੀ ਦਾ ਨਿਰਭਉ ਸੱਚ ਅਤੇ "ਸੁਭ ਬਚਨ ਬੋਲਿ ਗੁਨ ਅਮੋਲ' ਟਿੱਕਾ ਦਿੱਤੇ। ਸਰੀਰ ਕਿਉਂਕਿ ਕਰਮ ਧਰਤੀ ਹੈ, ਇਸਦੇ ਇੱਕ-ਇੱਕ ਅੰਗ ਦਾ ਕਰਮ ਵੱਖਰਾ ਹੈ, ਇਸ ਲਈ ਇੱਕ-ਇੱਕ ਅੰਗ ਨੂੰ ਸਮਝਾਇਆ :

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ ਹਰਿ ਬਿਨੁ ਅਵਰੁ ਨ ਦੇਖਹੁ ਕੋਈ।।
ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ।।
ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ।।
ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ ਹਰਿ ਬਿਨੁ ਅਵਰੁ ਨ ਕੋਈ।।
ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ।।

(ਗੁ.ਗ੍ਰੰ.ਸਾ.ਪੰਨਾ 922)

ਨੇਤ੍ਰ ਪੁਨੀਤ ਪੇਖਤ ਹੀ ਦਰਸ।। ਧਨਿ ਮਸਤਕ ਚਰਨ ਕਮਲ ਹੀ ਪਰਸ।।
ਗੋਬਿੰਦ ਕੀ ਟਹਲ ਸਫਲ ਇਹ ਕਾਂਇਆ।। ਸੰਤ ਪ੍ਰਸਾਦਿ ਪਰਮ ਪਦੁ ਪਾਇਆ।। ੨।।

(ਗੁ.ਗ੍ਰੰ.ਸਾ.ਪੰਨਾ 201)

ਮਿਥਿਆ ਸ੍ਰਵਨ ਪਰ ਨਿੰਦਾ ਸੁਨਹਿ।। ਮਿਥਿਆ ਹਸਤ ਪਰ ਦਰਬ ਕਉ ਹਿਰਹਿ।।
ਮਿਥਿਆ ਨੇਤ੍ਰ ਪੇਖਤ ਪਰ ਤ੍ਰਿਅ ਰੂਪਾਦ।। ਮਿਥਿਆ ਰਸਨਾ ਭੋਜਨ ਅਨ ਸ੍ਵਾਦ।।
ਮਿਥਿਆ ਚਰਨ ਪਰ ਬਿਕਾਰ ਕਉ ਧਾਵਹਿ।। ਮਿਥਿਆ ਮਨ ਪਰ ਲੋਭ ਲੁਭਾਵਹਿ।।
ਮਿਥਿਆ ਤਨ ਨਹੀ ਪਰਉਪਕਾਰਾ।। ਮਿਥਿਆ ਬਾਸੁ ਲੇਤ ਬਿਕਾਰਾ।।
ਬਿਨੁ ਬੂਝੇ ਮਿਥਿਆ ਸਭ ਭਏ।। ਸਫਲ ਦੇਹ ਨਾਨਕ ਹਰਿ ਹਰਿ ਨਾਮ ਲਏ।। ੫।।

(ਗੁ.ਗ੍ਰੰ.ਸਾ.ਪੰਨਾ 269)

ਸਰੀਰ ਨੂੰ ਸੇਵਾ ਅਤੇ ਸੁਕਿਰਤ ਦੇ ਕੇ "ਸਰਬ ਧਰਮ ਮਹਿ ਸ੍ਰੇਸਟ ਧਰਮੁ, ਹਰਿ ਕੋ ਨਾਮੁ ਜਪਿ ਨਿਰਮਲ ਕਰਮੁ" ਸਮਝਾਇਆ ਅਤੇ ਇਉਂ ਗੁਰੂ ਜੀ ਨੇ ਦੋ ਸੌ ਵਰ੍ਹਿਆਂ ਵਿੱਚ ਗੁਰਬਾਣੀ ਗੁਰਮਤਿ ਦੀ ਸਿੱਖਿਆ ਨਾਲ ਸਿੱਖ ਦੇ 'ਮਨ ਬਚ ਕਰਮ' ਨੂੰ ਸੋਧ ਅਤੇ ਸਜਾ ਕੇ ਸਿੱਖੀ ਦਾ ਅਮੁੱਲ ਗਿਆਨ ਬਖਸ਼ਿਆ।

ਸਿੰਘ ਕੌਣ ਹੈ?

ਹੁਣ ਸਮਾਂ ਆ ਗਿਆ 1699 ਦੀ ਵਿਸਾਖੀ ਦਾ ਜਦੋਂ ਗੁਰਬਾਣੀ-ਗੁਰਮਤਿ ਗੁਰੂ ਦੀ ਸੰਪੂਰਨ ਸਿੱਖਿਆ ਅੱਗੇ ਮਨ-ਬਚ-ਕਰਮ ਕਰਕੇ ਭੇਟ (ਸਮਰਪਿਤ) ਹੋ ਚੁੱਕੇ ਸਿੱਖ ਨੂੰ ਇੱਕ ਮਹਾਨ ਸਮਾਗਮ ਰਾਹੀਂ ਸਫਲਤਾ (ਸੰਪੂਰਨਤਾ) ਦੀ ਪਦਵੀ (Degree) ਮਿਲੀ। ਉਸ ਸਮਾਗਮ ਦਾ ਨਾਮ ਸੀ 'ਅੰਮ੍ਰਿਤ ਸੰਸਕਾਰ' ਅਤੇ ਉਸ ਡਿਗਰੀ ਦਾ ਨਾਮ ਸੀ 'ਸਿੰਘ'।

ਲਓ ! ਇੱਥੇ ਇੱਕ ਕੌੜੀ ਸੱਚਾਈ ਨੂੰ ਪ੍ਰਵਾਨ ਕਰੋ। 'ਸਿੰਘ' ਇੱਕ ਮਹਾਨ ਡਿਗਰੀ ਹੈ ਜਿਹੜੀ ਮਨ-ਬਚ-ਕਰਮ ਕਰਕੇ ਗੁਰਮਤਿ ਆਚਰਨ ਦੀ ਕਲਾਸ ਵਿੱਚ ਪਾਸ ਹੋਣ ਵਾਲੇ ਸਮਰਪਿਤ ਸਿੱਖ ਨੂੰ ਹੀ ਅੰਮ੍ਰਿਤ ਸੰਸਕਾਰ ਰਾਹੀਂ ਗੁਰੂ ਵੱਲੋਂ ਪ੍ਰਾਪਤ ਹੋਈ ਅਤੇ ਹੁੰਦੀ ਹੈ। ਇਸ ਡਿਗਰੀ ਲਈ ਪਹਿਲਾਂ ਗੁਰਮਤਿ ਆਚਰਨ ਦਾ ਧਾਰਣੀ ਹੋਣਾ ਜ਼ਰੂਰੀ ਹੈ।

ਅਸੀਂ ਕੁਝ ਉੱਚੇ ਆਚਰਨ ਦੀਆਂ ਗੱਲਾਂ 'ਰਹਿਤਾਂ-ਕੁਰਹਿਤਾਂ' ਦੇ ਨਾਂ ਹੇਠ ਕੇਵਲ ਅੰਮ੍ਰਿਤਧਾਰੀ ਸਿੰਘਾਂ ਨਾਲ ਹੀ ਸਬੰਧਿਤ ਕਰ ਦਿੱਤੀਆਂ ਹਨ ਅਤੇ ਆਮ ਸਿੱਖ ਨੂੰ ਉਸ ਸਭ ਕੁਝ ਤੋਂ ਆਜ਼ਾਦ ਕਰ ਦਿੱਤਾ ਹੈ। ਇਸ ਨਾਲ ਸਿੱਖ ਦੇ ਸਿੱਖੀ ਮਿਆਰ ਨੂੰ ਬੜਾ ਵੱਡਾ ਧੱਕਾ ਲੱਗਾ ਹੈ।

ਕੀ ਅੰਮ੍ਰਿਤਧਾਰੀ ਸਿੰਘਾਂ ਲਈ ਹੀ ਰਹਿਤ ਜ਼ਰੂਰੀ ਹੈ, ਬਾਕੀ ਸਿੱਖਾਂ ਲਈ ਨਹੀਂ ?

ਮੈਂ ਪੁੱਛਦਾ ਹਾਂ ਕਿ ਕੀ ਕੇਵਲ ਅੰਮ੍ਰਿਤਧਾਰੀ ਸਿੰਘ ਲਈ ਹੀ ਨਿਤਨੇਮ ਕਰਨਾ ਜ਼ਰੂਰੀ ਹੈ, ਹਰ ਸਿੱਖ ਲਈ ਜ਼ਰੂਰੀ ਨਹੀਂ ? ਕੀ ਅੰਮ੍ਰਿਤਧਾਰੀ ਨੂੰ ਕੁਰਹਿਤ ਕਾਰਣ ਕੇਸਾਂ ਦੀ ਬੇਅਦਬੀ ਮਨ੍ਹਾ ਹੈ, ਕੀ ਬਾਕੀ ਹਰ ਸਿੱਖ ਇਸ ਕੁਰਹਿਤ ਤੋਂ ਆਜ਼ਾਦ ਹੈ ?, ਕੀ ਅੰਮ੍ਰਿਤਧਾਰੀ ਸਿੰਘ ਨੂੰ ਹੀ ਪਰਾਈ ਇਸਤਰੀ ਦਾ ਸੰਗ ਮਨ੍ਹਾ ਹੈ, ਬਾਕੀ ਹਰ ਸਿੱਖ ਇਸ ਕੁਰਹਿਤ ਤੋਂ ਆਜ਼ਾਦ ਹੈ ?, ਕੀ ਅੰਮ੍ਰਿਤਧਾਰੀ ਸਿੰਘ ਨੂੰ ਹੀ ਤੰਬਾਕੂ, ਕੁੱਠਾ ਆਦਿ ਦੀ ਵਰਤੋਂ ਮਨ੍ਹਾ ਹੈ, ਬਾਕੀ ਹਰ ਸਿੱਖ ਨੂੰ ਇਸਦੀ ਆਜ਼ਾਦੀ ਹੈ ? ਤਾਂ ਕੀ ਅੰਮ੍ਰਿਤ ਛਕਾ ਕੇ ਇੱਕ ਦਿਨ ਵਿੱਚ ਗੁਰੂ ਨੇ ਜੀਵਨ ਬਦਲ ਕੇ ਮਹਾਨ ਕਰ ਦਿੱਤਾ ?, ਕੀ ਪਹਿਲੀ ਦੋ ਸੌ ਸਾਲ ਦੀ ਘਾਲਣਾ ਜਾਂ ਪੜ੍ਹਾਈ ਬੇਅਰਥ ਸੀ ?

ਅੱਜ ਕੁਝ ਵੀਰ ਦਾੜ੍ਹੀ-ਕੇਸਾਂ ਦੀ ਬੇਅਦਬੀ ਕਰਕੇ ਬੇ-ਪਛਾਣ ਹੋ ਅਨੇਕਾਂ ਗੁਨਾਹ ਕਰਨ ਦਾ ਹੱਕ ਸਮਝ ਬੈਠਦੇ ਹਨ ਅਤੇ ਸਿੱਖ ਜਾਂ ਸਿੰਘ ਵੀ ਅਖਵਾਉਂਦੇ ਹਨ। ਜੇ ਕੋਈ ਕੇਸਾਧਾਰੀ ਸਰੂਪ ਅਤੇ ਸਿਧਾਂਤ ਦੀ ਸੰਭਾਲ ਲਈ ਕਹਿੰਦਾ ਹੈ, ਤੇ ਉਸਨੂੰ ਕੱਟੜਵਾਦੀ ਆਖਿਆ ਜਾਂਦਾ ਹੈ। ਤਾਂ ਫਿਰ ਰੱਬ ਨੂੰ ਸਭ ਤੋਂ ਵੱਡਾ ਕੱਟੜਵਾਦੀ ਆਖੋ ਕਿਉਂਕਿ ਤੁਸੀਂ ਰੋਜ਼ ਕੇਸ ਕਟਾਈ ਜਾਂਦੇ ਹੋ, ਉਹ ਫਿਰ ਲਾਈ ਜਾਂਦਾ ਹੈ। ਉਹ ਆਪਣੀ ਸੋਚ ਅਤੇ ਫੈਸਲੇ ਦਾ ਬੜਾ ਮਜ਼ਬੂਤ ਹੈ।

ਨਹੀਂ, ਐਸਾ ਬਿਲਕੁਲ ਨਹੀਂ ਹੈ। ਸਿੱਖ ਨੂੰ ਹੀ ਗੁਰੂ ਵੱਲੋਂ ਸਿੱਖਿਆ ਰਾਹੀਂ ਸਮਝਾਏ ਗਏ ਰੱਬ ਵੱਲੋਂ ਬਖਸ਼ਿਸ਼ ਕੀਤੇ ਗਏ ਸੰਪੂਰਨ ਕੇਸਾਧਾਰੀ ਰੂਪ ਅਤੇ ਮਹਾਨ ਆਚਰਨ ਦਾ ਧਾਰਨੀ ਹੋਣਾ ਪਵੇਗਾ। ਉੱਤੇ ਲਿਖੀਆਂ ਸਭ ਰਹਿਤਾਂ-ਕੁਰਹਿਤਾਂ ਹਰ ਸਿੱਖ ਅਖਵਾਉਣ ਵਾਲੇ 'ਤੇ ਲਾਗੂ ਹੁੰਦੀਆਂ ਹਨ। ਹਰ ਕੁ-ਕਰਮ ਤੋਂ ਬੱਚ ਕੇ ਹਰ ਸੁ-ਕਰਮ ਨਾਲ ਜੀਵਨ ਢਾਲਣਾ ਹਰ ਸਿੱਖ ਨੂੰ ਗੁਰੂ ਦਾ ਹੁਕਮ ਹੈ। ਐਸੇ ਸਫਲ ਸਿੱਖ ਜੀਵਨ ਨੂੰ ਹੀ ਗੁਰੂ 'ਅੰਮ੍ਰਿਤ ਸੰਸਕਾਰ' ਰਾਹੀਂ 'ਸਿੰਘ' ਦੀ ਡਿਗਰੀ ਪ੍ਰਦਾਨ ਕਰਦਾ ਹੈ।

ਸੱਚੇ ਸਿੱਖ ਅਤੇ ਸਿੰਘ ਦਾ ਜੀਵਨ ਮਿਆਰ ਇੱਕੋ ਜਿਹਾ ਉੱਚੇ-ਸੁੱਚੇ ਆਚਰਨ ਵਾਲਾ ਹੁੰਦਾ ਹੈ। ਕੇਵਲ ਫਰਕ ਐਨਾ ਹੈ ਕਿ ਜਿਵੇਂ ਕਿਸੇ ਨੇ ਡਾਕਟਰੀ ਦੀ ਪੜ੍ਹਾਈ ਪੂਰੀ ਕਰ ਲਈ ਹੈ ਪਰ ਅਜੇ ਇਮਤਿਹਾਨ (Test) ਵਿੱਚ ਬੈਠ, ਪਾਸ ਹੋ ਕੇ ਡਿਗਰੀ ਨਹੀਂ ਲਈ ਹੈ। ਇਸ ਲਈ ਉਹ ਡਾਕਟਰ ਲਿਖਣ-ਲਿਖਵਾਉਣ ਦਾ ਹੱਕਦਾਰ ਨਹੀਂ ਹੈ। ਇਸੇ ਤਰ੍ਹਾਂ ਜੀਵਨ ਵਿੱਚ ਗੁਰਮਤਿ ਆਚਰਨ ਦੀ ਸੰਪੂਰਨ ਪੜ੍ਹਾਈ ਦਾ ਪ੍ਰਤੀਕ 'ਸਿੱਖ' ਹੈ। ਅਤੇ ਅੰਮ੍ਰਿਤ ਸੰਸਕਾਰ ਰਾਹੀਂ ਟੈਸਟ ਪਾਸ ਕਰਕੇ 'ਸਿੰਘ' ਦੀ ਡਿਗਰੀ ਲੈਣ ਵਾਲਾ ਹੀ ਸਿੰਘ ਹੈ।

ਅੱਜ ਵੇਖਣ ਵਿੱਚ ਆਉਂਦਾ ਹੈ ਕਿ ਕੁਝ ਵੀਰ ਗੁਰੂ ਦੀ ਪਹਿਲੀ ਗੱਲ ਹੀ ਨਹੀਂ ਮੰਨਦੇ ਕਿ ਕੇਸਾਧਾਰੀ ਹੋ ਕੇ ਰੱਬੀ ਹੁਕਮ ਵਿੱਚ ਮਨੁੱਖੀ ਨਸਲ ਦੇ ਅਸਲ ਸਰੂਪ ਦਾ ਧਾਰਨੀ ਹੋਣ। ਗੁਰੂ ਦੀ ਇਹ ਸਿੱਖਿਆ ਨਾ ਮੰਨ ਕੇ ਵੀ 'ਸਿੱਖ' ਹੀ ਨਹੀਂ, ਸਗੋਂ 'ਸਿੰਘ' ਦੀ ਡਿਗਰੀ ਵੀ ਲਾਈ ਫਿਰਦੇ ਹਨ। ਕੁਝ ਲੋਕ ਬਿਨਾ ਗੁਰਮਤਿ ਆਚਰਨ ਦੇ ਕੇਵਲ ਦਿਖਾਵੇ ਲਈ, ਚੌਧਰ ਅਤੇ ਪਦਵੀਆਂ ਲਈ ਜਾਅਲੀ ਅੰਮ੍ਰਿਤਧਾਰੀ ਸਿੰਘ ਦੀ ਡਿਗਰੀ ਲੈ ਕੇ ਆਪਣੇ

ਆਪ ਨੂੰ ਮਹਾਨ ਸਿੰਘ ਸਾਬਤ ਕਰਦੇ ਹਨ। ਇਸ ਤਰ੍ਹਾਂ ਸਿੱਖੀ ਸਰੂਪ ਬਦਨਾਮ ਹੋ ਰਿਹਾ ਹੈ।

ਵੀਰੋ ! ਆਪਣਾ ਫਰਜ਼ ਪਛਾਣੋ। ਗੁਰੂ ਦੇ ਹੁਕਮ ਵਿੱਚ ਕੇਸਾਧਾਰੀ ਗੁਰਮਤਿ ਆਚਰਨ ਦੇ ਧਾਰਨੀ ਸਿੱਖ, ਅੰਮ੍ਰਿਤ ਰਾਹੀਂ 'ਸਿੰਘ' ਸੱਜ ਕੇ ਸਰੂਪ ਤੇ ਸਿਧਾਂਤ ਦੀ ਲਾਜ ਰੱਖੋ ਜੀ।

ਸਿੱਖ ਜੀਵਨ ਦੀ ਸ਼ੁਰੂਆਤ ਕੇਸਾਧਾਰੀ ਹੋਣ 'ਤੇ ਹੀ ਹੁੰਦੀ ਹੈ ਅਤੇ ਸਿੰਘ ਦੀ ਸ਼ੁਰੂਆਤ ਅੰਮ੍ਰਿਤਧਾਰੀ ਹੋਣ 'ਤੇ ਹੀ ਹੁੰਦੀ ਹੈ।

ਸਿੱਖ ਅਤੇ ਸਿੰਘ ਦੀ ਸ਼ੁਰੂਆਤ ਕਿਥੋਂ ਹੁੰਦੀ ਹੈ?

ਹੋ ਸਕਦਾ ਹੈ ਪਾਠਕ ਮੇਰੀ ਇਸ ਗੱਲ ਨਾਲ ਸਹਿਮਤ ਨਾ ਹੋਣ, ਪਰ ਐਸੀ ਇੱਕ ਸਾਖੀ ਸਦੀਆਂ ਤੋਂ ਪੜ੍ਹਦੇ-ਸੁਣਦੇ ਆ ਰਹੇ ਹਾਂ ਅਤੇ ਕਦੇ ਕਿਸੇ ਨੇ ਇਤਰਾਜ਼ ਨਹੀਂ ਕੀਤਾ। ਅੱਜ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਸਾਖੀ ਮੁਤਾਬਿਕ ਗੁਰੂ ਜੀ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਤੋਂ ਬਾਅਦ ਤਕ 'ਗੋਬਿੰਦ ਰਾਇ' ਸਨ। ਬਾਅਦ ਵਿੱਚ ਆਖਦੇ ਹਨ, ਮੈਨੂੰ ਵੀ ਅੰਮ੍ਰਿਤ ਛਕਾ ਕੇ ਹੁਣ 'ਗੋਬਿੰਦ ਰਾਏ' ਤੋਂ 'ਗੋਬਿੰਦ ਸਿੰਘ' ਕਰ ਲਓ। ਗੁਰੂ ਸਾਹਿਬ ਵੀ ਅੰਮ੍ਰਿਤ ਸੰਸਕਾਰ ਤੋਂ ਬਾਅਦ ਹੀ 'ਗੋਬਿੰਦ ਸਿੰਘ' ਅਖਵਾਏ, ਇਸ ਤੋਂ ਪਹਿਲੇ ਨਹੀਂ।

ਸਤਿਗੁਰੂ ਖਿਮਾ ਕਰਨ, ਮੈਂ ਇੱਕ ਸੁਆਲ ਕਰ ਰਿਹਾ ਹਾਂ - ਤਾਂ ਕੀ ਉਸ ਵਕਤ ਤਕ ਗੁਰੂ ਜੀ ਕੁ-ਰਹਿਤਾਂ ਤੋਂ ਬਚੇ ਹੋਏ ਅਤੇ ਰਹਿਤਾਂ ਦੇ ਧਾਰਨੀ ਨਹੀਂ ਸਨ ? ਨਹੀਂ, ਐਸਾ ਨਹੀਂ। ਗੁਰੂ ਤਾਂ ਮਹਾਨ ਹੈ ਅਤੇ ਮਹਾਨ ਹੀ ਸੀ। ਉਸ ਵਿੱਚ ਕਦੇ ਕੋਈ ਕਮਜ਼ੋਰੀ ਨਹੀਂ ਆਈ। ਕੇਵਲ ਗੁਰੂ ਇਹ ਸਪਸ਼ਟ ਕਰ ਰਿਹਾ ਹੈ ਕਿ ਹਰ ਸਿੱਖ ਨੂੰ ਪਤਾ ਹੋਵੇ ਕਿ ਗੁਰੂ ਵਰਗੇ ਮਹਾਨ ਆਚਰਣ ਵਾਲਾ ਵੀ ਅੰਮ੍ਰਿਤ ਛੱਕ ਕੇ ਹੀ 'ਸਿੰਘ' ਅਖਵਾ ਸਕਦਾ ਹੈ।

'ਸਿੰਘ' ਇੱਕ ਡਿਗਰੀ ਹੈ ਜੋ ਹਰੇਕ 'ਸਿੱਖ' ਨੇ ਪ੍ਰਾਪਤ ਕਰਨੀ ਹੈ। ਜਿਵੇਂ ਬਿਨਾ ਡਿਗਰੀ ਹੁੰਦਿਆਂ ਆਪਣੇ ਨਾਂ ਨਾਲ ਲਕਬ ਲਾਉਣ ਵਾਲਾ ਦੋਸ਼ੀ ਮੰਨਿਆ ਜਾਂਦਾ ਹੈ ਜਾਂ ਬਿਨਾ ਪੜ੍ਹਾਈ ਕੀਤਿਆਂ ਨਕਲੀ ਡਿਗਰੀ ਚੁੱਕੀ ਫਿਰਨ ਵਾਲਾ ਵੀ ਦੋਸ਼ੀ ਹੁੰਦਾ ਹੈ। ਇਸੇ ਤਰ੍ਹਾਂ ਸਿੱਖੀ ਸਰੂਪ ਅਤੇ ਆਚਰਨ ਦੀ ਪੜ੍ਹਾਈ ਬਿਨਾ 'ਸਿੰਘ' ਦੀ ਨਕਲੀ ਡਿਗਰੀ ਚੁੱਕੀ ਫਿਰਦੇ ਮੇਰੇ ਵਰਗੇ ਕੁਝ ਲੋਕ ਕੌਮ ਲਈ 'ਨੀਮ ਹਕੀਮ ਖ਼ਤਰਾ-ਏ-ਜਾਨ' ਬਣ ਰਹੇ ਹਨ।

☬

ਰੱਬ ਦੇ ਬੋਲ ਤੋਂ ਹੀ
ਸ੍ਰਿਸ਼ਟੀ ਦੀ ਰਚਨਾ ਹੋਈ।

☬

ਇਹ ਰੱਬੀ ਬੋਲ ਹੀ
ਸਿੱਖੀ ਦਾ ਜੀਵਨ ਕੇਂਦਰ ਹਨ।

☬

ਪਰ ਬਦਕਿਸਮਤੀ ਨਾਲ
ਅੱਜ ਸਿੱਖ
ਅਬੋਲ ਪੱਥਰ
ਦਾ ਪੁਜਾਰੀ ਹੋ ਰਿਹਾ ਹੈ।

☬

ਅੱਜ ਸਿੱਖ ਦੀ ਸੋਚ,
ਸਰਮਾਇਆ ਤੇ ਜੀਵਨ
ਪੱਥਰ ਦੇ ਦੁਆਲੇ ਹੀ
ਘੁੰਮ ਰਿਹਾ ਹੈ।

☬

ਬੋਲ ਅਤੇ ਅਬੋਲ

ਗੁਰਬਾਣੀ ਗੁਰਮਤਿ ਦੇ ਫੈਸਲੇ ਅਨੁਸਾਰ ਅਕਾਲ ਪੁਰਖ ਦੇ ਇੱਕ ਬੋਲ ਤੋਂ ਹੀ ਸ੍ਰਿਸ਼ਟੀ ਦੀ ਸੰਪੂਰਨ ਰਚਨਾ ਹੋਈ ਮੰਨੀ ਜਾਂਦੀ ਹੈ। ਗੁਰੂ ਜੀ ਬਚਨ ਕਰਦੇ ਹਨ :

ਕੀਤਾ ਪਸਾਉ ਏਕੋ ਕਵਾਉ॥
ਤਿਸ ਤੇ ਹੋਏ ਲਖ ਦਰੀਆਉ॥

(ਗੁ.ਗ੍ਰੰ.ਸਾ.ਪੰਨਾ 3)

ਬੋਲਾਂ ਤੋਂ ਹੀ ਜੀਵਨ ਸ਼ੁਰੂ ਹੁੰਦਾ ਹੈ। ਜਦੋਂ ਬੱਚਾ ਜਨਮ ਲੈਂਦਾ ਹੈ, ਸਭ ਤੋਂ ਪਹਿਲਾਂ ਰੋਂਦਾ ਹੈ, ਇਹ ਬੱਚੇ ਦੀ ਪਹਿਲੀ ਬੋਲੀ ਹੈ। ਬਾਕੀ ਬੋਲੀਆਂ ਉਹ ਬਾਅਦ ਵਿੱਚ ਸਮੇਂ-ਸਮੇਂ ਨਾਲ ਸਿੱਖਦਾ ਰਹਿੰਦਾ ਹੈ। ਜੀਵਨ ਵਿੱਚ ਬੋਲ ਦੀਆਂ ਜਿੰਨੀਆਂ ਕਿਸਮਾਂ (ਬੋਲੀਆਂ) ਉਹ ਜ਼ਿਆਦਾ ਜਾਣਦਾ ਹੈ, ਉਹ ਉਤਨਾ ਹੀ ਜ਼ਿਆਦਾ ਮਹਾਨ ਵਿਦਵਾਨ ਮੰਨਿਆ ਜਾਂਦਾ ਹੈ।

ਬੋਲ ਹੀ ਜੀਵਨ ਦੀ ਸਾਂਝ ਹਨ। ਬੋਲ ਦੀ ਸਾਂਝ ਬਿਨਾ ਸੰਸਾਰ ਜਾਂ ਨਿਰੰਕਾਰ, ਕਿਸੇ ਨਾਲ ਵੀ ਸਾਂਝ ਨਹੀਂ ਪੈਦਾ ਕੀਤੀ ਜਾ ਸਕਦੀ। ਜਿਸ ਦੇਸ਼ ਜਾਓ, ਉੱਥੋਂ ਦੀ ਬੋਲੀ ਸਿੱਖਣ ਨਾਲ ਹੀ ਕਿਸੇ ਨਾਲ ਸਬੰਧ ਬਣਦੇ ਹਨ।

ਬੋਲ ਹੀ ਜੀਵਨ ਦੀ ਉਸਾਰੀ ਹਨ। ਮਨੁੱਖ ਜੀਵਨ ਵਿੱਚ ਜੋ ਕੁਝ ਬਣਦਾ ਹੈ, ਉਹ

ਬੋਲਾਂ 'ਤੇ ਅਧਾਰਤ ਹੀ ਬਣਦਾ ਹੈ। ਪਹਿਲਾਂ ਮਾਂ ਦੀਆਂ ਲੋਰੀਆਂ ਦੇ ਬੋਲ ਸੁਣਦਾ ਹੈ। ਪਹਿਲਾਂ-ਪਹਿਲ ਮੰਮੀ-ਪਾਪਾ ਵੀ ਕਹਿੰਦਾ ਹੈ ਤਾਂ ਕਿਸੇ ਦੇ ਬੋਲ ਸੁਣ ਕੇ ਹੀ ਕਹਿੰਦਾ ਹੈ। ਮਨੁੱਖ ਬਚਪਨ ਤੋਂ ਹੀ ਸਾਰਾ ਜੀਵਨ ਬੋਲਾਂ ਦੇ ਭੰਡਾਰ ਇਕੱਠੇ ਕਰਦਾ ਰਹਿੰਦਾ ਹੈ ਅਤੇ ਉਹ ਹੀ ਉਸਦੀ ਬੋਲੀ ਬਣਦੇ ਹਨ। ਸਕੂਲ-ਕਾਲਜ-ਯੂਨੀਵਰਸਿਟੀਆਂ ਸਭ ਉਸਤਾਦਾਂ-ਪ੍ਰੋਫੈਸਰਾਂ ਦੇ ਕੀਮਤੀ ਬੋਲ ਸੁਣਨ-ਸਮਝਣ ਦੇ ਸਥਾਨ ਹੀ ਤਾਂ ਹਨ। ਉਸਤਾਦ ਬੋਲ ਰਿਹਾ ਹੈ, ਸਭ ਵਿਦਿਆਰਥੀ ਸੁਣ-ਸਮਝ ਅਤੇ ਬੋਲ ਸੰਭਾਲ ਰਹੇ ਹਨ। ਵੱਡੀਆਂ-ਵੱਡੀਆਂ ਲਾਇਬਰੇਰੀਆਂ ਕਿਸੇ ਦੇ ਕੀਮਤੀ ਬੋਲਾਂ ਦੇ ਸੰਗ੍ਰਹਿ ਅਤੇ ਸੰਭਾਲ ਦਾ ਸਥਾਨ ਹੀ ਹਨ ਜਿੱਥੋਂ ਸਦੀਆਂ ਪਹਿਲੇ ਕਿਸੇ ਦੇ ਬੋਲੇ ਹੋਏ ਕੀਮਤੀ ਬੋਲਾਂ ਤੋਂ ਵੀ ਮਨੁੱਖ ਆਪਣੇ ਜੀਵਨ ਦੀ ਉਸਾਰੀ ਕਰ ਸਕਦਾ ਹੈ। ਜੀਵਨ ਦੀ ਉਸਾਰੀ ਦਾ ਸਭ ਤੋਂ ਕੀਮਤੀ ਸਾਧਨ ਹੋਣ ਕਰਕੇ ਮਨੁੱਖ ਦਾ ਬੋਲਾਂ ਨੂੰ ਖ਼ੂਬਸੂਰਤ ਬਣਾਉਣਾ, ਬੋਲਾਂ ਨੂੰ ਲੋੜ ਦੀ ਥਾਵੇਂ ਵਰਤਣਾ ਅਤੇ ਬੇਲੋੜਾ ਨਾ ਬੋਲਣ ਵੱਲ ਵਿਸ਼ੇਸ਼ ਧਿਆਨ ਰੱਖਣਾ ਜ਼ਰੂਰੀ ਹੈ। ਗੁਰੂ ਜੀ ਵੀ ਆਖਦੇ ਹਨ :

ਬਾਬਾ ਬੋਲਨਾ ਕਿਆ ਕਹੀਐ

ਸੁਭ ਬਚਨ ਬੋਲਿ ਗੁਨ ਅਮੋਲ।।

(ਗੁ.ਗ੍ਰੰ.ਸਾ.ਪੰਨਾ 1229)

ਬਾਬਾ ਬੋਲਨਾ ਕਿਆ ਕਹੀਐ।।
ਜੈਸੇ ਰਾਮ ਨਾਮ ਰਵਿ ਰਹੀਐ।। ੧।। ਰਹਾਉ।।
ਸੰਤਨ ਸਿਉ ਬੋਲੇ ਉਪਕਾਰੀ।। ਮੂਰਖ ਸਿਉ ਬੋਲੇ ਝਖ ਮਾਰੀ।। ੨।।

(ਗੁ.ਗ੍ਰੰ.ਸਾ.ਪੰਨਾ 870)

ਕਿਉਂਕਿ ਹਰ ਕਿਸੇ ਨੂੰ ਆਪਣੇ ਬੋਲ ਖ਼ੂਬਸੂਰਤ ਨਹੀਂ ਬਣਾਉਣੇ ਆਉਂਦੇ ਅਤੇ ਖ਼ੂਬਸੂਰਤ ਬੋਲਾਂ ਦੀ ਹੀ ਸੰਸਾਰ ਵਿੱਚ ਕੀਮਤ ਹੈ। ਰੱਬ ਨਾਲ, ਗੁਰੂ ਨਾਲ ਸਾਂਝ ਰੱਖਣ ਵਾਲੇ ਗੁਰੂ ਪਿਆਰਿਆਂ ਨੂੰ ਇਸੇ ਲਈ ਰੱਬ ਦੇ, ਗੁਰੂ ਦੇ ਬੋਲ ਮਿੱਠੇ ਤੇ ਪਿਆਰੇ ਲੱਗਦੇ ਹਨ। ਉਹ ਦਿਨ-ਰਾਤ ਸੁਣਦੇ ਰਹਿਣਾ ਚਾਹੁੰਦੇ ਹਨ :

ਸਾ ਰਸਨਾ ਧਨੁ ਧੰਨੁ ਹੈ ਮੇਰੀ ਜਿੰਦੁੜੀਏ
ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ।।
ਸੇ ਸ੍ਰਵਨ ਭਲੇ ਸੋਭਨੀਕ ਹਹਿ ਮੇਰੀ ਜਿੰਦੁੜੀਏ
ਹਰਿ ਕੀਰਤਨੁ ਸੁਣਹਿ ਹਰਿ ਤੇਰੇ ਰਾਮ।।

(ਗੁ.ਗ੍ਰੰ.ਸਾ.ਪੰਨਾ 540)

ਗੁਰੂ ਪਿਆਰੇ ਰੱਬ ਦੇ, ਗੁਰੂ ਦੇ ਬੋਲਾਂ ਤੋਂ ਵਿਛੜ ਕੇ ਵਿਲਕ ਉਠਦੇ ਹਨ ਅਤੇ ਅਰਦਾਸ ਕਰਦੇ ਹਨ :

ਹਉ ਬਲਿ ਬਲਿ ਜਾਉ ਰਮਈਆ ਕਾਰਨੇ।।
ਕਾਰਨ ਕਵਨ ਅਬੋਲ।।

(ਗੁ.ਗ੍ਰੰ.ਸਾ.ਪੰਨਾ 694)

ਮਨ ਲੋਚੈ ਹਰਿ ਮਿਲਣ ਕਉ ਕਿਉ ਦਰਸਨੁ ਪਾਈਆ।।
ਮੈ ਲਖ ਵਿਤੜੇ ਸਾਹਿਬਾ ਜੇ ਬਿੰਦ ਬੁੋਲਾਈਆ।।

(ਗੁ.ਗ੍ਰੰ.ਸਾ.ਪੰਨਾ 1098)

ਬਲਕਿ ਦੱਸਦੇ ਹਨ ਗੁਰੂ ਦੀ ਤਾਂ ਝਿੜਕ ਵੀ ਮਿੱਠੇ ਬੋਲਾਂ ਵਿੱਚ ਹੁੰਦੀ ਹੈ।

ਤੁਮਰੇ ਗੁਣ ਕਿਆ ਕਹਾ ਮੇਰੇ ਸਤਿਗੁਰਾ
ਜਬ ਗੁਰੁ ਬੋਲਹ ਤਬ ਬਿਸਮੁ ਹੋਇ ਜਾਇ।।

(ਗੁ.ਗ੍ਰੰ.ਸਾ.ਪੰਨਾ 167)

ਜੇ ਗੁਰੁ ਝਿੜਕੇ ਤ ਮੀਠਾ ਲਾਗੈ ਜੇ ਬਖਸੇ ਤ ਗੁਰ ਵਡਿਆਈ।।

(ਗੁ.ਗ੍ਰੰ.ਸਾ.ਪੰਨਾ 758)

ਖੂਬੁ ਤੇਰੀ ਪਗਰੀ ਮੀਠੇ ਤੇਰੇ ਬੋਲ।।
ਦੁਆਰਿਕਾ ਨਗਰੀ ਕਾਹੇ ਕੇ ਮਗੋਲ।।

(ਗੁ.ਗ੍ਰੰ.ਸਾ.ਪੰਨਾ 727)

ਅੰਮ੍ਰਿਤਾ ਪ੍ਰਿਅ ਬਚਨ ਤੁਹਾਰੇ।।
ਅਤਿ ਸੁੰਦਰ ਮਨਮੋਹਨ ਪਿਆਰੇ ਸਭਹੂ ਮਧਿ ਨਿਰਾਰੇ।।

(ਗੁ.ਗ੍ਰੰ.ਸਾ.ਪੰਨਾ 534)

ਗੁਰੂ ਨੇ ਸਿੱਖ ਨੂੰ ਸ਼ਬਦ ਨਾਲ ਕਿਉਂ ਜੋੜਿਆ ?

ਬਸ ! ਇੱਕ ਗੱਲ ਯਕੀਨ ਕਰਨ ਵਾਲੀ ਹੈ ਕਿ ਬੋਲ ਜੀਵਨ ਦਾ ਪ੍ਰਤੀਕ ਹਨ। ਜਿੱਥੇ ਬੋਲ ਨਹੀਂ, ਉੱਥੇ ਜੀਵਨ ਨਹੀਂ। ਇਹੋ ਕਾਰਨ ਹੈ ਕਿ ਗੁਰੂ ਜੀ ਨੇ ਅਤਿ ਰਹਿਮਤ ਕਰਕੇ ਸਿੱਖ ਨੂੰ ਸ਼ਬਦ (ਗੁਰੂ ਦੇ, ਰੱਬ ਦੇ, ਬੋਲਾਂ) ਨਾਲ ਜੋੜਿਆ ਹੈ। ਸ਼ਬਦ ਗੁਰੂ ਨਾਲ ਸਿੱਖ ਦੇ ਜੀਵਨ ਦੀ ਪੱਕੀ ਗੰਢ ਪਾ ਦਿੱਤੀ।

ਬਚਨੁ ਗੁਰੂ ਜੋ ਪੂਰੈ ਕਹਿਓ ਮੈ ਛੀਕਿ ਗਾਂਠਰੀ ਬਾਧਾ।।

(ਗੁ.ਗ੍ਰੰ.ਸਾ.ਪੰਨਾ 1204)

ਰੱਬੀ ਬੋਲਾਂ ਦਾ ਵੱਡਾ ਖਜ਼ਾਨਾ- ਗੁਰੂ ਗ੍ਰੰਥ ਸਾਹਿਬ

ਉਪਰ ਲਿਖੇ ਮੁਤਾਬਕ ਰੱਬ ਦੇ ਬੋਲ ਤੋਂ ਹੀ ਸ੍ਰਿਸ਼ਟੀ ਦੀ ਰਚਨਾ ਹੋਈ ਸੀ। ਇੱਕ ਨਿਯਮ ਮੁਤਾਬਕ ਜਿਸ ਮੈਟੀਰੀਅਲ ਨਾਲ ਕੋਈ ਚੀਜ਼ ਬਣਦੀ ਹੈ, ਲੋੜ ਪੈਣ 'ਤੇ ਉਸੇ ਨਾਲ ਹੀ ਮੁਰੰਮਤ (Repair) ਕੀਤੀ ਜਾ ਸਕਦੀ ਹੈ। ਕੱਚੀ ਮਿੱਟੀ ਦੇ ਬਣਾਏ ਮਕਾਨ ਦੀ ਕੱਚੀ ਮਿੱਟੀ ਨਾਲ ਲਿਪਾਈ ਕੀਤੀ ਜਾ ਸਕਦੀ ਹੈ, ਸੀਮਿੰਟ ਦਾ ਪਲਸਤਰ ਨਹੀਂ ਕੀਤਾ ਜਾ ਸਕਦਾ। ਨਾਲ ਹੀ ਸੀਮਿੰਟ ਦੀ ਉਸਾਰੀ ਵਿੱਚ ਤ੍ਰੇੜ ਪੈ ਜਾਣ 'ਤੇ ਮੁਰੰਮਤ ਲਈ ਸੀਮਿੰਟ ਦੀ ਹੀ ਲੋੜ ਹੈ, ਕੱਚੀ ਮਿੱਟੀ ਦੇ ਥੋਬੇ ਨਹੀਂ ਲਾਏ ਜਾ ਸਕਦੇ। ਕਿਸੇ ਧਾਤੂ ਦੀ ਵਸਤੂ ਟੁੱਟ ਜਾਣ 'ਤੇ ਧਾਤੂ ਦਾ ਹੀ ਟਾਂਕਾ ਲਾਇਆ ਜਾ ਸਕਦਾ ਹੈ। ਇਸੇ ਤਰ੍ਹਾਂ ਰੱਬ ਦੇ ਬੋਲ ਤੋਂ ਬਣੇ ਸੰਸਾਰ ਨੂੰ ਦਰੁੱਸਤ ਰੱਖਣ ਲਈ ਅਤੇ ਇਸਨੂੰ ਸੁਧਾਰ ਕੇ ਖੂਬਸੂਰਤ ਰੱਖਣ ਲਈ ਰੱਬ ਦੇ ਬੋਲਾਂ ਦੀ ਹੀ ਲੋੜ ਹੈ, ਜੋ ਲੋੜ ਸਰਬੱਤ ਸੰਸਾਰ ਦਾ ਭਲਾ ਮੰਗਣ ਵਾਲੇ ਗੁਰੂ ਨੇ ਪੂਰੀ ਕੀਤੀ।

ਨਦਰਿ ਕਰਹਿ ਜੇ ਆਪਣੀ ਤਾ ਨਦਰੀ ਸਤਿਗੁਰੁ ਪਾਇਆ।।

ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ॥

(ਗੁ.ਗ੍ਰੰ.ਸਾ.ਪੰਨਾ 465)

ਰੱਬ ਬੋਲਦਾ ਗਿਆ, ਬੋਲਦਾ ਗਿਆ। ਗੁਰੂ ਰੱਬੀ ਬੋਲਾਂ ਨੂੰ ਸਾਂਭਦਾ ਗਿਆ। ਇਉਂ ਰੱਬੀ ਬੋਲਾਂ ਦਾ ਵੱਡਾ ਖ਼ਜ਼ਾਨਾ ਇਕੱਤਰ ਕਰਕੇ ਗੁਰੂ ਨੇ ਆਪਣੀ ਰਸਨਾ ਦੇ ਦਰਵਾਜ਼ੇ ਰਾਹੀਂ ਸੰਸਾਰ ਨੂੰ ਸੁਆਰਨ ਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਬਖ਼ਸ਼ਿਸ਼ ਕਰ ਦਿੱਤਾ ਅਤੇ ਨਾਲ ਹੀ ਆਖਿਆ :

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥

(ਗੁ.ਗ੍ਰੰ.ਸਾ.ਪੰਨਾ 722)

ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥

(ਗੁ.ਗ੍ਰੰ.ਸਾ.ਪੰਨਾ 763)

ਰੱਬੀ ਬੋਲ ਸਿੱਖੀ ਦੇ ਜੀਵਨ ਕੇਂਦਰ ਕਿਵੇਂ ਹਨ?

ਧੁਰ ਕੀ ਬਾਣੀ ਆਈ॥
ਤਿਨਿ ਸਗਲੀ ਚਿੰਤ ਮਿਟਾਈ॥

(ਗੁ.ਗ੍ਰੰ.ਸਾ.ਪੰਨਾ 728)

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ
ਹਰਿ ਕਰਤਾ ਆਪਿ ਮੁਹਹੁ ਕਢਾਏ॥

(ਗੁ.ਗ੍ਰੰ.ਸਾ.ਪੰਨਾ 308)

ਬਸ, ਗੁਰੂ ਦਾ ਬਚਨ ਮੰਨ ਕੇ ਜਿਹੜਾ ਵੀ ਇਸ ਸ਼ਬਦ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦੁਆਲੇ ਬੈਠ ਗਿਆ (ਹੁਕਮ ਵਿੱਚ ਆ ਗਿਆ), ਉਸਦਾ ਨਾਮ ਹੀ ਸਿੱਖ ਹੈ ਅਤੇ ਉਸਦਾ ਜੀਵਨ ਖ਼ੂਬਸੂਰਤ ਹੋ ਗਿਆ। ਇਉਂ ਗੁਰੂ ਰਾਹੀਂ ਮਿਲੇ ਰੱਬੀ ਬੋਲ ਸਿੱਖੀ ਦਾ ਜੀਵਨ ਕੇਂਦਰ ਹੋ ਗਏ।

ਸਤਿਗੁਰੂ ਜੀ ਨੇ ਵੇਖਿਆ ਕਿ ਕੁਝ ਲੋਕ ਪਵਿੱਤਰ ਬੋਲਾਂ ਤੋਂ ਟੁੱਟ ਚੁੱਕੇ ਹਨ, ਜੀਵਨ ਖੰਡਰ ਹੋ ਗਿਆ ਹੈ, ਮੁਰੰਮਤ (Repair) ਵੱਲ ਧਿਆਨ ਕੋਈ ਨਹੀਂ :

ਜੈ ਤਨਿ ਬਾਣੀ ਵਿਸਰਿ ਜਾਇ॥
ਜਿਉ ਪਕਾ ਰੋਗੀ ਵਿਲਲਾਇ॥

(ਗੁ.ਗ੍ਰੰ.ਸਾ.ਪੰਨਾ 661)

ਕੀ ਪੱਥਰ ਕੋਲੋਂ ਕੁਝ ਪ੍ਰਾਪਤ ਹੋ ਸਕਦਾ ਹੈ?

ਸੰਸਾਰ ਦੇ ਲੋਕ ਮੜੀਆਂ, ਮਸਾਣਾਂ, ਮੂਰਤੀਆਂ, ਦਰਖ਼ਤਾਂ ਅਤੇ ਪੱਥਰਾਂ ਆਦਿ ਦੀ ਪੂਜਾ ਕਰਕੇ ਜੀਵਨ ਦਾ ਸਮਾਂ ਬੇਅਰਥ ਗੁਆ ਰਹੇ ਹਨ। ਗੁਰੂ ਨੇ ਆਵਾਜ਼ ਦਿੱਤੀ :

ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ ਮੜੈ ਮਸਾਣਿ ਨ ਜਾਈ॥

(ਗੁ.ਗ੍ਰੰ.ਸਾ.ਪੰਨਾ 634)

ਰਹੈ ਬੇਬਾਣੀ ਮੜੀ ਮਸਾਣੀ॥ ਅੰਧੁ ਨ ਜਾਣੈ ਫਿਰਿ ਪਛੁਤਾਣੀ॥

(ਗੁ.ਗ੍ਰੰ.ਸਾ.ਪੰਨਾ 467)

ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ॥
ਨਾਰਦਿ ਕਹਿਆ ਸਿ ਪੂਜ ਕਰਾਂਹੀ॥
ਅੰਧੇ ਗੁੰਗੇ ਅੰਧ ਅੰਧਾਰੁ॥
ਪਾਥਰੁ ਲੇ ਪੂਜਹਿ ਮੁਗਧ ਗਵਾਰ॥
ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ॥

(ਗੁ.ਗ੍ਰੰ.ਸਾ.ਪੰਨਾ 556)

ਬਾਬਾ ਕਬੀਰ ਜੀ ਨੇ ਵੀ ਆਖਿਆ :

ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ॥
ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ॥ ੧॥
ਭੂਲੀ ਮਾਲਨੀ ਹੈ ਏਉ॥
ਸਤਿਗੁਰੁ ਜਾਗਤਾ ਹੈ ਦੇਉ॥ ੧॥ ਰਹਾਉ॥
ਬ੍ਰਹਮੁ ਪਾਤੀ ਬਿਸਨੁ ਡਾਰੀ ਫੂਲ ਸੰਕਰਦੇਉ॥
ਤੀਨਿ ਦੇਵ ਪ੍ਰਤਖਿ ਤੋਰਹਿ ਕਰਹਿ ਕਿਸ ਕੀ ਸੇਉ॥ ੨॥
ਪਾਖਾਨ ਗਢਿ ਕੈ ਮੂਰਤਿ ਕੀਨੀ੍ ਦੇ ਕੈ ਛਾਤੀ ਪਾਉ॥
ਜੇ ਇਹ ਮੂਰਤਿ ਸਾਚੀ ਹੈ ਤਉ ਗੜ੍ਹਣਹਾਰੇ ਖਾਉ॥ ੩॥
ਭਾਤੁ ਪਹਿਤਿ ਅਰੁ ਲਾਪਸੀ ਕਰਕਰਾ ਕਾਸਾਰੁ॥
ਭੋਗਨਹਾਰੇ ਭੋਗਿਆ ਇਸੁ ਮੂਰਤਿ ਕੇ ਮੁਖ ਛਾਰੁ॥ ੪॥
ਮਾਲਿਨਿ ਭੂਲੀ ਜਗੁ ਭੁਲਾਨਾ ਹਮ ਭੁਲਾਨੇ ਨਾਹਿ॥
ਕਹੁ ਕਬੀਰ ਹਮ ਰਾਮ ਰਾਖੇ ਕ੍ਰਿਪਾ ਕਰਿ ਹਰਿ ਰਾਇ॥ ੫॥

(ਗੁ.ਗ੍ਰੰ.ਸਾ.ਪੰਨਾ 479)

ਠਾਕੁਰ ਹਮਰਾ ਸਦ ਬੋਲੰਤਾ

ਜੋ ਪਾਥਰ ਕਉ ਕਹਤੇ ਦੇਵ॥
ਤਾ ਕੀ ਬਿਰਥੀ ਹੋਵੈ ਸੇਵ॥
ਜੋ ਪਾਥਰ ਕੀ ਪਾਂਈ ਪਾਇ॥
ਤਿਸ ਕੀ ਘਾਲ ਅਜਾਂਈ ਜਾਇ॥ ੧॥
ਠਾਕੁਰੁ ਹਮਰਾ ਸਦ ਬੋਲੰਤਾ॥
ਸਰਬ ਜੀਆ ਕਉ ਪ੍ਰਭੁ ਦਾਨੁ ਦੇਤਾ॥ ੧॥ ਰਹਾਉ॥
ਅੰਤਰਿ ਦੇਉ ਨ ਜਾਨੈ ਅੰਧੁ॥
ਭ੍ਰਮ ਕਾ ਮੋਹਿਆ ਪਾਵੈ ਫੰਧੁ॥
ਨ ਪਾਥਰੁ ਬੋਲੈ ਨ ਕਿਛੁ ਦੇਇ॥
ਫੋਕਟ ਕਰਮ ਨਿਹਫਲ ਹੈ ਸੇਵ॥ ੨॥

(ਗੁ.ਗ੍ਰੰ.ਸਾ.ਪੰਨਾ 1160)

ਨਾ ਪੱਥਰ ਬੋਲਦਾ ਹੈ, ਨਾ ਉਸ ਕੋਲੋਂ ਕੁਝ ਪ੍ਰਾਪਤੀ ਹੈ। ਮੇਰੇ ਕੋਲ 'ਜਾਗਤਾ ਦਿਉ', 'ਬੋਲਦਾ ਠਾਕਰ' ਹੈ ਜੋ 'ਸਭਿ ਨਿਧਾਨ ਦਸਅਸਟ ਸਿਧਾਨ ਠਾਕੁਰ ਕਰ ਤਲ' ਧਰ ਕੇ ਬੈਠਾ ਹੋਵੇ,

ਹੋਵੈ ਥਾਵ ਰਖੇ ਗੁਰ ਸੂਰੇ॥
ਹਲਤ ਪਲਤ ਪਾਰਬ੍ਰਹਮਿ ਸਵਾਰੇ ਕਾਰਜ ਹੋਏ ਸਗਲੇ ਪੂਰੇ॥

(ਗੁ.ਗ੍ਰੰ.ਸਾ.ਪੰਨਾ 825)

ਕੀ ਅੱਜ ਸਿੱਖ ਪੱਥਰ ਦਾ ਪੁਜਾਰੀ ਨਹੀਂ ਹੋ ਗਿਆ?

ਦੀ ਸਮਰੱਥਾ ਰੱਖਦਾ ਹੋਵੇ। ਗੁਰੂ ਦਾ ਫ਼ੈਸਲਾ ਹੈ ਕਿ ਸਿੱਖ ਉਸ ਪੱਥਰ ਦਾ ਪੁਜਾਰੀ ਨਹੀਂ ਜੋ ਬੋਲਦਾ ਵੀ ਨਹੀਂ, ਕੁਝ ਦਿੰਦਾ ਵੀ ਨਹੀਂ। ਪਰ ਬਦਕਿਸਮਤੀ ਨਾਲ ਬਦਲਵੇਂ ਰੂਪ ਵਿੱਚ ਅੱਜ ਸਿੱਖ ਪੱਥਰ ਦਾ ਪੁਜਾਰੀ ਹੀ ਹੋ ਰਿਹਾ ਹੈ। ਗੁਰਦੁਆਰਿਆਂ ਦੇ ਅੰਦਰ-ਬਾਹਰ ਪੱਥਰ ਸਜਾ ਰਿਹਾ ਹੈ। ਜਿਸ ਗੁਰੂ ਨੇ ਪੱਥਰ ਤੋਂ ਹੋੜਿਆ ਸੀ, ਉਸ ਗੁਰੂ ਦੇ ਬੈਠਣ ਲਈ ਮਾਰਬਲ ਦੀਆਂ ਪਾਲਕੀਆਂ ਬਣਾ ਰਿਹਾ ਹੈ। ਦਿਨ-ਰਾਤ ਦੇਸ਼-ਵਿਦੇਸ਼ਾਂ ਵਿੱਚ, ਜੰਗਲਾਂ-ਖੇਤਾਂ ਵਿੱਚ ਕ੍ਰੋੜਾਂ ਰੁਪੈ ਲਾ-ਲਾ ਕੇ ਇੱਕ-ਦੂਜੇ ਦੇ ਮੁਕਾਬਲੇ ਵਿੱਚ ਪੱਥਰ ਅਤੇ ਮਾਰਬਲ ਦੇ ਗੁਰਦੁਆਰੇ ਉਸਾਰੇ ਜਾ ਰਹੇ ਹਨ ਤੇ ਪੱਥਰ ਲਾਉਣ ਲਈ ਉਗਰਾਹੀਆਂ ਹੋ ਰਹੀਆਂ ਹਨ। ਪਰ ਗੁਰਦੁਆਰਿਆਂ ਦੇ ਅੰਦਰ ਬਾਣੀ ਗੁਰੂ ਦੇ ਪ੍ਰਚਾਰ-ਪ੍ਰਸਾਰ ਵੱਲ ਕੋਈ ਧਿਆਨ ਨਹੀਂ, ਤੇ ਨਾ ਹੀ ਸਿੱਖ ਰਹਿਤ ਮਰਯਾਦਾ ਦੀ ਪਾਲਣਾ ਹੋ ਰਹੀ ਹੈ। ਕੋਈ ਭੇਖਧਾਰੀ ਪੱਥਰ ਲਾਉਣ ਲਈ ਭੋਲੀਆਂ ਸੰਗਤਾਂ ਨੂੰ ਗੁਮਰਾਹ ਕਰਕੇ ਪ੍ਰਬੰਧਕਾਂ ਨੂੰ ਚੰਗੀ ਉਗਰਾਹੀ ਕਰਕੇ ਦੇ ਜਾਵੇ, ਭਾਵੇਂ ਉਹ ਦੇਹਧਾਰੀ ਗੁਰੂ-ਡੰਮ ਦਾ ਜਿੰਨਾ ਮਰਜ਼ੀ ਮਨਮਤੀ ਪ੍ਰਚਾਰ ਕਰੀ ਜਾਵੇ। ਕੀ ਫ਼ਰਕ ਪੈਂਦਾ ਹੈ ?

ਵੱਡੇ-ਵੱਡੇ ਪੱਥਰਾਂ ਨਾਲ ਮੜ੍ਹੇ ਗੁਰਦੁਆਰਿਆਂ ਵਿੱਚ ਧਾਰਮਿਕ ਜੀਵਨ ਪਥਰਾ ਰਿਹਾ ਹੈ। ਕੇਵਲ ਨਿੱਜੀ ਹਉਮੈ ਅਤੇ ਧੜਿਆਂ ਦਾ ਬੋਲ-ਬਾਲਾ ਦਿੱਸਦਾ ਹੈ। ਗੁਰਮਤਿ ਪ੍ਰਚਾਰਨ ਲਈ ਚੰਗੇ ਸੂਝਵਾਨ ਜੀਵਨ ਵਾਲੇ ਪ੍ਰਚਾਰਕ, ਕੀਰਤਨੀਏ, ਵਿਦਵਾਨ ਨਾ ਪੈਦਾ ਕੀਤੇ ਜਾ ਰਹੇ ਹਨ ਤੇ ਨਾ ਹੀ ਸੰਭਾਲੇ ਜਾ ਰਹੇ ਹਨ।

ਸਾਡਾ ਧਾਰਮਿਕ ਜੀਵਨ ਕਿਉਂ ਪੱਥਰਾ ਰਿਹਾ ਹੈ?

ਬਸ ! ਕੇਵਲ ਪੱਥਰ ਲਗਾਉਣ 'ਤੇ ਹੀ ਕੌਮ ਦੀ ਸੋਚ ਤੇ ਸਰਮਾਇਆ ਬਰਬਾਦ ਹੋ ਰਿਹਾ ਹੈ। ਜਿਸ ਸਰਮਾਏ ਨਾਲ ਕੌਮ ਦੀ ਪਨੀਰੀ, ਸਿੱਖ ਬੱਚਿਆਂ ਦਾ ਭਵਿੱਖ ਸੰਵਾਰਿਆ ਜਾ ਸਕਦਾ ਹੈ, ਬੱਚਿਆਂ ਲਈ ਚੰਗੇ ਸਕੂਲ-ਕਾਲਜ ਬਣ ਸਕਦੇ ਹਨ ਜਿੱਥੇ ਆਪਣੇ ਸਿੱਖੀ ਵਾਤਾਵਰਣ ਵਿੱਚ ਬੱਚੇ ਵਿੱਦਿਆ ਵੀ ਲੈ ਸਕਦੇ ਹਨ ਅਤੇ ਸਿੱਖੀ ਸਿਧਾਂਤ ਗੁਰਬਾਣੀ ਨਾਲ ਵੀ ਜੁੜੇ ਰਹਿ ਸਕਦੇ ਹਨ। ਪਰ ਸਰਮਾਇਆ ਪੱਥਰਾਂ 'ਤੇ ਲੱਗ ਰਿਹਾ ਹੈ। ਨਤੀਜੇ ਵਜੋਂ ਜ਼ਿੰਦਗੀ ਵਿੱਚੋਂ ਧਰਮ ਦੀ ਰੌ ਰੁਕ ਰਹੀ ਹੈ, ਜੀਵਨ ਪਥਰਾ ਰਿਹਾ ਹੈ।

ਇੱਕ ਬੱਚੇ ਨੂੰ ਬੋਲਦੇ ਗੁਰੂਆਂ ਤੇ ਉਸਤਾਦਾਂ ਦੇ ਬੋਲਾਂ ਵਿੱਚ ਬਿਠਾ ਕੇ ਪਾਲੋ ਅਤੇ ਇੱਕ ਬੱਚੇ ਨੂੰ ਪੱਥਰਾਂ ਤੇ ਮਾਰਬਲ ਦੇ ਢੇਰ ਵਿੱਚ ਬਿਠਾ ਦਿਓ ਪਰ ਕੋਈ ਬੋਲ ਉਸਦੇ ਕੰਨੀ ਨਾ ਪੈਣ ਦਿਉ। ਦੋਹਾਂ ਦੇ ਜੀਵਨ ਮਿਆਰ ਦਾ ਅੰਤਰ ਵੇਖ ਕੇ ਅੰਦਾਜ਼ਾ ਲੈ ਲਵੋ ਕਿ ਬੋਲਾਂ ਤੇ ਪੱਥਰਾਂ ਵਿੱਚ ਕੀ ਫ਼ਰਕ ਹੈ।

ਸਿੰਘੋ ! ਆਓ, ਪੱਥਰਾਂ ਦਾ ਧਿਆਨ ਛੱਡ ਕੇ, ਸ਼ਬਦ ਗੁਰੂ ਨਾਲ ਧਿਆਨ

ਜੋੜੀਏ। ਆਪਣਾ ਕੀਮਤੀ ਸਮਾਂ, ਸਰਮਾਇਆ ਅਤੇ ਸੋਚ ਗੁਰੂ ਦੇ ਬੋਲਾਂ (ਗੁਰਬਾਣੀ) ਦੇ ਪ੍ਰਚਾਰ-ਪ੍ਰਸਾਰ ਅਤੇ ਸਮਝਣ-ਸਮਝਾਉਣ ਵੱਲ ਲਾਈਏ।

ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ ॥

(ਗੁ.ਗ੍ਰੰ.ਸਾ.ਪੰਨਾ 494)

ਅਰਦਾਸ ਦਾ ਜਨਮ ਕਿੱਥੋਂ ਹੋਇਆ ?

ਅਰਦਾਸ ਕਿਸ ਲਈ ਹੈ ?

ਅਰਦਾਸ ਕਿਸ ਅੱਗੇ ਕਰਨੀ ਹੈ ?

ਅਰਦਾਸ ਕਿਸ ਤਰ੍ਹਾਂ ਕਰਨੀ ਹੈ ?

ਅਰਦਾਸ ਵਿੱਚ ਕੀ ਮੰਗਣਾ ਹੈ ?

ਅਰਦਾਸ

ਅਰਦਾਸ ਜੀਵਨ ਦਾ ਇਕ ਜ਼ਰੂਰੀ ਹਿੱਸਾ ਹੈ, ਜੀਵਨ ਦੀਆਂ ਲੋੜਾਂ, ਪੀੜਾਂ ਤੇ ਫਿਕਰਾਂ ਤੋਂ ਅਰਦਾਸ ਦਾ ਜਨਮ ਹੁੰਦਾ ਹੈ, ਅਤੇ ਮਨੁੱਖ ਦੇ ਜਨਮ ਨਾਲ ਹੀ ਇਸ ਦੀਆਂ ਲੋੜਾਂ ਜਨਮ ਲੈ ਲੈਂਦੀਆਂ ਹਨ। ਪਹਿਲੇ ਇਹ ਲੋੜਾਂ-ਜ਼ਰੂਰਤਾਂ ਛੋਟੀਆਂ ਤੇ ਥੋੜ੍ਹੀਆਂ ਹੁੰਦੀਆਂ ਹਨ, ਫਿਰ ਆਏ ਦਿਨ ਇਹ ਲੋੜਾਂ ਵੱਡੀਆਂ ਤੇ ਬਹੁਤੀਆਂ ਹੁੰਦੀਆਂ ਜਾਂਦੀਆਂ ਹਨ।

ਜੀਵਨ ਤਨ ਅਤੇ ਮਨ ਦਾ ਸੁਮੇਲ ਹੈ। ਇਸ ਲਈ ਕੁਝ ਲੋੜਾਂ ਤਨ ਦੀਆਂ ਅਤੇ ਕੁਝ ਲੋੜਾਂ ਮਨ ਦੀਆਂ ਹੁੰਦੀਆਂ ਹਨ। ਸਮੇਂ, ਸਥਾਨ ਤੇ ਸੰਜੋਗ (ਸੰਗਤ) ਨਾਲ ਅਕਸਰ ਇਹ ਲੋੜਾਂ ਬਦਲਦੀਆਂ ਰਹਿੰਦੀਆਂ ਹਨ। ਹਾਂ ! ਇਹ ਲੋੜਾਂ ਤਾਂ ਹੀ ਖ਼ਤਮ ਹੁੰਦੀਆਂ ਹਨ ਜਦੋਂ ਮਨੁੱਖ ਤਨ ਕਰਕੇ ਮਰ ਜਾਏ। ਜਾਂ ਮਨ ਕਰਕੇ ਜੀਵਤ ਮ੍ਰਿਤਕ ਹੋਏ, ਆਪਾ ਮਿਟਾ ਕੇ ਪ੍ਰਭੂ ਵਿੱਚ ਅਭੇਦ ਹੋ ਜਾਵੇ। ਐਸੀ ਅਵਸਥਾ ਦਾ ਜ਼ਿਕਰ ਗੁਰੂ ਜੀ ਨੇ ਬਾਣੀ ਵਿੱਚ ਵੀ ਕੀਤਾ ਹੈ :

ਆਸਾ ਮਹਲਾ ੫

ਨਾ ਓਹੁ ਮਰਤਾ ਨਾ ਹਮ ਡਰਿਆ॥ ਨਾ ਓਹੁ ਬਿਨਸੈ ਨਾ ਹਮ ਕੜਿਆ॥
ਨਾ ਓਹੁ ਨਿਰਧਨੁ ਨਾ ਹਮ ਭੂਖੇ॥ ਨਾ ਓਸੁ ਦੂਖੁ ਨ ਹਮ ਕਉ ਦੂਖੇ॥ ੧॥
ਅਵਰੁ ਨ ਕੋਊ ਮਾਰਨਵਾਰਾ॥ ਜੀਅਉ ਹਮਾਰਾ ਜੀਉ ਦੇਨਹਾਰਾ॥ ੧॥ ਰਹਾਉ॥

ਨਾ ਉਸੁ ਬੰਧਨ ਨਾ ਹਮ ਬਾਧੇ।। ਨਾ ਉਸੁ ਧੰਧਾ ਨਾ ਹਮ ਧਾਧੇ।।
ਨਾ ਉਸੁ ਮੈਲੁ ਨ ਹਮ ਕਉ ਮੈਲਾ।। ਓਸੁ ਅਨੰਦੁ ਤ ਹਮ ਸਦ ਕੇਲਾ।। ੨।।
ਨਾ ਉਸੁ ਸੋਚੁ ਨ ਹਮ ਕਉ ਸੋਚਾ।। ਨਾ ਉਸੁ ਲੇਪੁ ਨ ਹਮ ਕਉ ਪੋਚਾ।।
ਨਾ ਉਸੁ ਭੂਖ ਨ ਹਮ ਕਉ ਤ੍ਰਿਸਨਾ।। ਜਾ ਉਹੁ ਨਿਰਮਲੁ ਤਾਂ ਹਮ ਜਚਨਾ।। ੩।।
ਹਮ ਕਿਛੁ ਨਾਹੀ ਏਕੈ ਓਹੀ।। ਆਗੈ ਪਾਛੈ ਏਕੋ ਸੋਈ।।
ਨਾਨਕ ਗੁਰਿ ਖੋਏ ਭ੍ਰਮ ਭੰਗਾ।। ਹਮ ਓਇ ਮਿਲਿ ਹੋਏ ਇਕ ਰੰਗਾ।। ੪।। ੩੨।। ੮੩।।

(ਗੁ.ਗ੍ਰੰ.ਸਾ.ਪੰਨਾ 391)

ਪਰ ਜੀਵਨ ਵਿੱਚ ਬੋਲ ਜਾਂ ਅਬੋਲ ਅਰਦਾਸ ਹਮੇਸ਼ਾ ਰਹਿੰਦੀ ਹੈ। ਬੱਚੇ ਦਾ ਜਨਮ ਸਮੇਂ ਰੋਣਾ ਉਸਦੇ ਜੀਵਨ ਦੀ ਪਹਿਲੀ ਅਰਦਾਸ ਹੈ। ਦੁਸ਼ਮਣਾਂ ਤੇ ਰੋਗਾਂ ਤੋਂ ਰੱਖਿਆ ਲਈ, ਜਾਂ ਧਨ-ਪਦਾਰਥ, ਮਾਣ-ਸਨਮਾਨ ਆਦਿ ਦੀ ਪ੍ਰਾਪਤੀ ਲਈ, ਜਾਂ ਫਿਰ ਇਸ ਤੋਂ ਅੱਗੇ ਨਾਮ-ਬਾਣੀ-ਗੁਰੂ-ਪ੍ਰਭੂ ਦੇ ਮਿਲਾਪ ਲਈ ਅਰਦਾਸ। ਅਰਦਾਸ ਕਿਸੇ ਵੀ ਪ੍ਰਾਪਤੀ ਦਾ ਵੱਡਾ ਸਾਧਨ ਹੈ। ਅਰਦਾਸ ਦੇ ਵੱਖ-ਵੱਖ ਰੂਪ, ਜਿਸਦੇ ਕਾਰਣ ਅਤੇ ਸਫਲਤਾ ਦਾ ਜ਼ਿਕਰ ਸਤਿਗੁਰੂ ਜੀ ਨੇ ਬਾਣੀ ਵਿੱਚ ਵੀ ਕੀਤਾ ਹੈ :

ਅਰਦਾਸ ਦੇ ਵੱਖ-ਵੱਖ ਰੂਪ

* **ਪੰਜਾਂ ਦੋਖੀਆਂ ਤੋਂ ਰੱਖਿਆ ਲਈ ਅਰਦਾਸ :**

ਗਉੜੀ ਮਹਲਾ ੫।।
ਰਾਖੁ ਪਿਤਾ ਪ੍ਰਭ ਮੇਰੇ।।
ਮੋਹਿ ਨਿਰਗੁਨੁ ਸਭ ਗੁਨ ਤੇਰੇ।। ੧।। ਰਹਾਉ।।
ਪੰਚ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਹਾਰੇ।।
ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ ਆਇਓ ਸਰਨਿ ਤੁਹਾਰੇ।। ੧।।
ਕਰਿ ਕਰਿ ਹਾਰਿਓ ਅਨਿਕ ਬਹੁ ਭਾਤੀ ਛੋਡਹਿ ਕਤਹੂੰ ਨਾਹੀ।।
ਏਕ ਬਾਤ ਸੁਨਿ ਤਾਕੀ ਓਟਾ ਸਾਧਸੰਗਿ ਮਿਟਿ ਜਾਹੀ।। ੨।।
ਕਰਿ ਕਿਰਪਾ ਸੰਤ ਮਿਲੇ ਮੋਹਿ ਤਿਨ ਤੇ ਧੀਰਜੁ ਪਾਇਆ।।
ਸੰਤੀ ਮੰਤੁ ਦੀਓ ਮੋਹਿ ਨਿਰਭਉ ਗੁਰ ਕਾ ਸਬਦੁ ਕਮਾਇਆ।। ੩।।
ਜੀਤਿ ਲਏ ਓਇ ਮਹਾ ਬਿਖਾਦੀ ਸਹਜ ਸੁਹੇਲੀ ਬਾਣੀ।।
ਕਹੁ ਨਾਨਕ ਮਨਿ ਭਇਆ ਪਰਗਾਸਾ ਪਾਇਆ ਪਦੁ ਨਿਰਬਾਣੀ।। ੪।। ੪।। ੧੨੫।।

(ਗੁ.ਗ੍ਰੰ.ਸਾ.ਪੰਨਾ 205-206)

ਏਕੁ ਕੋਟੁ ਪੰਚ ਸਿਕਦਾਰਾ ਪੰਚੇ ਮਾਗਹਿ ਹਾਲਾ।।
ਜਿਮੀ ਨਾਹੀ ਮੈ ਕਿਸੀ ਕੀ ਬੋਈ ਐਸਾ ਦੇਨੁ ਦੁਖਾਲਾ।। ੧।।
ਹਰਿ ਕੇ ਲੋਗਾ ਮੋ ਕਉ ਨੀਤਿ ਡਸੈ ਪਟਵਾਰੀ।।
ਊਪਰਿ ਭੁਜਾ ਕਰਿ ਮੈ ਗੁਰ ਪਹਿ ਪੁਕਾਰਿਆ ਤਿਨਿ ਹਉ ਲੀਆ ਉਬਾਰੀ।। ੧।। ਰਹਾਉ।।

(ਗੁ.ਗ੍ਰੰ.ਸਾ.ਪੰਨਾ 793)

* ਸੰਸਾਰ ਵਿੱਚ ਰਹਿੰਦਿਆਂ ਸਰਬੱਤ ਦੇ ਭਲੇ ਲਈ ਅਰਦਾਸ ਜੋ ਸਿੱਖੀ ਦਾ ਮੁੱਢਲਾ ਅਸੂਲ ਹੈ :

ਸਲੋਕ ਮ: ੫॥
ਸਭੇ ਜੀਅ ਸਮਾਲਿ ਅਪਣੀ ਮਿਹਰ ਕਰੁ॥
ਅੰਨੁ ਪਾਣੀ ਮੁਚੁ ਉਪਾਇ ਦੁਖ ਦਾਲਦੁ ਭੰਨਿ ਤਰੁ॥
ਅਰਦਾਸਿ ਸੁਣੀ ਦਾਤਾਰਿ ਹੋਈ ਸਿਸਟਿ ਠਰੁ॥
ਲੇਵਹੁ ਕੰਠਿ ਲਗਾਇ ਅਪਦਾ ਸਭ ਹਰੁ॥
ਨਾਨਕ ਨਾਮੁ ਧਿਆਇ ਪ੍ਰਭ ਕਾ ਸਫਲੁ ਘਰੁ॥ ੧॥
ਮ: ੫॥
ਵੁਠੇ ਮੇਘ ਸੁਹਾਵਣੇ ਹੁਕਮੁ ਕੀਤਾ ਕਰਤਾਰਿ॥
ਰਿਜਕੁ ਉਪਾਇਓਨੁ ਅਗਲਾ ਠਾਂਢਿ ਪਈ ਸੰਸਾਰਿ॥
ਤਨੁ ਮਨੁ ਹਰਿਆ ਹੋਇਆ ਸਿਮਰਤ ਅਗਮ ਅਪਾਰ॥
ਕਰਿ ਕਿਰਪਾ ਪ੍ਰਭ ਆਪਣੀ ਸਚੇ ਸਿਰਜਣਹਾਰ॥
ਕੀਤਾ ਲੋੜਹਿ ਸੋ ਕਰਹਿ ਨਾਨਕ ਸਦ ਬਲਿਹਾਰ॥ ੨॥

(ਗੁ.ਗ੍ਰੰ.ਸਾ.ਪੰਨਾ 1251)

* ਸੁੱਖ-ਪਦਾਰਥ, ਧਨ-ਦੌਲਤ, ਸੁਤ-ਸੰਤਾਨ, ਮਾਣ-ਸਨਮਾਨ ਵਾਸਤੇ ਕੇਵਲ ਇੱਕ ਪ੍ਰਭੂ ਅੱਗੇ ਅਰਦਾਸ :

ਕਾਨੜਾ ਮਹਲਾ ੫॥
ਜਨ ਕੋ ਪ੍ਰਭੁ ਸੰਗੇ ਅਸਨੇਹੁ॥ ਸਾਜਨੋ ਤੂ ਮੀਤੁ ਮੇਰਾ ਗ੍ਰਿਹਿ ਤੇਰੈ ਸਭੁ ਕੇਹੁ॥ ੧॥ ਰਹਾਉ॥
ਮਾਨੁ ਮਾਂਗਉ ਤਾਨੁ ਮਾਂਗਉ ਧਨੁ ਲਖਮੀ ਸੁਤ ਦੇਹ॥ ੧॥
ਮੁਕਤਿ ਜੁਗਤਿ ਭੁਗਤਿ ਪੂਰਨ ਪਰਮਾਨੰਦ ਪਰਮ ਨਿਧਾਨ॥
ਭੈ ਭਾਇ ਭਗਤਿ ਨਿਹਾਲ ਨਾਨਕ ਸਦਾ ਸਦਾ ਕੁਰਬਾਨ॥ ੨॥ ੪॥ ੪੯॥

(ਗੁ.ਗ੍ਰੰ.ਸਾ.ਪੰਨਾ 1307)

ਸਭ ਤੋਂ ਉੱਤਮ ਅਰਦਾਸ

* ਸਭ ਤੋਂ ਉੱਤਮ ਅਰਦਾਸ ਪ੍ਰਭੂ ਦੇ ਮਿਲਾਪ ਅਤੇ ਨਾਮ ਸਿਮਰਨ ਦੀ ਦਾਤ ਲਈ ਕੀਤੀ ਗਈ ਅਰਦਾਸ :

ਪਉੜੀ॥
ਮੇਲਿ ਲੈਹੁ ਦਇਆਲ ਢਹਿ ਪਏ ਦੁਆਰਿਆ॥
ਰਖਿ ਲੇਵਹੁ ਦੀਨ ਦਇਆਲ ਭ੍ਰਮਤ ਬਹੁ ਹਾਰਿਆ॥
ਭਗਤਿ ਵਛਲੁ ਤੇਰਾ ਬਿਰਦੁ ਹਰਿ ਪਤਿਤ ਉਧਾਰਿਆ॥
ਤੁਝ ਬਿਨੁ ਨਾਹੀ ਕੋਇ ਬਿਨਉ ਮੋਹਿ ਸਾਰਿਆ॥
ਕਰੁ ਗਹਿ ਲੇਹੁ ਦਇਆਲ ਸਾਗਰ ਸੰਸਾਰਿਆ॥ ੧੬॥

(ਗੁ.ਗ੍ਰੰ.ਸਾ.ਪੰਨਾ 709)

ਧਨਾਸਰੀ ਮਹਲਾ ੫ ਘਰ ੬ ਪੜਤਾਲ ੧ੴ ਸਤਿਗੁਰ ਪ੍ਰਸਾਦਿ॥

ਹਰਿ ਚਰਨ ਸਰਨ ਗੋਬਿੰਦ ਦੁਖ ਭੰਜਨਾ ਦਾਸ ਅਪੁਨੇ ਕਉ ਨਾਮੁ ਦੇਵਹੁ॥

ਦ੍ਰਿਸਟਿ ਪ੍ਰਭ ਧਾਰਹੁ ਕ੍ਰਿਪਾ ਕਰਿ ਤਾਰਹੁ ਭੁਜਾ ਗਹਿ ਕੂਪ ਤੇ ਕਾਢਿ ਲੇਵਹੁ॥ ਰਹਾਉ॥

ਕਾਮ ਕ੍ਰੋਧ ਕਰਿ ਅੰਧ ਮਾਇਆ ਕੇ ਬੰਧ ਅਨਿਕ ਦੋਖਾ ਤਨਿ ਛਾਦਿ ਪੂਰੇ॥

ਪ੍ਰਭ ਬਿਨਾ ਆਨ ਨ ਰਾਖਨਹਾਰਾ ਨਾਮੁ ਸਿਮਰਾਵਹੁ ਸਰਨਿ ਸੂਰੇ॥ ੧॥

ਪਤਿਤ ਉਧਾਰਣਾ ਜੀਅ ਜੰਤ ਤਾਰਣਾ ਬੇਦ ਉਚਾਰ ਨਹੀ ਅੰਤੁ ਪਾਇਓ॥

ਗੁਣਹ ਸੁਖ ਸਾਗਰਾ ਬ੍ਰਹਮ ਰਤਨਾਗਰਾ ਭਗਤਿ ਵਛਲੁ ਨਾਨਕ ਗਾਇਓ॥ ੨॥ ੧॥ ੫੩॥

(ਗੁ.ਗ੍ਰੰ.ਸਾ.ਪੰਨਾ 683)

ਹੁਣ ਅਗਲੇ ਕੁਝ ਮਸਲੇ ਹਨ ਕਿ

- **ਅਰਦਾਸ ਕਿਸ ਲਈ ਹੈ?,**
- **ਕਿਸ ਅੱਗੇ ਕੀਤੀ ਜਾਵੇ?,**
- **ਕਿਸ ਤਰ੍ਹਾਂ ਕੀਤੀ ਜਾਵੇ?**

ਸਾਡੀਆਂ ਕੀਤੀਆਂ ਅਰਦਾਸਾਂ ਸਫਲ ਕਿਉਂ ਨਹੀਂ ਹੋ ਰਹੀਆਂ?

ਇਹ ਤਿੰਨੋਂ ਗੱਲਾਂ ਸਮਝ ਕੇ ਹੀ ਕੀਤੀ ਹੋਈ ਅਰਦਾਸ ਸਫਲ ਹੁੰਦੀ ਹੈ। ਇਹ ਤਿੰਨੋਂ ਗੱਲਾਂ ਨਾ ਸਮਝਣ ਕਰਕੇ ਹੀ ਸਾਡੀਆਂ ਦਿਨ-ਰਾਤ ਕੀਤੀਆਂ ਜਾ ਰਹੀਆਂ ਅਰਦਾਸਾਂ ਦਾ ਬਹੁਤ ਹਿੱਸਾ ਕੇਵਲ ਰਸਮ ਬਣ ਕੇ ਰਹਿ ਗਿਆ ਹੈ ਅਤੇ ਅਸਫਲ ਹੋ ਰਿਹਾ ਹੈ।

ਮਨ ਦੀ ਹਰ ਚਾਹਤ ਗੁਰੂ ਕੋਲੋਂ ਮੰਗੀ ਜਾਣਾ ਵੀ ਸਿਆਣਪ ਨਹੀਂ ਹੈ। ਸਭ ਤੋਂ ਪਹਿਲਾਂ ਇਹ ਸਮਝਣਾ ਜ਼ਰੂਰੀ ਹੈ ਕਿ ਅਰਦਾਸ ਵਿੱਚ ਕੀ ਮੰਗਣਾ ਹੈ? ਕੀ ਮੈਂ ਜੋ ਕੁਝ ਮੰਗ ਰਿਹਾ ਹਾਂ, ਉਹ ਮੇਰੇ ਗੁਰੂ ਨੂੰ ਭਾਉਂਦਾ ਹੈ? ਕੀ ਉਹ ਮੇਰੇ ਭਲੇ ਲਈ ਹੈ, ਉਸ ਨਾਲ ਜੀਵਨ ਬਰਬਾਦ ਹੋਵੇਗਾ ਜਾਂ ਆਬਾਦ? ਕਿਉਂਕਿ ਮਨ ਦਾ ਸੁਭਾਉ ਬਚਪਨ ਹੈ, ਇਹ ਕਈ ਵਾਰ ਆਪਣਾ ਭਲਾ-ਬੁਰਾ ਨਹੀਂ ਪਛਾਣ ਸਕਦਾ। ਪਰ ਗੁਰੂ ਤਾਂ ਦਾਨਾ-ਬੀਨਾ ਮਾਤਾ-ਪਿਤਾ ਹੈ, ਇਸ ਲਈ ਉਹ ਇਸਦਾ ਜੀਵਨ ਬਰਬਾਦ ਕਰਨ ਵਾਲੀਆਂ ਕਈ ਗ਼ਲਤ ਖ਼ਾਹਿਸ਼ਾਂ ਪੂਰੀਆਂ ਨਹੀਂ ਕਰਦਾ। ਜਿਵੇਂ ਗੋਦੀ ਚੁੱਕ ਕੇ ਮਾਂ ਰੋਂਦੇ ਹੋਏ ਬੱਚੇ ਨੂੰ ਬਲਦੇ ਦੀਵੇ ਦੀ ਲਾਟ ਵਿਖਾ ਕੇ ਪਰਚਾ ਰਹੀ ਹੈ। ਬੱਚੇ ਨੂੰ ਇਹ ਚਮਕਦੀ ਲਾਟ ਸੋਹਣੀ ਲੱਗਦੀ ਹੈ, ਇਸ ਲਈ ਉਹ ਹੱਥ ਅੱਗੇ ਵਧਾ ਕੇ ਉਸਨੂੰ ਫੜਨੀ ਚਾਹੁੰਦਾ ਹੈ। ਮਾਂ ਉਸਨੂੰ ਲਾਟ ਸਿਰਫ਼ ਵਿਖਾ ਰਹੀ ਹੈ, ਤੇ ਫੜਨ ਨਹੀਂ ਦਿੰਦੀ ਕਿਉਂਕਿ ਬੱਚਾ ਨਹੀਂ ਜਾਣਦਾ ਕਿ ਹੱਥ ਸੜ ਜਾਵੇਗਾ। ਪਰ ਮਾਂ ਤਾਂ ਇਸ ਗੱਲ ਨੂੰ ਸਮਝਦੀ ਹੈ, ਸਤਿਗੁਰੂ ਜੀ ਬਚਨ ਕਰਦੇ ਹਨ :

ਚੰਚਲ ਮਤਿ ਬਾਰਿਕ ਬਪੁਰੇ ਕੀ ਸਰਪ ਅਗਨਿ ਕਰ ਮੇਲੈ॥

ਮਾਤਾ ਪਿਤਾ ਕੰਠਿ ਲਾਇ ਰਾਖੇ ਅਨਦ ਸਹਜਿ ਤਬ ਖੇਲੈ॥

(ਗੁ.ਗ੍ਰੰ.ਸਾ.ਪੰਨਾ 1266)

ਭਾਈ ਜੋਗਾ ਸਿੰਘ, ਮਨ ਦੀ ਜਿਸ ਚਾਹਤ ਨਾਲ ਵੇਸਵਾ ਦੇ ਚੁਬਾਰੇ ਦੀਆਂ ਪੌੜੀਆਂ ਚੜ੍ਹ ਰਿਹਾ ਹੈ, ਉਹ ਗੁਰੂ ਨੂੰ ਨਹੀਂ ਭਾਉਂਦਾ। ਤਾਂ ਹੀ ਤੇ ਪਹਿਰੇਦਾਰ ਬਣ ਕੇ ਰੋਕ ਰਿਹਾ ਹੈ।

ਜਾਣੇ-ਅਨਜਾਣੇ ਸਾਡੀਆਂ ਕਈ ਮੰਗਾਂ ਗੁਰਮਤਿ ਅਨੁਕੂਲ ਨਹੀਂ ਹੁੰਦੀਆਂ। ਮੈਨੂੰ ਯਾਦ ਹੈ, ਮੈਂ ਅਮਰੀਕਾ ਦੇ ਇੱਕ ਸ਼ਹਿਰ ਵਿੱਚ ਕੀਰਤਨ ਦੀ ਹਾਜ਼ਰੀ ਭਰਨ ਗਿਆ ਜਿੱਥੇ ਗੁਰਦੁਆਰੇ ਅਸਥਾਨ ਦੋ ਸਨ। ਪਰ ਸਮਾਂ ਥੋੜ੍ਹਾ ਸੀ ਅਤੇ ਦੋਹਾਂ ਅਸਥਾਨਾਂ ਦੇ ਪ੍ਰਬੰਧਕ ਪ੍ਰੋਗਰਾਮ ਲਈ ਮਜ਼ਬੂਰ ਕਰ ਰਹੇ ਸਨ। ਸੋ ਮੈਂ ਬੇਨਤੀ ਕੀਤੀ ਕਿ ਮਿਲ ਕੇ ਪ੍ਰੋਗਰਾਮ ਬਣਾ ਲਓ, ਸਵੇਰੇ ਦੋਹਾਂ ਅਸਥਾਨਾਂ ਦੀ ਸੰਗਤ ਇੱਕ ਗੁਰਦੁਆਰੇ ਸਾਹਿਬ ਇਕੱਠੀ ਹੋ ਜਾਵੇ ਅਤੇ ਸ਼ਾਮ ਨੂੰ ਦੂਜੇ ਗੁਰਦੁਆਰੇ ਸੰਗਤ ਇਕੱਤ੍ਰ ਹੋ ਜਾਵੇ। ਤਾਂ ਵਿੱਚੋਂ ਇੱਕ ਪ੍ਰਬੰਧਕ ਵੀਰ ਬੋਲਿਆ ਕਿ ਜੀ ! ਮੈਂ ਤਾਂ ਸੱਚ ਆਖਦਾ ਹਾਂ, ਅਸੀਂ ਉਸ ਗੁਰਦੁਆਰੇ ਨਹੀਂ ਜਾਣਾ ਕਿਉਂਕਿ ਜਿਸ ਦਿਨ ਅਸੀਂ ਲੜ ਕੇ ਗੁਰਦੁਆਰਾ ਵੱਖ ਕੀਤਾ ਸੀ, ਉਸ ਦਿਨ ਅਸੀਂ ਅਰਦਾਸ ਕੀਤੀ ਸੀ ਕਿ ਅਸੀਂ ਉਸ ਗੁਰਦੁਆਰੇ ਮੱਥਾ ਟੇਕਣ ਨਹੀਂ ਜਾਵਾਂਗੇ। ਮੈਂ ਹੈਰਾਨ ਹੋਇਆ ਕਿ ਕੀ ਸਿੱਖ ਐਸੀਆਂ ਅਰਦਾਸਾਂ ਵੀ ਕਰ ਸਕਦਾ ਹੈ ? ਕਲ ਨੂੰ ਜੇਕਰ ਉਸ ਗੁਰਦੁਆਰੇ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਇਸ ਦੇ ਦਰਵਾਜ਼ੇ ਤੋਂ ਲੰਘੇਗਾ ਤਾਂ ਕੀ ਇਹ ਸਿੱਖ ਮੱਥਾ ਨਹੀਂ ਟੇਕੇਗਾ ? ਇਸ ਲਈ ਅਰਦਾਸ ਤੋਂ ਪਹਿਲਾਂ ਇਹ ਜਾਣਨਾ ਜ਼ਰੂਰੀ ਹੈ ਕਿ ਮੈਂ ਕੀ ਮੰਗ ਰਿਹਾ ਹਾਂ ਅਤੇ ਜੇਕਰ ਕਿਸੇ ਵਕਤ ਕੋਈ ਮੰਗ ਨਾ ਪੂਰੀ ਹੋਵੇ ਤਾਂ ਅਰਦਾਸ ਜਾਂ ਗੁਰੂ 'ਤੇ ਵਿਸ਼ਵਾਸ ਨਾ ਡੋਲ੍ਹੇ, ਬਲਕਿ ਇਹ ਸਮਝੇ ਕਿ ਮੇਰੀ ਮੰਗ ਵਿੱਚ ਜ਼ਰੂਰ ਕੋਈ ਗ਼ਲਤੀ ਹੈ ਕਿ ਮੈਨੂੰ ਇਹ ਵਸਤੂ ਨਹੀਂ ਮਿਲੀ, ਇਸ ਵਿੱਚ ਵੀ ਮੇਰਾ ਕੋਈ ਭਲਾ ਹੈ।

ਇਹ ਜਾਣਨਾ ਜ਼ਰੂਰੀ ਹੈ ਕਿ ਮੈਂ ਕੀ ਮੰਗ ਰਿਹਾ ਹਾਂ ?

ਦੂਜੀ ਗੱਲ ਕਿ ਅਰਦਾਸ ਕਿਸ ਅੱਗੇ ਕਰਨੀ ਹੈ ?

ਗੁਰੂ ਨੇ ਬਾਣੀ ਰਾਹੀਂ ਫੈਸਲਾ ਦਿੱਤਾ ਹੈ :

ਤੂ ਏਕੋ ਸਾਹਿਬੁ ਅਵਰੁ ਨ ਹੋਰਿ।। ਬਿਨਉ ਕਰੈ ਨਾਨਕੁ ਕਰ ਜੋਰਿ।।

(ਗੁ.ਗ੍ਰੰ.ਸਾ.ਪੰਨਾ 563)

ਤੂ ਠਾਕੁਰ ਤੁਮ ਪਹਿ ਅਰਦਾਸਿ।। ਜੀਉ ਪਿੰਡੁ ਸਭੁ ਤੇਰੀ ਰਾਸਿ।।
ਤੁਮ ਮਾਤ ਪਿਤਾ ਹਮ ਬਾਰਿਕ ਤੇਰੇ।। ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ।।

(ਗੁ.ਗ੍ਰੰ.ਸਾ.ਪੰਨਾ 268)

ਪ੍ਰਭ ਪਾਸਿ ਜਨ ਕੀ ਅਰਦਾਸਿ ਤੂ ਸਚਾ ਸਾਂਈ।।
ਤੂ ਰਖਵਾਲਾ ਸਦਾ ਸਦਾ ਹਉ ਤੁਧੁ ਧਿਆਈ।।

(ਗੁ.ਗ੍ਰੰ.ਸਾ.ਪੰਨਾ 517)

ਸਿੱਖ ਨੇ ਗੁਰੂ ਸ਼ਬਦ ਦੀ ਅਗਵਾਈ ਵਿੱਚ ਅਰਦਾਸ ਕੇਵਲ ਇੱਕ ਅਕਾਲ ਪੁਰਖ ਅੱਗੇ ਕਰਨੀ ਹੈ ਜੋ 'ਸਭਨਾ ਕਾ ਦਾਤਾ ਕਰਮ ਬਿਧਾਤਾ' ਹੈ, ਹੋਰ ਕਿਸੇ ਦੇਵੀ-ਦੇਵਤੇ ਅੱਗੇ ਨਹੀਂ ਕਰਨੀ।

ਤੂੰ ਸਭਨੀ ਥਾਈ ਜਿਥੈ ਹਉ ਜਾਈ ਸਾਚਾ ਸਿਰਜਣਹਾਰੁ ਜੀਉ।।
ਸਭਨਾ ਕਾ ਦਾਤਾ ਕਰਮ ਬਿਧਾਤਾ ਦੂਖ ਬਿਸਾਰਣਹਾਰੁ ਜੀਉ।।

(ਗੁ.ਗ੍ਰੰ.ਸਾ.ਪੰਨਾ 438)

ਅਰਦਾਸ ਕਿਸ ਤਰ੍ਹਾਂ ਕਰਨੀ ਹੈ ?

ਅਰਦਾਸ ਕਰਨ ਲਈ ਇੱਕ ਸਮਰਪਿਤ ਅਵਸਥਾ ਵਿੱਚ ਆਉਣ ਦੀ ਲੋੜ ਹੁੰਦੀ ਹੈ। ਜਦੋਂ ਮਨ ਆਪਣੇ ਆਪ ਨੂੰ ਸਰਬ-ਸ਼ਕਤੀਮਾਨ ਅਕਾਲ ਪੁਰਖ ਦੇ ਸਾਹਮਣੇ ਟੇਕ ਕੇ ਉਸਦੀ ਬਖ਼ਸ਼ਿਸ਼ 'ਤੇ ਨਿਰਭਰ ਹੋ ਜਾਂਦਾ ਹੈ, ਤਾਂ ਕੀਤੀ ਹੋਈ ਅਰਦਾਸ ਸਫਲ ਹੁੰਦੀ ਹੈ।

ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ॥
ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ॥

(ਗੁ.ਗ੍ਰੰ.ਸਾ.ਪੰਨਾ 383)

ਅਰਦਾਸ ਕਦੋਂ ਸਫਲ ਹੁੰਦੀ ਹੈ?

ਜੇ ਦੇਹਿ ਵਡਿਆਈ ਤਾ ਤੇਰੀ ਵਡਿਆਈ ਇਤ ਉਤ ਤੁਝਹਿ ਧਿਆਉ॥
ਨਾਨਕ ਕੇ ਪ੍ਰਭ ਸਦਾ ਸੁਖਦਾਤੇ ਮੈ ਤਾਣੁ ਤੇਰਾ ਇਕੁ ਨਾਉ॥

(ਗੁ.ਗ੍ਰੰ.ਸਾ.ਪੰਨਾ 382))

ਮਾਨੁ ਮਾਂਗਉ ਤਾਨੁ ਮਾਂਗਉ ਧਨੁ ਲਖਮੀ ਸੁਤ ਦੇਹ॥ ੧॥
ਮੁਕਤਿ ਜੁਗਤਿ ਭੁਗਤਿ ਪੂਰਨ ਪਰਮਾਨੰਦ ਪਰਮ ਨਿਧਾਨ॥
ਭੈ ਭਾਇ ਭਗਤਿ ਨਿਹਾਲ ਨਾਨਕ ਸਦਾ ਸਦਾ ਕੁਰਬਾਨ॥ ੨॥

(ਗੁ.ਗ੍ਰੰ.ਸਾ.ਪੰਨਾ 1307)

ਪੰਥਕ ਅਰਦਾਸ

ਰੋਜ਼ਾਨਾ ਗੁਰੂ ਅਸਥਾਨਾਂ ਜਾਂ ਸਮਾਗਮਾਂ ਸਮੇਂ ਕੀਤੀ ਜਾਣ ਵਾਲੀ ਪੰਥਕ ਅਰਦਾਸ ਨੂੰ ਹੀ ਜੇ ਸਮਝ ਲਈਏ ਤਾਂ ਅਰਦਾਸ ਦੀਆਂ ਭਾਵਨਾਵਾਂ ਅਤੇ ਅਵਸਥਾ ਬਣਾਉਣ ਵਿੱਚ ਬਹੁਤ ਸਹਾਇਕ ਹੋ ਸਕਦੀ ਹੈ :

ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈਂ ਧਿਆਇ।
ਫਿਰ ਅੰਗਦ ਗੁਰ ਤੇ ਅਮਰਦਾਸੁ ਰਾਮਦਾਸੈ ਹੋਈਂ ਸਹਾਇ।
ਅਰਜਨ ਹਰਿਗੋਬਿੰਦ ਨੋ ਸਿਮਰੌ ਸ੍ਰੀ ਹਰਿਰਾਇ।
ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖਿ ਜਾਇ।
ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ।
ਸਭ ਥਾਈਂ ਹੋਇ ਸਹਾਇ।
ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ !
ਸਭ ਥਾਈਂ ਹੋਇ ਸਹਾਇ।
ਦਸਾਂ ਪਾਤਸ਼ਾਹੀਆਂ ਦੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
ਦੇ ਪਾਠ ਦੀਦਾਰ ਦਾ ਧਿਆਨ ਧਰ ਕੇ
ਬੋਲੋ ਜੀ ਵਾਹਿਗੁਰੂ !

ਨੋਟ : ਗੁਰਬਾਣੀ ਅਨੁਸਾਰ ਇਸ ਸੰਸਾਰ ਵਿੱਚ 'ਜੈਸੇ ਜਲ ਮਹਿ ਕਮਲ ਨਿਰਾਲਮ' ਰਹਿੰਦਿਆਂ ਪ੍ਰਭੂ ਦੇ ਰੰਗ ਵਿੱਚ ਅਭੇਦ ਹੋ ਜਾਣ ਵਾਲੇ ਨੂੰ ਭਗੌਤੀ ਆਖਿਆ ਗਿਆ ਹੈ। ਗੁਰੂ

ਜੀ ਬਚਨ ਕਰਦੇ ਹਨ :

ਸੋ ਭਗਉਤੀ ਜੁੋ ਭਗਵੰਤੈ ਜਾਣੈ।। ਗੁਰ ਪਰਸਾਦੀ ਆਪੁ ਪਛਾਣੈ।।
ਧਾਵਤੁ ਰਾਖੈ ਇਕਤੁ ਘਰਿ-ਆਣੈ।। ਜੀਵਤੁ ਮਰੈ ਹਰਿ ਨਾਮੁ ਵਖਾਣੈ।।
ਐਸਾ ਭਗਉਤੀ ਉਤਮੁ ਹੋਇ।। ਨਾਨਕ ਸਚਿ ਸਮਾਵੈ ਸੋਇ।।

(ਗੁ.ਗ੍ਰੰ.ਸਾ.ਪੰਨਾ 88)

ਭਗਉਤੀ ਭਗਵੰਤ ਭਗਤਿ ਕਾ ਰੰਗੁ।। ਸਗਲ ਤਿਆਗੈ ਦੁਸਟ ਕਾ ਸੰਗੁ।।
ਮਨ ਤੇ ਬਿਨਸੈ ਸਗਲਾ ਭਰਮੁ।। ਕਰਿ ਪੂਜੈ ਸਗਲ ਪਾਰਬ੍ਰਹਮੁ।।
ਸਾਧਸੰਗਿ ਪਾਪਾ ਮਲੁ ਖੋਵੈ।। ਤਿਸੁ ਭਗਉਤੀ ਕੀ ਮਤਿ ਊਤਮ ਹੋਵੈ।।
ਭਗਵੰਤ ਕੀ ਟਹਲ ਕਰੈ ਨਿਤ ਨੀਤਿ।। ਮਨੁ ਤਨੁ ਅਰਪੈ ਬਿਸਨ ਪਰੀਤਿ।।
ਹਰਿ ਕੇ ਚਰਨ ਹਿਰਦੈ ਬਸਾਵੈ।। ਨਾਨਕ ਐਸਾ ਭਗਉਤੀ ਭਗਵੰਤ ਕਉ ਪਾਵੈ।।

(ਗੁ.ਗ੍ਰੰ.ਸਾ.ਪੰਨਾ 274)

ਭਗੌਤੀ ਕੀ ਹੈ?

ਇਉਂ ਸਭ ਤੋਂ ਪਹਿਲਾਂ ਪ੍ਰਭੂ ਨਾਲ ਅਭੇਦ ਹੋਏ (ਭਗਉਤੀ ਰੂਪ), ਇਕੋ ਗੁਰੂ ਦੇ ਵੱਖ-ਵੱਖ ਨਾਵਾਂ ਨੂੰ ਸ਼ਰਧਾ-ਪਿਆਰ ਨਾਲ ਯਾਦ ਕਰਕੇ ਗੁਰੂ ਨਾਲ ਜੁੜਨਾ ਤਾਂ ਕਿ ਗੁਰੂ ਵੱਲੋਂ ਬਖਸ਼ੀ ਜੀਵਨ ਜੁਗਤ ਦੀ ਰੌਸ਼ਨੀ ਵਿੱਚ ਰਹਿੰਦਿਆਂ ਗੁਰਮਤਿ ਅਨੁਸਾਰ ਕਿਸੇ ਸ਼ੁਭ ਮਨੋ-ਕਾਮਨਾ ਲਈ ਹੀ ਸਾਡੀ ਅਰਦਾਸ ਹੋਵੇ।

ਅੱਗੇ ਹੈ ਗੁਰਮਤਿ ਅਨੁਸਾਰ ਘਾਲਣਾ, ਕਮਾਈ, ਸੇਵਾ-ਸਿਮਰਨ, ਕੁਰਬਾਨੀ ਭਰਿਆ ਜੀਵਨ ਜਿਉਣ ਵਾਲਿਆਂ ਦੀ ਯਾਦ ਜੋ ਸਿੱਖ ਦੇ ਜੀਵਨ ਮਾਰਗ ਵਿੱਚ ਇੱਕ ਪ੍ਰੇਰਨਾ ਸ੍ਰੋਤ ਹੋਵੇ :

ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲ੍ਹੀਆਂ ਮੁਕਤਿਆਂ,
ਹਠੀਆਂ, ਜਪੀਆਂ ਤਪੀਆਂ,
ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ,
ਦੇਗ ਚਲਾਈ, ਤੇਗ ਵਾਹੀ, ਦੇਖ ਕੇ ਅਣਡਿੱਠ ਕੀਤਾ,
ਤਿਨ੍ਹਾਂ ਪਿਆਰਿਆਂ ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ,
ਖ਼ਾਲਸਾ ਜੀ ! ਬੋਲੋ ਜੀ ਵਾਹਿਗੁਰੂ !
ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ,
ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ ਤੇ ਚੜ੍ਹੇ,
ਆਰਿਆਂ ਨਾਲ ਚੀਰੇ ਗਏ,
ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ,
ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ,
ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ,
ਖ਼ਾਲਸਾ ਜੀ ! ਬੋਲੋ ਜੀ ਵਾਹਿਗੁਰੂ !

ਨੋਟ : ਇੱਥੇ ਪੰਥਕ ਅਰਦਾਸ ਦੀ ਸੰਪਾਦਨਾ ਕਰਨ ਵਾਲੇ ਸੂਝਵਾਨ ਵੀਰਾਂ ਨੇ ਇੱਕ ਖ਼ਾਸ ਖ਼ਿਆਲ ਰੱਖਦਿਆਂ ਗੁਰਮਤਿ ਜੀਵਨ ਜੁਗਤ ਵਿੱਚ ਘਾਲਣਾ ਘਾਲਣ ਵਾਲਿਆਂ ਦਾ ਸਮੁੱਚੇ ਰੂਪ ਵਿੱਚ ਜ਼ਿਕਰ ਕੀਤਾ ਹੈ। ਵਿਅਕਤੀਆਂ ਦਾ ਨਾਂ ਨਹੀਂ ਲਿਆ (ਪੰਜ ਪਿਆਰੇ, ਚਾਰ ਸਾਹਿਬਜ਼ਾਦੇ, ਚਾਲ੍ਹੀ ਮੁਕਤੇ, ... ਜਿੰਨ੍ਹਾਂ ਨਾਮ ਜਪਿਆ, ਬੰਦ ਬੰਦ ਕਟਾਏ, ਚਰਖੜੀਆਂ 'ਤੇ ਚੜ੍ਹੇ - ਇਹਨਾਂ ਦੇ ਨਾਂ ਨਹੀਂ ਲਿਖੇ) ਕਿਉਂਕਿ ਇਸ ਤਰ੍ਹਾਂ ਦੇ ਉੱਤੇ ਲਿਖੇ ਜੀਵਨ ਦੀ ਘਾਲਣਾ ਵਾਲੇ ਅਨੇਕਾਂ ਸਿੱਖ ਹੋਰ ਵੀ ਹੋ ਸਕਦੇ ਹਨ, ਜਿੰਨ੍ਹਾਂ ਦਾ ਨਾਂ ਇਤਿਹਾਸਕਾਰਾਂ ਕੋਲੋਂ ਛੁੱਪਿਆ ਰਹਿ ਗਿਆ ਹੋਵੇ ਜਿਵੇਂ 1947, 1978 ਅਤੇ 1984 ਦੇ ਘੱਲੂਘਾਰੇ ਸਮੇਂ ਅਣਗਿਣਤ ਕੁਰਬਾਨੀਆਂ ਹੋਈਆਂ ਅਤੇ ਹੁੰਦੀਆਂ ਰਹੀਆਂ ਹਨ। ਇਸ ਤਰ੍ਹਾਂ ਤਾਂ ਫਿਰ ਰੋਜ਼ ਹੀ ਅਰਦਾਸ ਵਿੱਚ ਘਾਲਣਾ ਘਾਲਣ ਵਾਲਿਆਂ ਦੀ ਲਿਸਟ ਬਦਲਣੀ ਪਿਆ ਕਰਦੀ। ਅੱਜ ਤਾਂ ਕਈ ਵਾਰ ਕਿਸੇ ਦੀ ਘਾਲਣਾ ਨੂੰ ਕੁਝ ਲੋਕ ਪ੍ਰਵਾਨ ਕਰਦੇ ਹਨ ਅਤੇ ਕੁਝ ਲੋਕ ਨਹੀਂ ਕਰਦੇ। ਪਰ ਇਸ ਉੱਤੇ ਲਿਖੀ ਅਰਦਾਸ ਦੇ ਢੰਗ ਨਾਲ ਗੁਰਮਤਿ ਜੀਵਨ ਦੀ ਘਾਲਣਾ ਜਦੋਂ ਵੀ ਕਿਸੇ ਨੇ ਕੀਤੀ ਜਾਂ ਕਰੇਗਾ, ਤਾਂ ਸੁਭਾਵਕ ਹੀ ਸਿੱਖ ਦੀਆਂ ਯਾਦਾਂ ਵਿੱਚ ਜੁੜ ਜਾਵੇਗਾ ਅਤੇ ਵੱਖਰਾ ਨਾਮ ਲਿਖਣ ਜਾਂ ਲਿਸਟ ਬਦਲਣ ਦੀ ਲੋੜ ਨਹੀਂ ਪਵੇਗੀ।

ਪੰਜਾਂ ਤਖ਼ਤਾਂ, ਸਰਬੱਤ ਗੁਰਦੁਆਰਿਆਂ ਦਾ ਧਿਆਨ ਧਰ ਕੇ,
ਬੋਲੋ ਜੀ ਵਾਹਿਗੁਰੂ !

ਪੰਜਾਂ ਤਖ਼ਤਾਂ ਅਤੇ ਸਰਬੱਤ ਗੁਰਦੁਆਰਿਆਂ ਦੀ ਯਾਦ ਗੁਰਮਤਿ ਦੀ ਸੇਧ ਵਿੱਚ ਰਹਿੰਦਿਆਂ ਸਿੱਖ ਦੀ ਰਾਜਨੀਤੀ ਤੇ ਧਰਮ 'ਤੇ ਕੇਂਦ੍ਰਿਤ ਕਰਨ ਦੀ ਪ੍ਰੇਰਨਾ ਸ੍ਰੋਤ ਹੈ ਕਿਉਂਕਿ ਇਹ ਦੋਵੇਂ ਹੀ ਜੀਵਨ ਦੇ ਜ਼ਰੂਰੀ ਪਹਿਲੂ ਹਨ ਜਿੰਨ੍ਹਾਂ ਨੂੰ ਗੁਰਮਤਿ ਦੀ ਸੇਧ ਵਿੱਚ ਰੱਖਣਾ ਜ਼ਰੂਰੀ ਹੈ।

ਕੀ ਸਿੱਖ ਆਪਣੇ ਇਕੱਲੇ ਲਈ ਅਰਦਾਸ ਕਰਦਾ ਹੈ?

ਹੁਣ ਵੇਖੋ ! ਸਰਬੱਤ ਖ਼ਾਲਸਾ, ਪੰਥ ਗੁਰੂ ਨੇ ਇੱਕ ਪਰਿਵਾਰ ਰੂਪ ਲੜੀ ਵਿੱਚ ਪਰੋਇਆ ਹੋਇਆ ਹੈ। ਇਸ ਲਈ ਤਨ, ਮਨ, ਧਨ ਕਰਕੇ ਆਪਣੇ ਜੀਵਨ ਦੀਆਂ ਸਾਰੀਆਂ ਸ਼ਕਤੀਆਂ ਪੰਥ ਲਈ ਸਾਂਝੀਆਂ ਕਰਦਾ ਹੋਇਆ ਆਪਣੀ ਮੁੱਢਲੀ ਅਰਦਾਸ ਸਮੁੱਚੇ ਖ਼ਾਲਸੇ ਦੀਆਂ ਚੜ੍ਹਦੀਆਂ ਕਲਾ ਲਈ ਹੀ ਕਰਦਾ ਹੈ। ਇਸ ਨਾਲ ਹਰ ਗੁਰਸਿੱਖ ਨੂੰ ਗੌਰਵ ਹੁੰਦਾ ਹੈ ਕਿ ਮੈਂ ਇਸ ਸੰਸਾਰ ਵਿੱਚ ਇਕੱਲਾ ਨਹੀਂ ਹਾਂ, ਮੇਰੇ ਪੰਥਕ ਪਰਿਵਾਰ ਦਾ ਹਰ ਬਸ਼ਰ ਜਿੱਥੇ ਵੀ ਬੈਠਾ ਹੈ, ਉਹ ਦੋਵੇਂ ਵਕਤ ਆਪਣੀ ਅਰਦਾਸ ਵਿੱਚ ਮੇਰੇ ਲਈ ਸੁੱਖ ਮੰਗਦਾ ਕਹਿ ਰਿਹਾ ਹੈ :

ਪ੍ਰਿਥਮੇ ਸਰਬੱਤ ਖ਼ਾਲਸਾ ਜੀ ਕੀ ਅਰਦਾਸ ਹੈ ਜੀ,
ਸਰਬੱਤ ਖ਼ਾਲਸਾ ਜੀ ਕੋ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਚਿਤ ਆਵੇ,
ਚਿੱਤ ਆਵਨ ਕਾ ਸਦਕਾ ਸਰਬ ਸੁਖ ਹੋਵੇ।
ਜਹਾਂ ਜਹਾਂ ਖ਼ਾਲਸਾ ਜੀ ਸਾਹਿਬ, ਤਹਾਂ ਤਹਾਂ ਰੱਛਿਆ ਰਿਆਇਤ,
ਦੇਗ ਤੇਗ ਫ਼ਤਹ, ਬਿਰਦ ਕੀ ਪੈਜ, ਪੰਥ ਕੀ ਜੀਤ,

ਸ੍ਰੀ ਸਾਹਿਬ ਜੀ ਸਹਾਇ,
ਖ਼ਾਲਸੇ ਜੀ ਕੇ ਬੋਲ ਬਾਲੇ, ਬੋਲੋ ਜੀ ਵਾਹਿਗੁਰੂ !
ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ,
ਦਾਨਾਂ ਸਿਰ ਦਾਨ, ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ,
ਚੌਕੀਆਂ, ਝੰਡੇ, ਬੁੰਗੇ, ਜੁਗੋ ਜੁਗ ਅਟੱਲ,
ਧਰਮ ਕਾ ਜੈਕਾਰ, ਬੋਲੋ ਜੀ ਵਾਹਿਗੁਰੂ !!!
ਸਿੱਖਾਂ ਦਾ ਮਨ ਨੀਵਾਂ, ਮਤ ਉੱਚੀ, ਮਤ ਦਾ ਰਾਖਾ ਆਪ ਵਾਹਿਗੁਰੂ।

ਹੁਣ ਅਗਲੀਆਂ ਦੋ ਪੰਕਤੀਆਂ ਖ਼ਾਸ ਧਿਆਨ ਦੇਣ ਵਾਲੀਆਂ ਹਨ। ਸਿੱਖ ਅਰਦਾਸ ਵਿੱਚ ਮੰਗ ਕਰਦਾ ਹੈ :

ਪੰਥ ਤੋਂ ਵਿੱਛੜੇ ਗੁਰਧਾਮਾਂ ਦੀ ਸੇਵਾ-ਸੰਭਾਲ ਲਈ ਅਰਦਾਸ ਕਿਉਂ ?

ਹੇ ਅਕਾਲ ਪੁਰਖ ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਜੀਓ !
ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਗੁਰਧਾਮਾਂ ਦੇ,
ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ,
ਖੁੱਲ੍ਹੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਦਾ ਦਾਨ
ਖ਼ਾਲਸਾ ਜੀ ਨੂੰ ਬਖ਼ਸ਼ੋ। ....

ਅਰਦਾਸ ਦੇ ਇਹ ਲਫਜ਼ ਪੰਥ ਦੀ ਧਾਰਮਿਕ ਆਜ਼ਾਦੀ ਦੀ ਚਾਹਤ ਦਾ ਪ੍ਰਤੀਕ ਹਨ ਅਤੇ ਸਮੁੱਚੇ ਸੰਸਾਰ ਲਈ ਧਾਰਮਿਕ ਆਜ਼ਾਦੀ ਦੀ ਪ੍ਰੇਰਨਾ ਹਨ ਕਿ ਹਰ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਤੇ ਧਰਮ ਅਸਥਾਨ, ਮਨੁੱਖਤਾ ਵਿੱਚ ਵੰਡੀਆਂ ਪਾਉਣ ਵਾਲੀ ਕਿਸੇ ਵੀ ਸੋਚ ਸੀਮਾ ਤੋਂ ਆਜ਼ਾਦ ਰਹਿਣ।

ਪੰਥਕ ਅਰਦਾਸ ਵਿੱਚ ਇਹ ਸਾਰੀਆਂ ਭਾਵਨਾਵਾਂ ਸਿੱਖ ਦੀ ਰੋਜ਼ ਦੀ ਅਰਦਾਸ ਦਾ ਜ਼ਰੂਰੀ ਹਿੱਸਾ ਹਨ ਅਤੇ ਇਸ ਤੋਂ ਬਾਅਦ ਹੀ ਫਿਰ ਕਿਸੇ ਸਿੱਖ ਦੀ ਨਿੱਜੀ ਅਰਦਾਸ ਦੇ ਲਫਜ਼ ਸ਼ੁਭ-ਕਾਮਨਾ ਸਹਿਤ ਸ਼ੁਰੂ ਹੁੰਦੇ ਹਨ। ਅਤੇ ਸ਼ੁਭ-ਕਾਮਨਾ ਦਾ ਇੱਕ ਸ੍ਰੇਸ਼ਟ ਰੂਪ ਅਰਦਾਸ ਦੀ ਸਮਾਪਤੀ 'ਤੇ ਹੈ :

ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।

☬

ਅੱਜ ਅਸੀਂ ਕਲਜੁਗ ਦੇ
ਕਰੂਪ ਚਿਹਰੇ ਨੂੰ
ਸਿੱਖੀ ਦੇ ਭੇਸ ਵਿੱਚ ਵੀ
ਵੇਖ ਸਕਦੇ ਹਾਂ।

☬

ਇਸ ਘੋਰ ਕਲਜੁਗ ਨੂੰ
ਸਤਜੁਗ ਵਿੱਚ
ਬਦਲਣ ਲਈ ਕੀ ਕਰੀਏ ?

☬

ਕਲਜੁਗ

ਜਿਸ ਸਮੇਂ ਵਿੱਚ ਅੱਜ ਅਸੀਂ ਜਿਊ ਰਹੇ ਹਾਂ, ਇਸ ਸਮੇਂ ਨੂੰ ਕਲਜੁਗ ਆਖਿਆ ਜਾਂਦਾ ਹੈ। 'ਜੁਗ' ਦਾ ਅਰਥ ਹੈ ਸਮਾਂ। ਸ਼ਾਸਤਰ-ਕਾਰਾਂ ਨੇ ਸਮੇਂ ਦੀ ਚਾਲ ਨੂੰ ਚਾਰ ਹਿੱਸਿਆਂ ਵਿੱਚ ਵੰਡ ਦਿੱਤਾ ਹੈ ਜਿਸਨੂੰ ਸਤਿਜੁਗ, ਤ੍ਰੇਤਾ, ਦੁਆਪਰ ਅਤੇ ਕਲਜੁਗ ਦੇ ਨਾਵਾਂ ਨਾਲ ਚਾਰ ਜੁਗ ਆਖਿਆ ਗਿਆ।

ਬੀਤੇ ਸਮੇਂ ਵਿੱਚ ਕੁਝ ਲਿਖਤਾਂ ਦੇ ਪ੍ਰਭਾਵ ਨੇ ਜੁਗਾਂ ਦੀ ਲੱਖਾਂ-ਹਜ਼ਾਰਾਂ ਸਾਲਾਂ ਦੀ ਉਮਰ ਨਿਸ਼ਚਿਤ ਕਰ ਦਿੱਤੀ, ਜਿਸਦੇ ਨਤੀਜੇ ਵਜੋਂ ਭੋਲੇ-ਭਾਲੇ ਲੋਕ ਇਹਨਾਂ ਜੁਗਾਂ ਨੂੰ ਇੱਕ ਵਿਅਕਤੀ ਦੇ ਰੂਪ ਵਿੱਚ ਵੀ ਤਸੱਵਰ ਕਰਨ ਲੱਗ ਪਏ। ਇਤਿਹਾਸ ਦੇ ਪੰਨਿਆਂ 'ਤੇ ਐਸੀਆਂ ਕਹਾਣੀਆਂ ਆ ਗਈਆਂ ਕਿ ਕਲਜੁਗ ਫਲਾਣੀ ਥਾਵੇਂ ਫਲਾਣੇ ਨੂੰ ਮਿਲਿਆ। ਗੁਰੂ ਨਾਨਕ ਜੀ ਦੇ ਨਾਲ ਵੀ ਐਸੀ ਸਾਖੀਆਂ ਜੋੜ ਦਿੱਤੀਆਂ ਗਈਆਂ ਕਿ ਇੱਕ ਵਾਰ ਗੁਰੂ ਜੀ ਕੋਲ ਕਲਜੁਗ ਦਰਸ਼ਨ ਕਰਨ ਆਇਆ ਅਤੇ ਬੇਨਤੀ ਕੀਤੀ, ਗੁਰੂ ਜੀ ! ਤੁਹਾਡੀ ਸੰਗਤ ਵਿੱਚ ਮੈਨੂੰ ਆਉਣ ਦੀ ਇਜਾਜ਼ਤ ਨਹੀਂ ਹੈ ਤਾਂ ਫਿਰ ਮੇਰਾ ਉੱਧਾਰ ਕਿਵੇਂ ਹੋਵੇਗਾ। ਇਸ ਲਈ ਕਿਰਪਾ ਕਰਕੇ ਮੈਨੂੰ ਵੀ ਆਪਣੀ ਸਾਧ-ਸੰਗਤ ਵਿੱਚ ਆਉਣ ਦੀ ਇਜਾਜ਼ਤ ਬਖ਼ਸ਼ੋ ਜੀ। ਗੁਰੂ ਜੀ ਨੇ ਬਚਨ ਕੀਤਾ, ਹੇ ਕਲਜੁਗ ! ਤੂੰ ਸਾਧ-ਸੰਗਤ ਦੇ ਸਤਿਸੰਗ ਸਮੇਂ ਤਾਂ ਬਾਹਰ ਜੋੜਿਆਂ ਵਿੱਚ ਬੈਠਿਆ ਕਰ ਅਤੇ ਕੜਾਹ ਪ੍ਰਸ਼ਾਦਿ ਵੰਡਣ ਵੇਲੇ ਪ੍ਰਸ਼ਾਦ

ਲੈਣ ਲਈ ਅੰਦਰ ਆ ਸਕਦਾ ਹੈ। ਸੋ, ਇਸ ਇਜਾਜ਼ਤ ਅਨੁਸਾਰ ਸਤਿਸੰਗ ਸਮੇਂ ਕਲਜੁਗ ਜੋੜਿਆਂ ਵਿੱਚ ਬੈਠਾ ਹੁੰਦਾ ਸੀ। ਤਾਂ ਹੀ ਬਾਹਰੋਂ ਜੋੜੇ ਚੁੱਕੇ ਜਾਂਦੇ ਸਨ ਅਤੇ ਪ੍ਰਸਾਦ ਵੰਡਣ ਸਮੇਂ ਅੰਦਰ ਆ ਜਾਂਦਾ ਸੀ, ਤਾਂ ਹੀ ਉਸ ਵੇਲੇ ਰੌਲਾ ਪੈ ਜਾਂਦਾ ਸੀ। ਇਹ ਸਾਖੀ ਉਸ ਵਕਤ ਗੁਰਦੁਆਰੇ ਧਰਮਸ਼ਾਲਾ ਵਿੱਚ ਸਤਿਸੰਗ ਸਮੇਂ ਵਾਪਰਦੇ ਹਾਲਾਤਾਂ ਤੋਂ ਬਣੀ ਜਾਪਦੀ ਹੈ।

ਕਲਜੁਗ ਗੁਰਦੁਆਰੇ ਦੇ ਅੰਦਰ ਆ ਜਾਂਦਾ ਹੈ

ਤਾਂ ਕੀ ਗੁਰੂ ਜੀ ਨੇ ਹੁਣ ਕਲਜੁਗ ਨੂੰ ਸਤਿਸੰਗ ਸਮੇਂ ਜੋੜਿਆਂ ਸਮੇਤ ਅੰਦਰ ਆ ਕੇ ਖਲਲ ਪਾਉਣ, ਬੇਅਦਬੀ ਕਰਨ, ਇੱਕ-ਦੂਜੇ ਦੇ ਗੱਲ ਪੈਣ ਦੀ ਇਜਾਜ਼ਤ ਦੇ ਦਿੱਤੀ ਹੈ ? ਹੁਣ ਤਾਂ ਕਈ ਥਾਵੇਂ ਸਤਿਸੰਗ ਸਮੇਂ ਐਸਾ ਹੋ ਰਿਹਾ ਹੈ। ਬਾਹਰੋਂ ਜੋੜੇ ਨਹੀਂ ਚੁੱਕੇ ਜਾਂਦੇ, ਸਗੋਂ ਜੋੜੇ ਅੰਦਰ ਆ ਜਾਂਦੇ ਹਨ। ਇੱਕ-ਦੂਜੇ ਦੀਆਂ ਪੱਗਾਂ ਲਾਹੀਆਂ ਜਾਂਦੀਆਂ ਹਨ, ਕਲਜੁਗ ਗੁਰਦੁਆਰੇ ਦੇ ਅੰਦਰ ਆ ਜਾਂਦਾ ਹੈ।

ਸੋ, ਜੁਗ ਕਿਸੇ ਵਿਅਕਤੀ ਦਾ ਨਾਮ ਨਹੀਂ ਹੈ, ਸਮੇਂ ਦਾ ਨਾਂ ਹੈ ਅਤੇ ਬਦਲਦੇ ਹੋਏ ਸਮੇਂ ਦੇ ਵਾਤਾਵਰਣ, ਹਾਲਾਤ, ਮਨੁੱਖੀ ਸੋਚ ਦੇ ਆਧਾਰ 'ਤੇ ਜੁਗ ਜਾਂ ਸਮੇਂ ਨੂੰ ਸਤਿਜੁਗ, ਤ੍ਰੇਤਾ, ਦੁਆਪਰ ਤੇ ਕਲਜੁਗ - ਚਾਰ ਵੱਖ-ਵੱਖ ਨਾਂ ਦਿੱਤੇ ਗਏ ਸਨ। ਗੁਰਬਾਣੀ ਵਿੱਚ ਸਤਿਗੁਰੂ ਜੀ ਨੇ ਬਦਲਦੇ ਹਾਲਾਤਾਂ ਦੇ ਆਧਾਰ 'ਤੇ ਚਾਰੇ ਜੁਗਾਂ ਦੀ ਵੰਡ ਇਉਂ ਕੀਤੀ ਹੈ :

ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ ॥
ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ ॥
ਸਤਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ ॥
ਤ੍ਰੇਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ ॥
ਦੁਆਪਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ ॥
ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥ ੧ ॥

(ਗੁ.ਗ੍ਰੰ.ਸਾ.ਪੰਨਾ 470)

ਜੀਵਾਂ ਦੇ ਵਿਚਾਰ ਅਤੇ ਵਿਹਾਰ ਦੇ ਆਧਾਰ 'ਤੇ ਅਕਸਰ ਇਸ ਧਰਤੀ 'ਤੇ ਇਕੋ ਸਮੇਂ ਵੱਖ-ਵੱਖ ਥਾਵੇਂ ਚਾਰੇ ਜੁਗ ਵਰਤਦੇ ਰਹਿੰਦੇ ਹਨ।

* ਜਿੱਥੇ ਸਤ, ਸੰਤੋਖ, ਦਇਆ, ਧਰਮ, ਪਰਉਪਕਾਰ ਵਾਲੇ ਭਾਈ ਘਨਈਆ, ਬਾਬਾ ਆਇਆ ਸਿੰਘ ਸੇਵਾ-ਪੰਥੀ, ਮਦਰ ਟੇਰੇਸਾ, ਭਗਤ ਪੂਰਨ ਸਿੰਘ ਜੀ ਵਰਗੇ ਲੋਕ ਹੁੰਦੇ ਹਨ, ਉੱਥੇ ਸਤਜੁਗ ਹੁੰਦਾ ਹੈ।
* ਜਿੱਥੇ ਕਾਮ ਆਦਿਕ ਵਿਕਾਰਾਂ ਤੋਂ ਸੰਜਮ ਵਿੱਚ ਰਹਿ ਕੇ ਸਰੀਰਕ ਬਲਵਾਨਤਾ ਨਾਲ ਦੂਜੇ ਨੂੰ ਹਰਾ ਕੇ ਜਾਂ ਫ਼ੌਜੀ ਸ਼ਕਤੀ ਨਾਲ ਦੂਜੇ ਨੂੰ ਗੁਲਾਮ ਰੱਖਣ ਦੇ ਵਿਚਾਰ ਪ੍ਰਬਲ ਹੋਣ ਤਾਂ ਉੱਥੇ ਤ੍ਰੇਤਾ ਜੁਗ ਹੁੰਦਾ ਹੈ।
* ਜਿੱਥੇ ਸੱਚ ਦੀ ਸੰਭਾਲ ਲਈ ਹਰ ਤਰ੍ਹਾਂ ਦਾ ਤਿਆਗ ਕਰਕੇ ਦ੍ਰਿੜ੍ਹਤਾ ਨਾਲ ਘਾਲਣਾ ਘਾਲਣ ਵਾਲੇ ਲੋਕ ਹੋਣ, ਉੱਥੇ ਦੁਆਪਰ ਜੁਗ ਹੁੰਦਾ ਹੈ।

ਜਿਥੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਚਿੰਤਾ, ਈਰਖਾ ਦੀ ਅਗਨ ਨਾਲ ਆਪਸੀ ਪਿਆਰ, ਭਾਈਚਾਰਕ ਸਾਂਝ ਜਲ ਰਹੀ ਹੋਵੇ ਅਤੇ ਜਿੱਥੇ ਬੇ-ਈਮਾਨੀ, ਬੇ-ਇਨਸਾਫ਼ੀ, ਪਾਖੰਡ, ਝੂਠ ਦਾ ਰਾਜ ਹੋਵੇ, ਉੱਥੇ ਸਮਝ ਲਓ ਕਲਜੁਗ ਹੈ। ਕਈ ਮਨੁੱਖ ਤਾਂ ਚੰਚਲ ਮਨ ਦੇ ਗ਼ੁਲਾਮ ਹੋਏ ਵਿਚਾਰਾਂ ਦੀ ਸਥਿਰਤਾ ਨਾ ਹੋਣ ਕਾਰਨ ਸਮੇਂ-ਸਮੇਂ ਸੁਭਾ ਬਦਲਦੇ ਰਹਿੰਦੇ ਹਨ। ਇਉਂ ਕਈਆਂ ਦੇ ਇੱਕੋ ਸਰੀਰਕ ਜੀਵਨ ਵਿੱਚ ਚਾਰੇ ਜੁਗ ਵਰਤ ਜਾਂਦੇ ਹਨ।

ਕੀ ਇੱਕੋ ਜੀਵਨ ਵਿੱਚ ਚਾਰੇ ਜੁਗ ਵਰਤ ਸਕਦੇ ਹਨ?

ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ॥
ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ॥ ੧॥
ਜੀਵਨ ਤਲਬ ਨਿਵਾਰਿ॥
ਹੋਵੈ ਪਰਵਾਣਾ ਕਰਹਿ ਧਿਙਾਣਾ ਕਲਿ ਲਖਣ ਵੀਚਾਰਿ॥ ੧॥ ਰਹਾਉ॥
ਕਿਤੈ ਦੇਸਿ ਨ ਆਇਆ ਸੁਣੀਐ ਤੀਰਥ ਪਾਸਿ ਨ ਬੈਠਾ॥
ਦਾਤਾ ਦਾਨੁ ਕਰੇ ਤਹ ਨਾਹੀ ਮਹਲ ਉਸਾਰਿ ਨ ਬੈਠਾ॥ ੨॥
ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ॥
ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ॥ ੩॥

(ਗੁ.ਗ੍ਰੰ.ਸਾ.ਪੰਨਾ 902)

ਸਤਿਗੁਰੂ ਬਚਨ ਕਰਦੇ ਹਨ ਕਿ ਜੁਗ ਬਦਲਣ ਨਾਲ ਕੋਈ ਪਵਨ, ਪਾਣੀ, ਧਰਤੀ, ਅਸਮਾਨ, ਸੂਰਜ, ਚੰਦ, ਤਾਰੇ ਨਹੀਂ ਬਦਲ ਜਾਂਦੇ। ਸਭ ਕੁਝ ਉਹੋ ਹੀ ਰਹਿੰਦਾ ਹੈ। ਬਸ, ਜੁਗ ਜੀਵਾਂ ਵਿੱਚ ਹੀ ਸੁਭਾ ਕਰਕੇ ਵਰਤਦਾ ਹੈ, ਕਿਸੇ ਖ਼ਾਸ ਥਾਵੇਂ ਵੱਖਰਾ ਨਹੀਂ ਰਹਿੰਦਾ। ਜਦੋਂ ਜੀਵਨ ਵਰਗੀ ਰੱਬੀ ਰਹਿਮਤ ਮਾਨਣ ਲਈ ਵੀ ਮਨੁੱਖ ਫ਼ਿਕਰਮੰਦ ਦਿੱਸੇ, ਜਦੋਂ ਪ੍ਰਵਾਨ ਕੀਤੇ, ਚੁਣੇ ਹੋਏ, ਥਾਪੇ ਹੋਏ ਆਗੂ, ਰਾਜੇ ਪਰਜਾ 'ਤੇ ਧਿਙਾਣਾਂ ਜ਼ੋਰ-ਜ਼ੁਲਮ ਕਰਨ, ਪਰਜਾ ਦਾ ਖ਼ੂਨ ਪੀਣ, ਤਾਂ ਸਮਝ ਲੈਣਾ ਕਲਜੁਗ ਹੈ। ਹੋਰ ਕਦੇ ਨਹੀਂ ਸੁਣਿਆ ਕਿ ਕਲਜੁਗ ਫਲਾਣੇ ਦੇਸ਼ ਵਿੱਚ ਆਇਆ ਹੈ ਜਾਂ ਫਲਾਣੇ ਤੀਰਥ 'ਤੇ ਬੈਠਾ ਵੇਖਿਆ ਗਿਆ ਹੈ, ਨਾ ਹੀ ਕਿਸੇ ਦਾਨ ਕਰਦੇ ਦਾਤੇ ਕੋਲ ਹੈ ਅਤੇ ਨਾ ਹੀ ਕਿਤੇ ਵੱਖਰਾ ਮਹਿਲ (ਘਰ) ਉਸਾਰ ਕੇ ਰਹਿੰਦਾ ਹੈ।

ਬਸ ! ਜਦੋਂ ਕੋਈ ਸੱਚ ਦਾ ਪੱਲਾ ਫੜਨ ਵਾਲਾ ਬਰਬਾਦ-ਪ੍ਰੇਸ਼ਾਨ ਹੋਵੇ, ਧਰਮ ਸਥਾਨਾਂ 'ਤੇ ਧਰਮ ਸਾਧਨਾ ਨਾ ਹੋਵੇ, ਜਦੋਂ ਕਿਸੇ ਨਾਮ ਸਿਮਰਨ ਵਾਲੇ ਭਲੇ ਪੁਰਖ ਨੂੰ ਬਦਨਾਮ ਕੀਤਾ ਜਾਵੇ ਤਾਂ ਫਿਰ ਸਮਝ ਲੈਣਾ ਕਿ ਕਲਜੁਗ ਦੇ ਲੱਛਣ (ਨਿਸ਼ਾਨੀਆਂ) ਇਹੋ ਹਨ।

ਕਲਜੁਗ ਦੇ ਲੱਛਣ ਕੀ ਹਨ?

ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ॥
ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ॥
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ॥

ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ॥ ੧॥

(ਗੁ.ਗ੍ਰੰ.ਸਾ.ਪੰਨਾ 1288)

ਕਲਜੁਗ ਦੇ ਸਮੇਂ ਵਿੱਚ "ਰਾਜਾ ਰਾਜਿ ਨ ਤ੍ਰਿਪਤਿਆ" ਦੇ ਗੁਰੂ ਬਚਨ ਅਨੁਸਾਰ ਮਨ ਦੇ ਭੁੱਖੇ ਦਾ ਨਾਂ ਪਾਤਸ਼ਾਹ, "ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ" ਅਨੁਸਾਰ ਮੂਰਖ ਦਾ ਨਾਂ ਪੰਡਤ, ਅਕਲ ਤੋਂ ਅੰਨ੍ਹੇ ਅਗਿਆਨੀ ਲੋਕ ਕਿਸੇ ਗਿਆਨਵਾਨ ਦੀ ਪਰਖ (Interview) ਲੈਂਦੇ ਹਨ, ਇੱਲਤੀ ਸ਼ੈਤਾਨ ਲੋਕ ਚੌਧਰੀ ਤੇ ਲੀਡਰ ਬਣਦੇ ਹਨ।

ਸਰਮ ਧਰਮ ਕਾ ਡੇਰਾ ਦੂਰਿ॥
ਨਾਨਕ ਕੂੜੁ ਰਹਿਆ ਭਰਪੂਰਿ॥

(ਗੁ.ਗ੍ਰੰ.ਸਾ.ਪੰਨਾ 471)

ਸੋ, ਗੁਰੂ ਨੇ ਸਮਝਾ ਦਿੱਤਾ ਕਿ ਹਰ ਪਾਸੇ ਕੂੜ ਦਾ ਵਰਤਾਰਾ ਹੀ ਕਲਜੁਗ ਦਾ ਇਨਸਾਫ਼ ਹੈ।

ਸਾਡੇ ਜੀਵਨ ਦੇ ਹਿੱਸੇ ਆਏ ਇਸ ਸਮੇਂ ਨੂੰ ਕਲਜੁਗ ਕਿਉਂ ਆਖਿਆ ਗਿਆ?

ਅੱਜ ਸੰਸਾਰ ਵਿੱਚ ਹਰ ਪਾਸੇ ਸਾਡੇ ਚੌ-ਗਿਰਦੇ ਵਰਤ ਰਹੇ ਐਸੇ ਹੀ ਹਾਲਾਤ ਵੇਖ ਰਹੇ ਹਾਂ। ਇਸੇ ਲਈ ਸਾਡੇ ਜੀਵਨ ਦੇ ਹਿੱਸੇ ਆਏ ਇਸ ਸਮੇਂ ਨੂੰ ਕਲਜੁਗ ਆਖਿਆ ਜਾਂਦਾ ਹੈ।

ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ।
ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤਿ ਮੁਖਹੁ ਆਲਾਈ। .....
ਕਾਜੀ ਹੋਏ ਰਿਸਵਤੀ ਵਢੀ ਲੈਕੇ ਹਕ ਗਵਾਈ।

(ਵਾਰ 1, ਪਉੜੀ 30, ਭਾਈ ਗੁਰਦਾਸ ਜੀ)

ਕਲਜੁਗ ਦੇ ਵਰਤਾਰੇ ਬਾਰੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ ਕਿ ਪਾਪੀ ਰਾਜੇ ਲੋਭ ਵੱਸ ਹੋ ਕੇ ਪਰਜਾ ਨੂੰ ਲੁੱਟਦੇ ਹਨ, ਮਾਨੋ ਜਿਸ ਵਾੜ ਨੇ ਖੇਤ ਦੀ ਰਾਖੀ ਕਰਨੀ ਸੀ, ਉਹ ਵਾੜ ਹੀ ਖੇਤ ਨੂੰ ਖਾ ਰਹੀ ਹੈ। ਕਾਜੀ ਤੋਂ ਭਾਵ ਧਰਮ ਦੇ ਠੇਕੇਦਾਰ ਹਨ, ਜਿੰਨ੍ਹਾਂ ਨੇ ਪਰਜਾ 'ਤੇ ਹੋ ਰਹੇ ਅੰਨਿਆਂ ਦੇ ਖਿਲਾਫ਼ ਹੱਕ-ਇਨਸਾਫ਼ ਦੀ ਆਵਾਜ਼ ਬਣਨੀ ਸੀ, ਉਹ ਵੀ ਰਾਜਿਆਂ ਨਾਲ ਮਿਲ ਕੇ ਰਿਸ਼ਵਤੀ ਹੋ ਗਏ ਅਤੇ ਵੱਢੀ (ਰਿਸ਼ਵਤ) ਲੈ ਕੇ ਹੱਕ-ਇਨਸਾਫ਼ ਦੀ ਆਵਾਜ਼ ਨੂੰ ਦਬਾਉਣ ਲੱਗ ਪਏ ਹਨ। ਇਹ ਹੈ ਕਲਜੁਗ, ਜਿਸਦਾ ਕਰੂਪ ਚਿਹਰਾ ਅੱਜ ਅਸੀਂ ਆਪਣੇ ਵਿਹੜੇ ਵਿੱਚ, ਸਿੱਖੀ ਦੇ ਭੇਸ ਵਿੱਚ ਵੀ ਵੇਖ ਸਕਦੇ ਹਾਂ।

ਅੱਜ ਦੇ ਸਿਆਸੀ ਅਤੇ ਧਾਰਮਿਕ ਆਗੂਆਂ 'ਤੇ ਭ੍ਰਿਸ਼ਟਾਚਾਰ (Corruption) ਦੇ ਦੋਸ਼ ਹਨ, ਸਾਡੀਆਂ ਵੱਡੀਆਂ-ਵੱਡੀਆਂ ਧਾਰਮਿਕ ਸੰਸਥਾਵਾਂ ਕੁਰੱਪਸ਼ਨ ਦੇ ਅੱਡੇ ਬਣ ਗਈਆਂ ਹਨ। ਸਾਡੇ ਧਰਮ ਅਸਥਾਨਾਂ ਦੇ ਪ੍ਰਬੰਧਕਾਂ ਦੀ ਚੋਣ, ਸ਼ਰਾਬ ਦੀਆਂ ਪੇਟੀਆਂ ਵੰਡ ਕੇ ਧਰਮ ਤੋਂ ਕੋਰੇ ਕੇਵਲ ਸਿਆਸੀ ਲੋਕ ਕਰਦੇ ਹਨ ਅਤੇ ਉਹ ਸ਼ਰਾਬ ਦੀਆਂ ਪੇਟੀਆਂ ਵਿੱਚੋਂ ਜਨਮ ਲੈਣ ਵਾਲਾ ਪ੍ਰਬੰਧਕ ਸਾਡੇ ਧਾਰਮਿਕ ਆਗੂਆਂ ਤੇ ਮੁੱਖ-ਪ੍ਰਚਾਰਕਾਂ ਦੀ ਚੋਣ ਕਰਦਾ ਹੈ।

ਇਉਂ ਸਿਆਸੀ ਅਤੇ ਧਾਰਮਿਕ ਆਗੂ ਮਿਲ ਕੇ ਸਾਰੀ ਸ਼ਕਤੀ 'ਤੇ ਆਪਣੀ ਪਕੜ ਬਣਾਈ ਰੱਖਣ ਲਈ ਅਨੇਕਾਂ ਸਿਧਾਂਤ-ਹੀਨ ਫ਼ੈਸਲੇ ਕਰਦੇ ਹਨ ਅਤੇ ਸਿੱਖੀ ਵਿੱਚ ਨਵੇਂ ਵਿਵਾਦ ਪੈਦਾ ਕਰਦੇ ਹੋਏ ਕੌਮ ਨੂੰ ਸਿੱਖੀ ਤੋਂ ਨਿਰਾਸ਼ ਕਰ ਰਹੇ ਹਨ। ਜੇਕਰ ਕਿਸੇ ਵਕਤ, ਕਿਸੇ ਪਾਸਿਓਂ ਕੋਈ ਸਿਧਾਂਤਕ ਆਵਾਜ਼ ਉੱਠਦੀ ਹੈ ਤਾਂ ਉਸਨੂੰ ਸਿਆਸੀ ਅਤੇ ਧਾਰਮਿਕ ਪਦਵੀਆਂ 'ਤੇ ਬੈਠੇ ਹੋਏ ਲੋਕ ਮਿਲ ਕੇ ਆਪਣੀ ਸ਼ਕਤੀ ਨਾਲ ਦਬਾ ਦਿੰਦੇ ਹਨ।

ਕਾਜੀ ਹੋਇ ਕੈ ਬਹੈ ਨਿਆਇ॥
ਫੇਰੇ ਤਸਬੀ ਕਰੇ ਖੁਦਾਇ॥
ਵਢੀ ਲੈ ਕੈ ਹਕੁ ਗਵਾਏ॥
ਜੇ ਕੋ ਪੁਛੈ ਤਾ ਪੜਿ ਸੁਣਾਏ॥

(ਗੁ.ਗ੍ਰੰ.ਸਾ.ਪੰਨਾ 951)

ਬੀਤੇ ਕੁਝ ਦਹਾਕਿਆਂ ਤੋਂ 'ਸ਼ਕਲ ਮੋਮਨਾਂ ਦੀ, ਕੰਮ ਕਾਫ਼ਰਾਂ ਦੇ' ਵਾਂਗੂੰ ਦਾੜ੍ਹੀਆਂ ਪ੍ਰਕਾਸ਼ ਕਰ ਕੇ, ਨੀਲੀਆਂ ਪੱਗਾਂ, ਉੱਤੋਂ ਦੀ ਗਾਤਰਾ ਪਾ ਕੇ ਨਾਮ-ਧਰੀਕ ਕੁਝ ਅਕਾਲੀਆਂ ਦੀਆਂ ਕਾਲੀਆਂ ਕਰਤੂਤਾਂ ਲਗਾਤਾਰ ਪੰਥ ਦੇ ਪਵਿੱਤਰ ਨਾਮ 'ਤੇ ਇੱਕ ਕਾਲਾ ਧੱਬਾ ਬਣ ਰਹੀਆਂ ਹਨ। ਜਿਸਦੇ ਹੱਥ ਕੋਈ ਵੀ ਸੱਤਾ ਆਈ, ਉਸਨੇ ਸੱਤਾ ਦੇ ਨਸ਼ੇ ਵਿੱਚ ਸਿੱਖੀ ਦਾ ਹੀ ਨੁਕਸਾਨ ਕੀਤਾ। ਜਦੋਂ ਇਹ ਲੋਕ ਸੱਤਾ ਦੀ ਕੁਰਸੀ 'ਤੇ ਨਹੀਂ ਹੁੰਦੇ ਤਾਂ ਪੰਥ ਦੀ ਦੁਹਾਈ ਪਾਉਂਦੇ ਹਨ। ਜਦੋਂ ਇਹਨਾਂ ਹੱਥ ਸ਼ਕਤੀ ਆਉਂਦੀ ਹੈ ਤਾਂ ਪੰਥ ਦੀ ਜੜ੍ਹਾਂ 'ਚ ਤੇਲ ਦਿੰਦੇ ਹਨ। ਇਹਨਾਂ ਆਪੂੰ ਬਣੇ ਪੰਥ ਦੇ ਠੇਕੇਦਾਰਾਂ ਵੱਲੋਂ ਬੇ-ਰਹਿਮੀ ਨਾਲ ਪਰਜਾ ਦਾ ਖ਼ੂਨ ਨਿਚੋੜ ਕੇ ਜੋੜੇ ਹੋਏ ਕਾਰੂੰ ਖ਼ਜ਼ਾਨੇ ਅੱਜ ਬਾਹਰ ਆ ਰਹੇ ਹਨ। ਗੁਰੂ ਜੀ ਕਹਿੰਦੇ ਹਨ :

ਹਰਣਾਂ ਬਾਜਾਂ ਤੈ ਸਿਕਦਾਰਾਂ ਏਨਾ ਪੜ੍ਹਿਆ ਨਾਉ॥
ਫਾਂਧੀ ਲਗੀ ਜਾਤਿ ਫਹਾਇਨਿ ਅਗੈ ਨਾਹੀ ਥਾਉ॥
ਸੋ ਪੜਿਆ ਸੋ ਪੰਡਿਤੁ ਬੀਨਾ ਜਿਨ੍ਹੀ ਕਮਾਣਾ ਨਾਉ॥
ਪਹਿਲੋ ਦੇ ਜੜ ਅੰਦਰਿ ਜੰਮੈ ਤਾ ਉਪਰਿ ਹੋਵੈ ਛਾਂਉ॥
ਰਾਜੇ ਸੀਹ ਮੁਕਦਮ ਕੁਤੇ॥
ਜਾਇ ਜਗਾਇਨਿ੍ ਬੈਠੇ ਸੁਤੇ॥
ਚਾਕਰ ਨਹਦਾ ਪਾਇਨਿ੍ ਘਾਉ॥
ਰਤੁ ਪਿਤੁ ਕੁਤਿਹੋ ਚਟਿ ਜਾਹੁ॥
ਜਿਥੈ ਜੀਆਂ ਹੋਸੀ ਸਾਰ॥
ਨਕੀ ਵਢੀ ਲਾਇਤਬਾਰ॥੨॥

(ਗੁ.ਗ੍ਰੰ.ਸਾ.ਪੰਨਾ 1288)

ਸਤਿਗੁਰੂ ਕਹਿੰਦੇ ਹਨ, ਜਿਵੇਂ ਹਰਣਾ, ਬਾਜਾਂ ਦੀ ਆਦਤ ਹੁੰਦੀ ਹੈ ਤੇ ਫਾਹੀਵਾਲ ਲੋਕ ਇਹਨਾਂ ਨੂੰ ਪਾਲਤੂ ਬਣਾ ਕੇ ਜੰਗਲ ਵਿੱਚ ਛੱਡ ਦਿੰਦੇ ਹਨ। ਇਹ ਪਾਲਤੂ ਬਣ ਕੇ ਜੰਗਲ

ਜੇ ਸਿੱਖੀ ਅੰਦਰ ਹੋਵੇ ਤਾਂ ਵਿਵਹਾਰ ਵਿੱਚ ਬਾਹਰ ਆਵੇ


ਵਿੱਚ ਬੋਲਦੇ ਹਨ ਅਤੇ ਆਪਣੀ ਨਸਲ ਦੇ ਆਪਣੇ ਹੋਰ ਭਰਾਵਾਂ ਨੂੰ ਫਾਹੀ ਵਿੱਚ ਫਸਾ ਦਿੰਦੇ ਹਨ। ਇਹਨਾਂ ਕੁਝ ਪੜ੍ਹੇ-ਲਿਖੇ ਸਿਕਦਾਰਾਂ ਲੀਡਰਾਂ ਦੀ ਵੀ ਇਹੋ ਆਦਤ ਹੁੰਦੀ ਹੈ, ਸਿਕਦਾਰ ਬਣ ਕੇ ਆਪਣੇ ਹੀ ਭਰਾਵਾਂ ਦਾ ਖ਼ੂਨ ਪੀਂਦੇ ਅਤੇ ਐਕੜਾਂ ਵਿੱਚ ਫਸਾਉਂਦੇ ਹਨ।

ਗੁਰੂ ਜੀ ਕਹਿੰਦੇ ਹਨ, ਜੇ ਉਹ ਧਰਮੀ ਹੋਣ ਤਾਂ ਧਰਮ ਕਮਾਉਣ, ਜੇ ਸਿੱਖੀ ਅੰਦਰ ਹੋਵੇ ਤਾਂ ਵਿਵਹਾਰ ਵਿੱਚ ਬਾਹਰ ਆਵੇ। ਹੁਣ ਤਾਂ ਮਾਨੋ ਰਾਜੇ ਸ਼ੀਂਹ (ਸ਼ੇਰ) ਹਨ ਅਤੇ ਉਹਨਾਂ ਦੇ ਅਹਿਲਕਾਰ (Officer) ਕੁੱਤੇ ਹਨ। ਰਾਜੇ ਸ਼ੀਂਹ ਪਰਜਾ ਦਾ ਮਾਸ ਖਾ ਰਹੇ ਹਨ ਅਤੇ ਆੱਫ਼ੀਸਰ ਕੁੱਤੇ ਪਰਜਾ ਦਾ ਖ਼ੂਨ ਪੀ ਰਹੇ ਹਨ। ਜਦੋਂ ਸੱਚ ਦੀ ਕਚਿਹਰੀ ਵਿੱਚ ਇਹਨਾਂ ਲੋਕਾਂ ਦੀ ਖ਼ਬਰ (ਪਛਾਣ) ਹੋਵੇਗੀ ਤਾਂ ਇਹਨਾਂ ਦੇ ਨੱਕ ਵੱਢੇ ਜਾਣਗੇ, ਭਾਵ ਇਹਨਾਂ ਨੂੰ ਸ਼ਰਮਿੰਦਾ ਹੋਣਾ ਪਵੇਗਾ।

ਕਲਜੁਗ ਨੂੰ ਸਤਜੁਗ ਵਿੱਚ ਬਦਲਣ ਦੀ ਲੋੜ

ਆਓ ! ਇਸ ਘੋਰ ਕਲਜੁਗ ਨੂੰ ਸਤਜੁਗ ਵਿੱਚ ਬਦਲਣ ਲਈ ਗੁਰੂ ਅੱਗੇ ਅਰਦਾਸ ਕਰੀਏ। ਗੁਰੂ ਸਿੱਖੀ ਨੂੰ ਏਕਤਾ, ਸੁਮੱਤ ਅਤੇ ਗੁਰਮਤਿ ਗਿਆਨ ਬਖ਼ਸ਼ੇ ਤਾਂ ਕਿ ਅਸੀਂ ਚੇਤੰਨ ਪਛਾਣ ਨਾਲ ਗੁਰਮਤਿ ਦੇ ਧਾਰਨੀ ਯੋਗ ਆਗੂ ਨਿਸ਼ਚਿਤ ਕਰ ਸਕੀਏ। ਗੁਰਧਾਮਾਂ ਦੇ ਪ੍ਰਬੰਧ ਲਈ ਕਿਸੇ ਧੜੇ ਨੂੰ ਵੋਟ ਨਾ ਪਾਏ ਜਾਣ ਬਲਕਿ ਗੁਰਮਤਿ ਜੀਵਨ ਵਾਲੇ ਗੁਰਸਿੱਖ ਨੌਜਵਾਨਾਂ ਦੀ ਪੜ੍ਹੀ-ਲਿਖੀ ਪੀੜ੍ਹੀ ਨੂੰ ਅੱਗੇ ਲਿਆਂਦਾ ਜਾਵੇ, ਗੁਰਦੁਆਰਾ ਪ੍ਰਬੰਧ ਵਿੱਚ ਸੁਧਾਰ ਆਵੇ, ਸੱਤ ਦੇ ਘਰ ਗੁਰੂ-ਅਸਥਾਨਾਂ 'ਤੇ ਸੱਤ ਦਾ ਪਹਿਰਾ ਹੋਵੇ ਅਤੇ ਉੱਥੋਂ ਸਿੱਖ ਸੰਸਾਰ ਨੂੰ ਹਮੇਸ਼ਾ ਸੱਤ ਦਾ ਪ੍ਰਕਾਸ਼ ਮਿਲਦਾ ਰਹੇ, ਤਾਂ ਕਿ ਸਿੱਖ ਦੇ ਜੀਵਨ ਵਿੱਚ ਸਤਜੁਗ ਪ੍ਰਵੇਸ਼ ਕਰੇ।

ੴ


ਏਤੁ ਰਾਹਿ
ਪ੍ਰੋ. ਦਰਸ਼ਨ ਸਿੰਘ ਖ਼ਾਲਸਾ

☬

ਕੀ ਸਿੱਖ ਨੇ
ਜੋਗੀਆਂ ਦੇ ਹੱਠ ਜੋਗ ਨੂੰ
ਗ੍ਰਹਿਣ ਕਰਨਾ ਹੈ
ਜਾਂ
ਗੁਰੂ ਦੀ ਮਤ ਨੂੰ
ਗ੍ਰਹਿਣ ਕਰਨਾ ਹੈ ?

☬

ਕੀ ਗੁਰੂ ਨਾਨਕ ਨੇ
ਆਪਣਾ ਕੋਈ ਨਿਰਾਲਾ ਮਤ
ਪ੍ਰਗਟ ਕੀਤਾ ?

☬

ਜੋਗ

ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।
ਚੜਿਆ ਸੋਧਣਿ ਧਰਤ ਲੁਕਾਈ।। ੨੪।।

(ਵਾਰ 1, ਭਾਈ ਗੁਰਦਾਸ ਜੀ)

ਗੁਰੂ ਨਾਨਕ ਜੀ ਨੇ ਵੇਖਿਆ ਕਿ ਸੰਸਾਰ ਦੀ ਮਨੁੱਖਤਾ, ਧਰਮ ਦੇ ਨਾਂ ਹੇਠ ਭਰਮ-ਜਾਲ ਵਿੱਚ ਫੱਸ ਕੇ, ਆਤਮਿਕ ਸੁੱਖ ਵਿਹੂਣੇ ਇਹਨਾਂ ਭਰਮਾਂ ਵਿੱਚੋਂ ਹੀ ਸੁੱਖ ਲੱਭਦੀ ਜੀਵਨ ਬੇਅਰਥ ਗੁਆ ਰਹੀ ਹੈ। ਮਨੁੱਖਤਾ ਵਿੱਚ ਆਤਮਿਕ ਸੁੱਖ ਦੀ ਲਾਲਸਾ ਵੇਖ ਕੇ, ਇਸ ਦੀ ਲੋੜ ਦਾ ਫ਼ਾਇਦਾ ਉਠਾਉਂਦਿਆਂ ਕੁਝ ਲੋਕਾਂ ਨੇ ਐਸੇ ਕੇਂਦਰ ਕਾਇਮ ਕਰ ਲਏ ਹਨ ਕਿ ਇਸੇ ਟਿਕਾਣੇ ਤੋਂ ਹੀ ਆਤਮਕ ਸੁੱਖ ਦਾ ਚਸ਼ਮਾ ਫੁੱਟਿਆ ਹੈ ਅਤੇ ਇਸ ਲਈ ਆਤਸ਼ ਦੁਨੀਆ ਦਾ ਆਪਣੀ ਤਪਤ ਬੁਝਾਉਣ ਲਈ ਇੱਥੇ ਆਉਣਾ ਜ਼ਰੂਰੀ ਹੈ। ਬਸ ! ਇੱਕ ਨਵੇਂ ਭਰਮ ਨੇ ਜਨਮ ਲੈ ਲਿਆ। ਇਉਂ ਕਿਸੇ ਨੇ ਕੋਈ ਕੇਂਦਰ ਅਪਣਾ ਲਿਆ ਅਤੇ ਕੋਈ ਕਿਸੇ ਦੂਜੇ ਕੇਂਦਰ ਨਾਲ ਜੁੜ ਗਿਆ।

ਇਹਨਾਂ ਵਿੱਚੋਂ ਹੀ ਇੱਕ ਤਪ ਤੇ ਹੱਠ ਯੋਗ ਨਾਲ ਪ੍ਰਾਪਤ ਕੀਤੇ ਤੰਤ੍ਰਾਂ-ਮੰਤ੍ਰਾਂ ਦੀ ਸਿੱਧੀ ਨਾਲ ਕਰਾਮਾਤੀ ਕਰਿਸ਼ਮੇ ਦਿਖਾ ਕੇ ਜੋਗੀਆਂ ਦਾ ਮਤ ਲੋਕਾਂ ਵਿੱਚ ਇੱਕ ਵੱਡਾ ਕੇਂਦਰ ਬਣ ਰਿਹਾ ਸੀ। ਜੋਗ ਮਤ ਦੀਆਂ ਅੱਗੇ ਫਿਰ ਕਈ ਸ਼ਾਖਾਵਾਂ ਸਨ। ਅਯਾਲੀ ਦੇ

ਆਪਣੀਆਂ ਭੇਡਾਂ ਨੂੰ ਰੰਗ ਕਰਨ ਵਾਂਗੂੰ ਕਿ ਕਿਸੇ ਦੂਜੇ ਅਯਾਲੀ ਦੀਆਂ ਭੇਡਾਂ ਨਾਲ ਨਾ ਮਿਲ ਜਾਣ, ਹਰ ਕੇਂਦਰ ਵਾਲਿਆਂ ਨੇ ਵੀ ਆਪਣੇ ਨਾਲ ਜੁੜੇ ਲੋਕਾਂ ਨੂੰ ਇੱਕ ਵੱਖਰੀ ਦਿਸ਼ਾ, ਮਤ ਅਤੇ ਨਾਮ ਦੇ ਦਿੱਤਾ। ਬਸ ! ਇੱਥੋਂ ਹੀ ਇੱਕ ਨਵਾਂ ਦੁਖਾਂਤ ਸ਼ੁਰੂ ਹੋਇਆ।

ਇੱਕ ਨਵੇਂ ਦੁਖਾਂਤ ਦੀ ਸ਼ੁਰੂਆਤ

ਭਾਈ ਗੁਰਦਾਸ ਜੀ ਨੇ ਇਸ ਤੋਂ ਪੈਦਾ ਹੋਏ ਹਾਲਾਤ ਨੂੰ ਸਪਸ਼ਟ ਲਿਖਿਆ ਹੈ :

ਭਈ ਗਿਲਾਨਿ ਜਗਤ ਵਿਚਿ ਚਾਰਿ ਵਰਨ ਆਸ੍ਰਮ ਉਪਾਏ।
ਦਸ ਨਾਮਿ ਸੰਨਿਆਸੀਆ ਜੋਗੀ ਬਾਰਹ ਪੰਥਿ ਚਲਾਏ।
ਜੰਗਮ ਅਤੇ ਸਰੇਵੜੇ ਦਗੇ ਦਿਗੰਬਰਿ ਵਾਦਿ ਕਰਾਏ।
ਬ੍ਰਹਮਣਿ ਬਹੁ ਪਰਕਾਰਿ ਕਰਿ ਸਾਸਤ੍ਰਿ ਵੇਦ ਪੁਰਾਣਿ ਲੜਾਏ।
ਖਟਿ ਦਰਸਨ ਬਹੁ ਵੈਰਿ ਕਰਿ ਨਾਲਿ ਛਤੀਸਿ ਪਖੰਡ ਰਲਾਏ।
ਤੰਤ ਮੰਤ ਰਾਸਾਇਣਾ ਕਰਾਮਾਤਿ ਕਾਲਖਿ ਲਪਟਾਏ।
ਇਕਸਿ ਤੇ ਬਹੁ ਰੂਪਿ ਕਰਿ ਰੂਪ ਕੁਰੂਪੀ ਘਣੇ ਦਿਖਾਏ।
ਕਲਿਜੁਗਿ ਅੰਦਰਿ ਭਰਮਿ ਭੁਲਾਏ।। ੧੯।।

(ਵਾਰ 1)

ਗੁਰੂ ਨਾਨਕ ਜੀ ਜਦੋਂ ਧਰਤ ਲੋਕਾਈ ਦੇ ਸੁਧਾਰ ਲਈ ਅਤੇ ਧਰਮ ਨੂੰ ਭਰਮ ਮੁਕਤ ਕਰਨ ਲਈ ਘਰੋਂ ਨਿਕਲੇ ਤਾਂ ਜਿੱਥੇ ਹਰਿਦੁਆਰ, ਕੁਰਕਸ਼ੇਤਰ, ਬਨਾਰਸ, ਜਗੰਨਾਥ ਪੁਰੀ ਆਦਿ ਅਤੇ ਮੱਕੇ-ਕਾਬੇ ਤਕ ਗਏ, ਉੱਥੇ ਜੋਗੀਆਂ ਦੇ ਕੇਂਦਰੀ ਟਿਕਾਣਿਆਂ 'ਤੇ ਸੁਮੇਰ ਪਰਬੱਤ ਆਦਿ ਵੀ ਪੁੱਜੇ। ਜੋਗੀਆਂ ਨਾਲ ਮੁੱਢਲੀ ਜਾਣ-ਪਛਾਣ ਹੋਈ। ਤਨ ਕਰਕੇ ਗੁਰੂ ਨਾਨਕ ਜੀ ਜੋਗੀਆਂ ਨਾਲੋਂ ਬਹੁਤ ਛੋਟੀ ਉਮਰ ਦੇ ਸਨ, ਇਸ ਲਈ ਪਹਿਲੇ ਮੇਲ ਸਮੇਂ ਜੋਗੀ ਗੁਰੂ ਜੀ ਨੂੰ ਬਾਲਿਆ, ਭਾਵ ਬਾਲਕ ਆਖ ਕੇ ਸੰਬੋਧਨ ਕਰਦੇ ਹਨ ਅਤੇ ਆਖਦੇ ਹਨ, ਬਾਲਿਆ ! ਅਸੀਂ ਹੈਰਾਨ ਹਾਂ ਕਿ ਕਿਹੜੀ ਸ਼ਕਤੀ ਨੇ ਤੈਨੂੰ ਇੱਥੇ ਪਹੁੰਚਾਇਆ ਹੈ ? ਗੁਰੂ ਜੀ ਨੇ ਆਖਿਆ, ਨਾਥ ਜੀ ! ਪ੍ਰਭੂ ਦੇ ਨਾਮ ਵਿੱਚ ਜੁੜਿਆ ਧਿਆਨ ਹੀ ਮੇਰੀ ਸ਼ਕਤੀ ਹੈ ਜਿਸ ਨਾਲ ਮੈਂ ਇੱਥੇ ਪੁੱਜਿਆ ਹਾਂ। ਭਾਈ ਗੁਰਦਾਸ ਜੀ ਲਿਖਦੇ ਹਨ :

ਬਾਬੇ ਡਿਠੀ ਪਿਰਥਮੀ ਨਵੇ ਖੰਡਿ ਜਿਥੇ ਤਕਿ ਆਹੀ।
ਫਿਰਿ ਜਾਇ ਚੜ੍ਹਿਆ ਸੁਮੇਰ ਪਰ, ਸਿਧ ਮੰਡਲੀ ਦ੍ਰਿਸਟੀ ਆਈ।
ਚਉਰਾਸੀਹ ਸਿਧ ਗੋਰਖਾਦਿ, ਮਨਿ ਅੰਦਰਿ ਗਣਤੀ ਵਰਤਾਈ।
ਸਿਧ ਪੁਛਣਿ ਸੁਣ ਬਾਲਿਆ ! ਕਉਣੁ ਸਕਤਿ ਤੁਹਿ ਏਥੇ ਲਿਆਈ।
ਹਉ ਜਪਿਆ ਪਰਮੇਸਰੋ, ਭਾਉ ਭਗਤਿ ਸੰਗਿ ਤਾੜੀ ਲਾਈ।
ਆਖਣਿ ਸਿਧ ਸੁਣਿ ਬਾਲਿਆ ! ਅਪਣਾ ਨਾਉ ਤੁਮ ਦੇਹੁ ਬਤਾਈ ?
ਬਾਬਾ ਆਖੇ ਨਾਥ ਜੀ ! ਨਾਨਕ ਨਾਮ ਜਪੇ ਗਤਿ ਪਾਈ।
ਨੀਚੁ ਕਹਾਇ ਊਚ ਘਰਿ ਆਈ।। ੨੮।।

(ਵਾਰ 1)

ਬਸ ! ਪਹਿਲੀ ਮਿਲਣੀ ਅਤੇ ਵਿਚਾਰ-ਵਟਾਂਦਰੇ ਵਿੱਚ ਹੀ ਸਿੱਧ ਸਮਝ ਗਏ ਕਿ ਸੰਸਾਰ ਦੇ ਉਧਾਰ ਲਈ ਹੀ ਨਾਨਕ ਨੇ ਅਵਤਾਰ ਲਿਆ ਹੈ, ਇਹ ਮਹਾਨ ਸ਼ਕਤੀਸ਼ਾਲੀ ਪੁਰਖ ਹੈ। ਹਰ ਪਾਸਿਓਂ ਸਭ ਲੋਕ ਇਸ ਅੱਗੇ ਸਿਰ ਝੁਕਾਉਂਦੇ ਹਨ ਤੇ ਇਹ ਸੰਸਾਰ ਦੇ ਧੁਰ ਅੰਦਰ ਦੇ ਦੁਖਾਂ ਨੂੰ ਪਛਾਣਦਾ ਹੈ।

ਫਿਰ ਪੁਛਣਿ ਸਿਧ ਨਾਨਕਾ ! ਮਾਤ ਲੋਕ ਵਿਚਿ ਕਿਆ ਵਰਤਾਰਾ ?
ਸਭ ਸਿਧੀ ਇਹ ਬੁਝਿਆ ਕਲਿ ਤਾਰਣਿ ਨਾਨਕ ਅਵਤਾਰਾ।

(ਵਾਰ 1, ਪਉੜੀ 29)

ਜੋਗੀਆਂ ਨੇ ਘਰ-ਬਾਰ, ਪਰਿਵਾਰ ਤਾਂ ਛੱਡਿਆ ਪਰ ਅੰਦਰ ਦੇ ਹਉਮੈਂ-ਅਹੰਕਾਰ ਦਾ ਤਿਆਗ ਨਾ ਹੋਇਆ।

ਕਬੀਰ ਮਾਇਆ ਤਜੀ ਤ ਕਿਆ ਭਇਆ ਜਉ ਮਾਨੁ ਤਜਿਆ ਨਹੀ ਜਾਇ॥
ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ॥

(ਗੁ.ਗ੍ਰੰ.ਸਾ.ਪੰਨਾ 1372)

'ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤ੍ਰਿ ਕਉ ਪਾਰਿ ਉਤਾਰਾ' ਦੇ ਬਚਨ ਅਨੁਸਾਰ ਜੋਗੀ ਆਪਣੇ-ਆਪ ਦੇ ਬਚਾਅ ਲਈ ਸੰਸਾਰ ਤਾਂ ਛੱਡ ਆਏ, ਪਰ ਸੰਸਾਰ ਦੇ ਲੋਕਾਂ ਵਿੱਚ ਆਪਣੀ ਸ਼ਕਤੀ ਅਤੇ ਵਡਿਆਈ ਦੀਆਂ ਧੁੰਮਾਂ ਪਾਈ ਰੱਖਣ ਦੀ ਅਹੰਕਾਰ ਬਿਰਤੀ ਨਾ ਖ਼ਤਮ ਹੋਈ। ਇਸ ਖ਼ਿਆਲ ਨਾਲ ਸਿਧ ਨਾਥ ਜੋਗੀ ਇਕੱਠੇ ਹੋਏ ਅਤੇ ਸੋਚਣ ਲੱਗੇ ਕਿ ਕਲਜੁਗ ਵਿੱਚ ਨਾਨਕ ਇੱਕ ਵੱਡਾ ਪੁਰਖ ਪ੍ਰਗਟਿਆ ਹੈ, ਸਭ ਲੋਕ ਇਸ ਅੱਗੇ ਝੁੱਕਦੇ ਹਨ ਅਤੇ ਜੇਕਰ ਅਸੀਂ ਆਪਣੀਆਂ ਕਰਾਮਾਤੀ ਸ਼ਕਤੀਆਂ ਦੇ ਪ੍ਰਭਾਵ ਨਾਲ ਇਸ ਨੂੰ ਆਪਣੇ ਜੋਗ ਮਤ ਵਿੱਚ ਲੈ ਆਈਏ, ਨਾਨਕ ਜੋਗੀ ਬਣ ਜਾਵੇ ਤਾਂ ਸਾਰਾ ਸੰਸਾਰ ਸਾਡੇ ਜੋਗ ਮਤ ਅੱਗੇ ਝੁੱਕ ਜਾਵੇਗਾ।

ਗੁਰੂ ਨਾਨਕ ਕੋਲ ਕਿਹੜੀ ਸ਼ਕਤੀ ਸੀ ?

ਬਸ ! ਇੱਥੋਂ ਹੁਣ ਕੁਝ ਸੁਆਲ ਉੱਠਦੇ ਹਨ :

* ਕੀ ਗੁਰੂ ਨਾਨਕ ਨੇ ਜੋਗੀਆਂ ਦੇ ਕਿਸੇ ਕਰਾਮਾਤੀ ਕ੍ਰਿਸ਼ਮੇ ਦੇ ਪ੍ਰਭਾਵ ਹੇਠ ਹੱਠ ਜੋਗ ਨੂੰ ਪ੍ਰਵਾਨ ਕੀਤਾ ?
* ਗੁਰੂ ਨਾਨਕ ਕੋਲ ਕਿਹੜੀ ਸ਼ਕਤੀ ਸੀ ਜਿਸ ਅੱਗੇ ਸਿੱਧ ਹਾਰ ਗਏ ?
* ਕੀ ਗੁਰੂ ਨਾਨਕ ਨੇ ਆਪਣਾ ਕੋਈ ਨਿਰਾਲਾ ਮਤ ਪ੍ਰਗਟ ਕੀਤਾ ?
* ਕੀ ਸਿੱਖ ਨੇ ਜੋਗੀਆਂ ਦੇ ਹੱਠ ਜੋਗ ਨੂੰ ਗ੍ਰਹਿਣ ਕਰਨਾ ਹੈ ਜਾਂ ਗੁਰੂ ਦੇ ਮਤ ਨੂੰ ਗ੍ਰਹਿਣ ਕਰਨਾ ਹੈ ?

ਸਿਧੀ ਮਨੇ ਬੀਚਾਰਿਆ, ਕਿਵੈ ਦਰਸਨ ਏ ਲੇਵੈ ਬਾਲਾ।
ਐਸਾ ਜੋਗੀ ਕਲੀ ਮਹਿ, ਹਮਰੇ ਪੰਥ ਕਰੇ ਉਜਿਆਲਾ।
ਖਪਰ ਦਿਤਾ ਨਾਥ ਜੀ ਪਾਣੀ ਭਰਿ ਲੈਵਣਿ ਉਠਿ ਚਾਲਾ।
ਬਾਬਾ ਆਇਆ ਪਾਣੀਐ ਡਿਠੇ ਰਤਨ ਜਵਾਹਰ ਲਾਲਾ।

ਸਤਿਗੁਰ ਅਗਮ ਅਗਾਧਿ ਪੁਰਖੁ, ਕੇਹੜਾ ਝਲੇ ਗੁਰੂ ਦੀ ਝਾਲਾ।
ਫਿਰ ਆਇਆ ਗੁਰ : ਨਾਥ ਜੀ ਪਾਣੀ ਠਉੜ ਨਹੀ ਉਸਿ ਤਾਲਾ।।
ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਅਪਨਾ ਪੰਥੁ ਨਿਰਾਲਾ।
ਕਲਜੁਗਿ ਨਾਨਕ ਨਾਮੁ ਸੁਖਾਲਾ।। ੩੧।।

(ਵਾਰ 1, ਭਾਈ ਗੁਰਦਾਸ ਜੀ)

ਸਤਿਗੁਰ ਅਗਮ ਅਗਾਧਿ ਪੁਰਖੁ

ਇਉਂ ਜੋਗੀ, ਗੁਰੂ ਨਾਨਕ ਨੂੰ ਆਪਣੇ ਜੋਗ ਮਤ ਵਿੱਚ ਲੈ ਆਉਣ ਦੇ ਖ਼ਿਆਲ ਨਾਲ ਇਕੱਠੇ ਹੋ ਕੇ ਗੁਰੂ ਜੀ ਪਾਸ ਆਉਂਦੇ ਹਨ ਅਤੇ ਥੋੜੀ ਦੇਰ ਬਚਨ-ਬਿਲਾਸ ਕਰਨ ਤੋਂ ਬਾਅਦ ਜੋਗੀ ਭੰਗਰਨਾਥ ਆਪਣਾ ਲੋਟਾ (ਚਿੱਪੀ) ਗੁਰੂ ਨਾਨਕ ਨੂੰ ਦੇ ਕੇ ਆਖਦਾ ਹੈ, ਨਾਨਕ ! ਇੱਥੇ ਨਜ਼ਦੀਕ ਇੱਕ ਪਾਣੀ ਦਾ ਤਲਾਅ ਹੈ, ਉੱਥੋਂ ਪਾਣੀ ਲੈ ਆਓ। ਗੁਰੂ ਨਾਨਕ ਜੋਗੀ ਕੋਲੋਂ ਖੱਪਰ ਚਿੱਪੀ ਲੈ ਲੈਂਦੇ ਹਨ ਅਤੇ ਦੱਸੇ ਹੋਏ ਟਿਕਾਣੇ ਵੱਲ ਪਾਣੀ ਲੈਣ ਚਲ ਪੈਂਦੇ ਹਨ। ਉੱਥੇ ਜਾ ਕੇ ਵੇਖਦੇ ਹਨ ਕਿ ਪਾਣੀ ਦੀ ਥਾਵੇਂ ਹਰ ਪਾਸੇ ਕੀਮਤੀ ਹੀਰੇ-ਲਾਲ, ਰਤਨ-ਜਵਾਹਰਾਂ ਦੇ ਢੇਰ ਲੱਗੇ ਹੋਏ ਹਨ। ਇਹ ਕ੍ਰਿਸ਼ਮਾ ਸਿੱਧਾਂ ਨੇ ਇਸ ਲਈ ਵਰਤਾਇਆ ਸੀ ਕਿ ਗ੍ਰਿਸਤੀਆਂ ਨੂੰ ਮਾਇਆ ਦੀ ਲੋੜ ਹੁੰਦੀ ਹੈ ਅਤੇ ਨਾਨਕ ਗ੍ਰਿਸਤੀ ਹਨ। ਇਹ ਧਨ-ਦੌਲਤ, ਹੀਰੇ-ਲਾਲ ਜਵਾਹਰਾਤ ਦੇ ਅੰਬਾਰ ਵੇਖ ਕੇ ਹੈਰਾਨ ਹੋਵੇਗਾ ਅਤੇ ਵਾਪਸ ਆ ਕੇ ਪੁੱਛੇਗਾ ਕਿ ਇਹ ਕਿਸ ਦੇ ਹਨ ? ਤਾਂ ਅਸੀਂ ਆਖਾਂਗੇ ਕਿ ਇਹ ਸਭ ਸਾਡੇ ਜੋਗ ਦੀ ਕਰਾਮਾਤ ਹੈ। ਫਿਰ ਨਾਨਕ ਆਖੇਗਾ ਕਿ ਐਸੀ ਕਰਾਮਾਤ ਦਾ ਤਰੀਕਾ ਮੈਨੂੰ ਵੀ ਦੇ ਦਿਓ। ਤਾਂ ਅਸੀਂ ਆਖਾਂਗੇ ਕਿ ਜੋਗ ਮਤ ਵਿੱਚ ਆ ਕੇ ਹੀ ਇਹ ਕਰਾਮਾਤ ਮਿਲਦੀ ਹੈ। ਇਉਂ ਨਾਨਕ ਜੋਗੀ ਬਣ ਜਾਵੇਗਾ।

'ਸਤਿਗੁਰ ਅਗਮ ਅਗਾਧਿ ਪੁਰਖੁ', ਹੀਰੇ-ਲਾਲਾਂ ਦੇ ਢੇਰ ਨੂੰ ਵੇਖ ਕੇ ਜੋਗੀਆਂ ਦੀ ਇਸ ਖੇਡ 'ਤੇ ਹੱਸ ਪਏ। ਖਾਲੀ ਚਿੱਪੀ ਲੈ ਕੇ ਵਾਪਸ ਆ ਗਏ ਅਤੇ ਕਹਿਣ ਲੱਗੇ, ਨਾਥ ਜੀ ! ਉਸ ਤਲਾਅ ਵਿੱਚ ਤਾਂ ਪਾਣੀ ਹੀ ਕੋਈ ਨਹੀਂ। ਗੁਰੂ ਜੀ ਨੇ ਹੀਰੇ-ਲਾਲਾਂ ਦੀ ਗੱਲ ਹੀ ਨਾ ਕੀਤੀ, ਜਿਵੇਂ ਵੇਖੇ ਹੀ ਨਾ ਹੋਣ। ਜੋਗੀ ਹੈਰਾਨ ਸਨ ਕਿ ਨਾਨਕ 'ਤੇ ਕੀਮਤੀ ਦੌਲਤ ਦਾ ਕੋਈ ਅਸਰ ਹੀ ਨਹੀਂ ਹੋਇਆ। ਅਖੀਰ ਸਿੱਧਾਂ ਨੇ ਆਪੇ ਹੀ ਆਖਿਆ, ਹੇ ਨਾਨਕ ! ਤੂੰ ਉਸ ਤਲਾਅ 'ਤੇ ਸਾਡੇ ਜੋਗ ਦੀ ਸ਼ਕਤੀ ਨਾਲ ਹੀਰੇ-ਜਵਾਹਰਾਂ ਦੇ ਢੇਰ ਲੱਗੇ ਹੋਏ ਵੇਖੇ ਅਤੇ ਜੇ ਤੂੰ ਐਸੀਆਂ ਸ਼ਕਤੀਆਂ ਚਾਹੁੰਦਾ ਹੈ ਤਾਂ ਜੋਗ ਮਤ ਵਿੱਚ ਆ ਕੇ ਜੋਗੀ ਬਣ ਜਾ।

ਗੁਰੂ ਜੀ ਨੇ ਮਰਦਾਨੇ ਨੂੰ ਆਖਿਆ, ਮਰਦਾਨਿਆ ! ਰਬਾਬ ਛੇੜ। ਤਾਂ ਮਰਦਾਨੇ ਨੇ ਰਬਾਬ ਵਜਾਈ ਤੇ ਗੁਰੂ ਨਾਨਕ ਜੀ ਸ਼ਬਦ ਗਾਉਣ ਲੱਗੇ :

ਨਦੀਆ ਹੋਵਹਿ ਧੇਣਵਾ ਸੁੰਮ ਹੋਵਹਿ ਦੁਧੁ ਘੀਉ।।
ਸਗਲੀ ਧਰਤੀ ਸਕਰ ਹੋਵੈ ਖੁਸੀ ਕਰੇ ਨਿਤ ਜੀਉ।।
ਪਰਬਤ ਸੁਇਨਾ ਰੁਪਾ ਹੋਵੈ ਹੀਰੇ ਲਾਲ ਜੜਾਉ।।

ਭੀ ਤੂੰਹੈ ਸਾਲਾਹਣਾ ਆਖਣ ਲਹੈ ਨ ਚਾਉ॥ ੧॥

(ਗੁ.ਗ੍ਰੰ.ਸਾ.ਪੰਨਾ 141)

ਸਾਰੀਆਂ ਨਦੀਆਂ ਗਊਆਂ ਬਣ ਜਾਣ, ਦੁੱਧ-ਘਿਉ ਦੇ ਚਸ਼ਮੇ ਵੱਗਣ, ਸਾਰੀ ਧਰਤੀ ਦੀ ਮਿੱਟੀ ਮਠਿਆਈ-ਸ਼ੱਕਰ ਬਣ ਜਾਵੇ, ਜੀਵ ਕੋਲ ਹਰ ਪਾਸੇ ਖ਼ੁਸ਼ੀਆਂ ਹੀ ਖ਼ੁਸ਼ੀਆਂ ਹੋਣ, ਸਾਰੇ ਪਹਾੜ ਸੋਨੇ-ਚਾਂਦੀ ਦੇ ਹੋਣ, ਉਹਨਾਂ ਵਿੱਚ ਹੀਰੇ-ਲਾਲ ਜੜ ਜਾਣ ਤਾਂ ਵੀ ਇਹ ਪਦਾਰਥ ਭਰਮਾ ਨਹੀਂ ਸਕਦੇ ਕਿਉਂਕਿ ਮੈਨੂੰ ਤਾਂ ਹੇ ਪ੍ਰਭੂ ! ਤੇਰੀ ਸਿਫ਼ਤ-ਸਲਾਹ ਦਾ ਹੀ ਚਾਉ ਲੱਗਾ ਰਹਿੰਦਾ ਹੈ।

ਸਿੱਧਾਂ ਨੇ ਗੁਰੂ ਸ਼ਬਦ ਵਿੱਚੋਂ ਗੁਰੂ ਨਾਨਕ ਦੀ ਅਵਸਥਾ ਨੂੰ ਸਮਝ ਲਿਆ। ਪਰ ਫਿਰ ਵੀ ਆਖਣ ਲੱਗੇ, ਹੇ ਨਾਨਕ ! ਜੋਗ ਮਤ ਹੀ ਪਰਮੇਸਰ ਦੀ ਪ੍ਰਾਪਤੀ ਦਾ ਇਕੋ-ਇੱਕ ਰਸਤਾ ਹੈ।

ਜੋਗੀ ਕਹਹਿ ਜੋਗੁ ਭਲ ਮੀਠਾ ਅਵਰੁ ਨ ਦੂਜਾ ਭਾਈ॥
ਰੁੰਡਿਤ ਮੁੰਡਿਤ ਏਕੈ ਸਬਦੀ ਏਇ ਕਹਹਿ ਸਿਧਿ ਪਾਈ॥

(ਗੁ.ਗ੍ਰੰ.ਸਾ.ਪੰਨਾ 334)

ਗੁਰੂ ਜੀ ਨੇ ਆਖਿਆ, ਸਿੱਧੋ ! 'ਮੈ ਬੈਰਾਗੀ ਜੋਗੀ' ਹਾਂ। ਪਰ ਮੈਨੂੰ ਤੁਹਾਡਾ ਜੋਗ ਮਤ ਪ੍ਰਵਾਨ ਨਹੀਂ, ਮੈਨੂੰ ਅਕਾਲ ਪੁਰਖ ਨੇ ਵੱਖਰਾ ਜੋਗ ਮਤ (ਪੰਥ) ਸਮਝਾਇਆ ਹੈ। ਮੈਂ ਉਸੇ ਹੀ ਨਿਰਾਲੇ ਪੰਥ ਦੇ ਪ੍ਰਚਾਰ ਲਈ ਆਇਆ ਹਾਂ। ਸਿੱਧੋ ! ਤੁਹਾਡਾ ਹੱਠ ਜੋਗ ਹੈ :

ਹੱਠ ਜੋਗ ਦੀ ਲੋੜ ਨਹੀਂ

ਅਨਿਕ ਬਰਖ ਕੀਏ ਜਪ ਤਾਪਾ॥
ਗਵਨੁ ਕੀਆ ਧਰਤੀ ਭਰਮਾਤਾ॥
ਇਕੁ ਖਿਨੁ ਹਿਰਦੈ ਸਾਂਤਿ ਨ ਆਵੈ ਜੋਗੀ ਬਹੁੜਿ ਬਹੁੜਿ ਉਠਿ ਧਾਵੈ ਜੀਉ॥

(ਗੁ.ਗ੍ਰੰ.ਸਾ.ਪੰਨਾ 98)

ਬਹੁ ਤੀਰਥ ਭਵਿਆ॥ ਤੇਤੋ ਲਵਿਆ॥
ਬਹੁ ਭੇਖ ਕੀਆ ਦੇਹੀ ਦੁਖ ਦੀਆ॥
ਸਹੁ ਵੇ ਜੀਆ ਅਪਣਾ ਕੀਆ॥
ਅੰਨੁ ਨ ਖਾਇਆ ਸਾਦੁ ਗਵਾਇਆ॥
ਬਹੁ ਦੁਖੁ ਪਾਇਆ ਦੂਜਾ ਭਾਇਆ॥
ਬਸਤ੍ਰ ਨ ਪਹਿਰੈ॥ ਅਹਿਨਿਸਿ ਕਹਰੈ॥
ਮੋਨਿ ਵਿਗੂਤਾ॥ ਕਿਉ ਜਾਗੈ ਗੁਰ ਬਿਨੁ ਸੂਤਾ॥
ਪਗ ਉਪੇਤਾਣਾ॥ ਅਪਣਾ ਕੀਆ ਕਮਾਣਾ॥
ਅਲੁ ਮਲੁ ਖਾਈ ਸਿਰਿ ਛਾਈ ਪਾਈ॥ ਮੂਰਖਿ ਅੰਧੈ ਪਤਿ ਗਵਾਈ॥
ਵਿਣੁ ਨਾਵੈ ਕਿਛੁ ਥਾਇ ਨ ਪਾਈ॥

(ਗੁ.ਗ੍ਰੰ.ਸਾ.ਪੰਨਾ 467)

ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ॥
ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ॥

(ਗੁ.ਗ੍ਰੰ.ਸਾ.ਪੰਨਾ 642)

ਗਲੀ ਜੋਗੁ ਨ ਹੋਈ

ਇਸ ਲਈ ਸਿੱਧੋ ! ਮੈਨੂੰ ਤੁਹਾਡੇ ਹੱਠ ਜੋਗ ਦੀ ਲੋੜ ਨਹੀਂ ਹੈ, ਤੁਸੀਂ ਮੇਰੇ ਸਹਿਜ ਜੋਗ ਦਾ ਮਤ ਸੁਣੋ :

ਜੋਗੁ ਨਾ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮੁ ਚੜਾਈਐ॥
ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥ ੧॥
ਗਲੀ ਜੋਗੁ ਨ ਹੋਈ॥
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ॥ ੧॥ ਰਹਾਉ॥
ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ॥
ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥ ੨॥
ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ॥
ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥ ੩॥
ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ॥
ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦੁ ਪਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਤਉ ਪਾਈਐ॥ ੪॥ ੧॥ ੮॥

(ਗੁ.ਗ੍ਰੰ.ਸਾ.ਪੰਨਾ 730)

ਸੁਰਤਿ ਨਿੱਜ-ਘਰ ਦਾ ਦਰਵਾਜ਼ਾ ਹੈ

ਸਿੱਧੋ ! ਤੁਸੀਂ ਵੀ ਯੋਗ-ਆਸਣਾਂ ਵਿੱਚ ਪਵਨ ਦਾ ਸਹਾਰਾ ਲੈਂਦੇ ਹੋ, ਸੁਆਸਾਂ ਦੀ ਪਵਨ ਨੂੰ ਹੱਠੀ ਕਿਰਿਆ ਰਾਹੀਂ ਤੋਰ ਕੇ ਸਰੀਰ ਦੇ ਕਈ ਹਿੱਸਿਆਂ - ਨਾਭੀ, ਕੁੰਡਲਨੀ, ਇੜਾ-ਪਿੰਗਲਾ-ਸੁਖਮਨਾ ਦੀ ਤ੍ਰਿਬੇਣੀ ਵਿੱਚੋਂ ਲੰਘਾ ਕੇ ਮਸਤਕ ਦੇ ਦਸਵੇਂ ਦੁਆਰ ਵਿੱਚ ਟਿਕਾਉਂਦੇ ਹੋ, ਇਹ ਤੁਹਾਡੇ ਜੋਗ ਦੀ ਮੰਜ਼ਿਲ ਹੈ। ਵੇਖੋ ! ਮੇਰੇ ਜੋਗ ਦੇ ਸਫ਼ਰ ਵਿੱਚ ਵੀ ਮੇਰੇ ਕੋਲ 'ਪਵਨ ਗੁਰੂ' ਸ਼ਬਦ ਰੂਪ ਵਿੱਚ ਹੈ ਕਿਉਂਕਿ ਸ਼ਬਦ ਦੀ ਉੱਤਪਤੀ ਪਵਨ ਤੋਂ ਹੈ ਅਤੇ ਸਰੀਰ ਕਰਮ ਧਰਤੀ (ਵਿਹਾਰ ਦਾ ਪ੍ਰਤੀਕ) ਹੈ, ਇਸ ਲਈ ਮੈਂ ਆਪਨੇ ਯੋਗਾਂ ਵਿੱਚ ਪਵਨ ਗੁਰੂ ਸ਼ਬਦ ਨੂੰ ਸਰੀਰ ਦੇ ਹਰ ਕਰਮ ਵਿੱਚ ਅਸਥਿੱਤ ਕਰਦਾ, ਟਿਕਾਉਂਦਾ, ਤੋਰਦਾ ਹਾਂ। ਇਉਂ ਮੇਰੇ ਜੀਵਨ ਦਾ ਹਰ ਕਰਮ ਸ਼ਬਦ ਦੇ ਹੁਕਮ ਵਿੱਚ ਸ਼ਬਦ ਰੂਪ ਹੋ ਜਾਂਦਾ ਹੈ। ਮਨ, ਬਚਨ ਅਤੇ ਕਰਮ ਇੱਕ ਰੂਪ ਹੋ ਕੇ ਇਹ ਮੇਰੀ ਤ੍ਰਿਬੇਣੀ ਹੈ ਅਤੇ ਪਵਨ ਗੁਰੂ ਸ਼ਬਦ ਨੂੰ ਗ੍ਰਹਿਣ ਕਰਦੀ ਹੈ। ਇਉਂ ਮੇਰੇ ਮਨ, ਬਚਨ ਅਤੇ ਕਰਮ ਵਿੱਚ ਗੁਰੂ ਸ਼ਬਦ ਟਿੱਕਦਾ ਹੈ ਅਤੇ ਇਸ ਤ੍ਰਿਬੇਣੀ ਨੂੰ ਪਾਰ ਕਰਕੇ ਸੁਰਤਿ ਰੂਪ ਦਸਵੇਂ ਦੁਆਰ ਵਿੱਚ ਪ੍ਰਵੇਸ਼ ਕਰਦਾ ਹੈ। ਸੁਰਤਿ ਨਿੱਜ-ਘਰ ਦਾ

ਦਰਵਾਜ਼ਾ (ਦਸਵਾਂ ਦੁਆਰ) ਹੈ। ਨਿੱਜ-ਘਰ ਵਿੱਚ ਪ੍ਰਵੇਸ਼ ਕਰਨ ਲਈ ਸ਼ਬਦ ਦਾ ਸੁਰਤਿ ਤਕ ਪੁੱਜਣਾ ਜ਼ਰੂਰੀ ਹੈ।

ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ।।
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ।।

(ਗੁ.ਗ੍ਰੰ.ਸਾ.ਪੰਨਾ 205)

ਨਿੱਜ-ਘਰ ਦੇ ਦੁਆਰ ਦੀ ਕੁੰਜੀ ਗੁਰੂ ਸ਼ਬਦ ਕੋਲ ਹੈ

ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ।।
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ।।

(ਗੁ.ਗ੍ਰੰ.ਸਾ.ਪੰਨਾ 1237)

ਗੁਰੂ ਜੀ ਨੇ ਆਖਿਆ, ਨਿੱਜ-ਘਰ ਦੇ ਇਸ ਦੁਆਰ ਦੀ ਕੁੰਜੀ ਗੁਰੂ ਸ਼ਬਦ ਕੋਲ ਹੈ। ਤਾਂ ਸਿੱਧਾਂ ਨੇ ਗੁਰੂ ਨਾਨਕ ਜੀ ਨਾਲ ਕੁਝ ਪ੍ਰਸ਼ਨ-ਉੱਤਰ ਤੇ ਵਿਚਾਰ-ਵਟਾਂਦਰਾ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸ ਬਾਣੀ ਦਾ ਨਾਮ 'ਸਿਧ ਗੋਸਟਿ' ਹੈ। ਇਹ ਸਾਰੀ ਬਾਣੀ ਪੜ੍ਹਣ ਅਤੇ ਵਿਚਾਰਣ ਯੋਗ ਹੈ ਕਿ ਕਿਸ ਤਰ੍ਹਾਂ ਗੁਰੂ ਨਾਨਕ ਜੀ ਨੇ 'ਸਬਦਿ ਜਿਤੀ ਸਿਧ ਮੰਡਲੀ ਕੀਤੋਸ ਅਪਨਾ ਪੰਥ ਨਿਰਾਲਾ' ਕੀਤਾ। ਇੱਥੋਂ ਉਸ ਵਿੱਚੋਂ ਕੁਝ ਪ੍ਰਸ਼ਨ-ਉੱਤਰ ਵੰਨਗੀ ਮਾਤਰ ਲਿੱਖਦਾ ਹਾਂ -

ਆਦਿ ਕਉ ਕਵਨੁ ਬੀਚਾਰੁ ਕਥੀਅਲੇ ਸੁੰਨ ਕਹਾ ਘਰ ਵਾਸੋ।।
ਗਿਆਨ ਕੀ ਮੁਦ੍ਰਾ ਕਵਨ ਕਥੀਅਲੇ ਘਟਿ ਘਟਿ ਕਵਨ ਨਿਵਾਸੋ।।

(ਗੁ.ਗ੍ਰੰ.ਸਾ.ਪੰਨਾ 940)

ਹੇ ਨਾਨਕ ! ਇਸ ਸਾਰੀ ਰਚਨਾ ਦਾ ਆਦਿ ਕੀ ਹੈ ਅਤੇ ਅਫੁਰ ਸੁੰਨ ਅਵਸਥਾ ਨਿੱਜ-ਘਰ ਕਿੱਥੇ ਹੈ ?, ਗਿਆਨ ਦੇ ਰੂਪ ਮੁਦਰਾ ਦੱਸ ਕਿਵੇਂ ਮੰਨਦਾ ਹੈਂ ?, ਘਟ-ਘਟ ਵਿੱਚ ਵੱਸਦੀ ਚੇਤਨਾ ਜੋਤ ਕੀ ਹੈ ?

ਉੱਤਰ :

ਗੁਰ ਕੈ ਸਬਦਿ ਹਉਮੈ ਬਿਖੁ ਮਾਰੈ ਤਾ ਨਿਜ ਘਰਿ ਹੋਵੈ ਵਾਸੋ।।
ਜਿਨਿ ਰਚਿ ਰਚਿਆ ਤਿਸੁ ਸਬਦਿ ਪਛਾਣੈ ਨਾਨਕੁ ਤਾ ਕਾ ਦਾਸੋ।।

(ਗੁ.ਗ੍ਰੰ.ਸਾ.ਪੰਨਾ 940)

ਹੇ ਸਿੱਧੋ ! ਗੁਰੂ ਸ਼ਬਦ ਦੀ ਕਮਾਈ ਨਾਲ ਹਉਮੈ ਬਿਖ ਮਰਦੀ ਹੈ, ਤਾਂ ਅਫੁਰ ਕਾਮਨਾ ਰਹਿਤ ਅਵਸਥਾ ਸੁੰਨ ਸਮਾਧ ਵਿਚ ਵਾਸਾ ਹੁੰਦਾ ਹੈ, ਜਿਸ ਨਿੱਜ-ਘਰ ਵਿੱਚ ਪ੍ਰੀਤਮ ਦਾ ਮਿਲਾਪ ਹੈ।

ਸੁੰਨ ਸਮਾਧਿ ਗੁਫਾ ਤਹ ਆਸਨੁ।।
ਕੇਵਲ ਬ੍ਰਹਮ ਪੂਰਨ ਤਹ ਬਾਸਨੁ।।
ਭਗਤ ਸੰਗਿ ਪ੍ਰਭੁ ਗੋਸਟਿ ਕਰਤ।। ਤਹ ਹਰਖ ਨ ਸੋਗ ਨ ਜਨਮ ਨ ਮਰਤ।।

(ਗੁ.ਗ੍ਰੰ.ਸਾ.ਪੰਨਾ 894)

ਇਸ ਸਾਰੀ ਰਚਨਾ ਦੇ ਆਦਿ ਨੂੰ ਰਚਨਹਾਰ ਹੀ ਜਾਣਦਾ ਹੈ ਕਿਉਂਕਿ ਉਸ ਵੇਲੇ ਕੇਵਲ ਉਹ ਨਿਰਗੁਨ ਸਰੂਪ ਹੀ ਸੀ :

ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ॥
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ॥
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥

(ਗੁ.ਗ੍ਰੰ.ਸਾ.ਪੰਨਾ 4)

ਹਾਂ ! ਗਿਆਨ ਗੁਰੂ ਸ਼ਬਦ ਦੀ ਰੌਸ਼ਨੀ ਵਿੱਚ ਉਸ ਰਚਨਹਾਰ ਨੂੰ ਪਛਾਨਣ ਵਾਲੇ ਦਾ ਮੈਂ ਦਾਸ ਹਾਂ।

ਜੀਵਨ ਦਾ ਮੂਲ ਕੀ ਹੈ?

ਕਵਣ ਮੂਲੁ ਕਵਣ ਮਤਿ ਵੇਲਾ॥
ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥
ਕਵਣ ਕਥਾ ਲੇ ਰਹਹੁ ਨਿਰਾਲੇ॥ ਬੋਲੈ ਨਾਨਕੁ ਸੁਣਹੁ ਤੁਮ ਬਾਲੇ॥
ਏਸੁ ਕਥਾ ਕਾ ਦੇਇ ਬੀਚਾਰੁ॥ ਭਵਜਲੁ ਸਬਦਿ ਲੰਘਾਵਣਹਾਰੁ॥

(ਗੁ.ਗ੍ਰੰ.ਸਾ.ਪੰਨਾ 942)

ਹੇ ਨਾਨਕ ! ਜੀਵਨ ਦਾ ਮੂਲ ਕੀ ਹੈ ? ਅਤੇ ਇਹ ਕਿਸ ਮਤ ਦਾ ਸਮਾਂ ਹੈ, ਭਾਵ ਕਿ ਕਿਸ ਧਰਮ ਦਾ ਪਹਿਰਾ ਹੈ ?, ਤੇਰਾ ਗੁਰੂ ਕੌਣ ਹੈ ਜਿਸਦੀ ਮਤ ਅਨੁਸਾਰ ਤੂੰ ਚਲਦਾ ਹੈਂ ?, ਕਿਹੜੇ ਵਿਚਾਰਾਂ ਦੇ ਪ੍ਰਭਾਵ ਸਦਕਾ ਤੂੰ ਸੰਸਾਰ ਦੇ ਵਿੱਚ ਰਹਿੰਦਾ ਹੋਇਆ ਨਿਰਲੇਪ ਹੈਂ ?, ਅਤੇ ਆਖਦਾ ਹੈਂ 'ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ'। ਸਿੱਧ ਬੋਲੇ, ਹੇ ਨਾਨਕ ! ਤੁਸਾਂ ਜੋ ਆਖਿਆ ਹੈ ਕਿ 'ਭਵਜਲੁ ਸਬਦਿ ਲੰਘਾਵਣਹਾਰੁ', ਸ਼ਬਦ ਹੀ ਸੰਸਾਰ ਭਉਜਲ ਤੋਂ ਪਾਰ ਕਰ ਸਕਦਾ ਹੈ, ਇਸ ਕਥਨ ਦੀ ਵਿਚਾਰ ਵੀ ਸਮਝਾਉ।

ਉੱਤਰ :

ਪਵਨ ਅਰੰਭੁ ਸਤਿਗੁਰ ਮਤਿ ਵੇਲਾ॥
ਸਬਦੁ ਗੁਰੂ ਸੁਰਤਿ ਧੁਨਿ ਚੇਲਾ॥
ਅਕਥ ਕਥਾ ਲੇ ਰਹਉ ਨਿਰਾਲਾ॥ ਨਾਨਕ ਜੁਗਿ ਜੁਗਿ ਗੁਰ ਗੋਪਾਲਾ॥
ਏਕੁ ਸਬਦੁ ਜਿਤੁ ਕਥਾ ਵੀਚਾਰੀ॥ ਗੁਰਮੁਖਿ ਹਉਮੈ ਅਗਨਿ ਨਿਵਾਰੀ॥

(ਗੁ.ਗ੍ਰੰ.ਸਾ.ਪੰਨਾ 943)

ਹੇ ਜੋਗੀਓ ! ਸਰੀਰ ਦਾ ਮੂਲ (ਸਹਾਰਾ) 'ਪਵਨ', ਪ੍ਰਾਣ ਹਨ। ਜੀਵ-ਆਤਮਾ ਦਾ ਮੂਲ 'ਪਵਨ' ਗੁਰੂ ਸ਼ਬਦ ਹੈ। ਸੋ, ਸ਼ਬਦ ਹੀ ਮੇਰਾ ਗੁਰੂ ਹੈ ਅਤੇ ਉਸ ਵਿੱਚ ਜੁੜੀ ਹੋਈ ਮੇਰੀ ਸੁਰਤਿ ਚੇਲਾ ਹੈ। ਉਹ ਪ੍ਰਭੂ ਜੋ 'ਆਦਿ ਸਚੁ, ਜੁਗਾਦਿ ਸਚੁ' ਹੈ, ਉਸ ਅਕੱਥ ਪ੍ਰਮਾਤਮਾ ਦੀ ਸਿਫਤ-ਸਲਾਹ ਹਿਰਦੇ ਵਿੱਚ ਰੱਖ ਕੇ ਹੀ ਨਿਰਲੇਪ ਰਹਿੰਦਾ ਹਾਂ। ਕੇਵਲ ਸ਼ਬਦ ਵਿੱਚੋਂ ਹੀ ਅਕੱਥ ਕਥਾ ਦੀ ਸੋਝੀ ਆਉਂਦੀ ਹੈ ਅਤੇ ਆਤਿਸ਼ ਦੁਨੀਆ ਦੀ ਹਉਮੈ ਰੂਪ ਤਪਤ ਮਿੱਟਦੀ ਹੈ।

ਇਉਂ ਜਦੋਂ ਸ਼ਬਦ ਗੁਰੂ ਸੁਰਤਿ ਦੇ ਦਸਮ ਦੁਆਰ ਨੂੰ ਖੋਲ੍ਹ ਕੇ ਨਿੱਜ-ਘਰ ਵਿੱਚ ਪ੍ਰਵੇਸ਼ ਕਰਦਾ ਹੈ ਤਾਂ ਜੀਵ ਗਿਆਨ ਗੁਰੂ ਦੀ ਅਥਾਹ ਰੌਸ਼ਨੀ ਵਿੱਚ ਨਿੱਜ-ਘਰ ਦੇ ਖ਼ਜ਼ਾਨੇ ਵੇਖਦਾ ਹੈ।

ਤਹ ਅਨੇਕ ਰੂਪ ਨਾਉ ਨਵ ਨਿਧਿ ਤਿਸ ਦਾ ਅੰਤੁ ਨ ਜਾਈ ਪਾਇਆ॥

(ਗੁ.ਗ੍ਰੰ.ਸਾ.ਪੰਨਾ 922)

ਤਾਂ ਵਿਸਮਾਦ ਹੋ ਉੱਠਦਾ ਹੈ। ਇਉਂ ਜੀਵ ਹਿਰਦੇ ਦੇ ਨਿੱਜ-ਘਰ ਵਿੱਚ 'ਕਾਈ ਬਾਤ ਨ ਰਹੀਆ ਊਰੀ' ਦੀ ਸੰਤੁਸ਼ਟਤਾ ਨਾਲ ਸੰਤੋਖ ਦੇ ਆਸਣ 'ਤੇ ਉਸ ਮਾਲਿਕ ਦੇ ਹੁਕਮ ਵਿੱਚ ਸੁੱਖ-ਦੁੱਖ ਰਹਿਤ, ਸਦਾ ਨਿਰਲੇਪੀ ਰੂਪ ਸਹਿਜ-ਸਮਾਧ ਵਿੱਚ ਲਿਵਲੀਨ ਹੋ ਜਾਂਦਾ ਹੈ। ਗੁਰੂ ਨਾਨਕ ਜੀ ਦੀ ਸੱਚੀ-ਸੁੱਚੀ ਗੁਰਮਤਿ ਵਿਚਾਰਧਾਰਾ ਸੁਣ ਕੇ ਸਿੱਧ ਲਾ-ਜੁਆਬ ਹੋ ਗਏ। ਪਰ ਉਸ ਤੋਂ ਬਾਅਦ ਵੀ ਸਿੱਧਾਂ ਨੇ ਤੰਤ੍ਰਾਂ-ਮੰਤ੍ਰਾਂ ਦੀਆਂ ਸ਼ਕਤੀਆਂ ਵਿਖਾ ਕੇ ਗੁਰੂ ਨਾਨਕ ਜੀ ਨੂੰ ਆਪਣੇ ਜੋਗ ਮਤ ਦੇ ਪ੍ਰਭਾਵ ਵਿੱਚ ਲਿਆਉਣ ਦੀ ਕੋਸ਼ਿਸ਼ ਕੀਤੀ।

ਇਹਿ ਸੁਣਿ ਬਚਨ ਜੋਗੀਸਰਾ, ਮਾਰਿ ਕਿਲਕ ਬਹੁ ਰੂਇ ਉਠਾਈ।
ਖਟ ਦਰਸਨ ਕਉ ਖੇਦਿਆ ਕਲਿਜੁਗਿ ਨਾਨਕ ਬੇਦੀ ਆਈ।
ਸਿਧਿ ਬੋਲਨਿ ਸਭਿ ਅਵਖਧੀਆਂ ਤੰਤ੍ਰ ਮੰਤ੍ਰ ਕੀ ਧੁਨੋ ਚੜ੍ਹਾਈ।
ਰੂਪ ਵਟਾਏ ਜੋਗੀਆਂ ਸਿੰਘ ਬਾਘਿ ਬਹੁ ਚਲਿਤ ਦਿਖਾਈ।
ਇਕਿ ਪਰਿ ਕਰਿਕੈ ਉਡਰਨਿ ਪੰਖੀ ਜਿਵੈ ਰਹੈ ਲੀਲਾਈ।
ਇਕਨਾ ਨਾਗ ਹੋਇ ਪਉਣ ਛੋਡਿਆ ਇਕਨਾ ਵਰਖਾ ਅਗਨਿ ਵਸਾਈ।
ਤਾਰੇ ਤੋੜੇ ਭੰਗਰਿਨਾਥ, ਇਕ ਚੜਿ ਮਿਰਗਾਨੀ ਜਲੁ ਤਰਿ ਜਾਈ।
ਸਿਧਾਂ ਅਗਨਿ ਨ ਬੁਝੈ ਬੁਝਾਈ॥ ੪੧॥

(ਵਾਰ 1, ਭਾਈ ਗੁਰਦਾਸ ਜੀ)

ਤੁਹਿ ਜਗ ਨੋ ਕਿਆ ਕਰਾਮਾਤ ਦਿਖਾਈ

ਸਿੱਧਾਂ ਨੇ ਤੰਤ੍ਰਾਂ-ਮੰਤ੍ਰਾਂ ਨਾਲ ਆਪਣੇ ਰੂਪ ਬਦਲ ਲਏ, ਸ਼ੇਰ ਤੇ ਚੀਤੇ ਬਣ ਗਏ, ਪੰਖੀ ਬਣ ਕੇ ਆਕਾਸ਼ ਵਿੱਚ ਉੱਡਣ ਲੱਗੇ, ਕੁਝ ਜੋਗੀ ਸਰਪ ਬਣ ਕੇ ਫੁੰਕਾਰੇ ਮਾਰਨ ਲੱਗੇ, ਆਕਾਸ਼ ਤੋਂ ਅੱਗ ਦੇ ਅੰਗਾਰਾਂ ਦੀ ਬਾਰਿਸ਼ ਪੁਆਈ ਅਤੇ ਭੰਗਰਨਾਥ ਜੋਗੀ ਆਕਾਸ਼ ਵਿੱਚੋਂ ਤਾਰੇ ਤੋੜਨ ਵਰਗੀਆਂ ਸ਼ਕਤੀਆਂ ਵਿਖਾ ਰਿਹਾ ਸੀ। ਉਹ ਗੁਰੂ ਨਾਨਕ ਜੀ ਨੂੰ ਆਖਣ ਲੱਗੇ, ਤੂੰ ਲੋਕਾਂ ਨੂੰ ਕਿਹੜੀ ਕਰਾਮਾਤ ਵਿਖਾਈ ਹੈ ਕਿ ਲੋਕ ਤੇਰੇ ਅੱਗੇ ਝੁਕਦੇ ਹਨ, ਅੱਜ ਤੂੰ ਸਾਨੂੰ ਵੀ ਕੋਈ ਕਰਾਮਾਤ ਵਿਖਾ।

ਸਿਧਿ ਬੋਲਨਿ ਸੁਣਿ ਨਾਨਕਾ ਤੁਹਿ ਜਗ ਨੋ ਕਿਆ ਕਰਾਮਾਤਿ ਦਿਖਾਈ।
ਕੁਝ ਵਿਖਾਲੇਂ ਅਸਾ ਨੋ, ਤੁਹਿ ਕਿਉ ਢਿਲ ਅਵੇਹੀ ਲਾਈ।
ਬਾਬਾ ਬੋਲੇ ਨਾਥ ਜੀ ! ਅਸਾਂ ਤੇ ਵੇਖਣਿ ਜੋਗੀ ਵਸਤੁ ਨ ਕਾਈ।
ਗੁਰ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀਂ ਹਹਿ ਰਾਈ।
ਸਿਵ ਰੂਪੀ ਕਰਤਾ ਪੁਰਖੁ, ਚਲੇ ਨਾਹੀ ਧਰਤਿ ਚਲਾਈ।

ਸਿਧ ਤੰਤ੍ਰ ਮੰਤ੍ਰ ਕਰਿ ਝੜਿ ਪਏ ਸਬਦਿ ਗੁਰੂ ਕੇ ਕਲਾ ਛਪਾਈ।
ਦਦੇ ਦਾਤਾ ਗੁਰੂ ਹੈ ਕਕੇ ਕੀਮਤ ਕਿਨੈ ਨ ਪਾਈ।
ਸੋ ਦੀਨ ਨਾਨਕ ਸਤਿਗੁਰ ਸਰਣਾਈ॥ ੪੩॥

(ਵਾਰ 1, ਭਾਈ ਗੁਰਦਾਸ ਜੀ)

ਸਹਿਜ ਜੋਗ ਦਾ ਨਿਰਾਲਾ ਪੰਥ

ਗੁਰੂ ਜੀ ਨੇ ਆਖਿਆ, ਸਿੱਧੋ ! ਮੈਂ ਕਰਾਮਾਤਾਂ ਵਿਖਾਉਣ ਵਿੱਚ ਵਿਸ਼ਵਾਸ ਨਹੀਂ ਰੱਖਦਾ। ਮੈਂ ਤਾਂ 'ਰਿਧਿ ਸਿਧਿ ਅਵਰਾ ਸਾਦ' ਸਮਝਦਾ ਹਾਂ, ਮੇਰੇ ਕੋਲ ਤਾਂ ਗੁਰੂ, ਸੰਗਤ ਅਤੇ ਨਾਮ ਬਾਣੀ ਦਾ ਹੀ ਸਹਾਰਾ ਹੈ ਅਤੇ ਇਹੋ ਹੀ ਮੇਰੀ ਸ਼ਕਤੀ ਹਨ।

ਇਉਂ ਬਾਬੇ ਨਾਲ ਹੋਈ ਸਿਧ ਗੋਸਟਿ (ਵਿਚਾਰ-ਵਟਾਂਦਰਾ) ਦੇ ਮਿੱਠੇ-ਪਿਆਰੇ ਸ਼ਬਦਾਂ ਅੱਗੇ ਜੋਗੀਆਂ ਦਾ ਸਿਰ ਝੁੱਕ ਗਿਆ। ਮਾਨੋ ਗੁਰੂ ਨਾਨਕ ਦੇ ਸਹਿਜ ਜੋਗ ਅੱਗੇ ਜੋਗੀ ਹਾਰ ਗਏ। ਭਾਈ ਗੁਰਦਾਸ ਜੀ ਲਿੱਖਦੇ ਹਨ :

ਬਾਬੇ ਕੀਤੀ ਸਿਧ ਗੋਸਟਿ ਸਬਦਿ ਸਾਂਤਿ ਸਿਧੀ ਵਿਚਿ ਆਈ।
ਜਿਣਿ ਮੇਲਾ ਸਿਵਰਾਤਿ ਦਾ ਖਟ ਦਰਸਨ ਆਦੇਸਿ ਕਰਾਈ।
ਸਿਧਿ ਬੋਲਨਿ ਸੁਭ ਬਚਨ ਧਨੁ ਨਾਨਕ ਤੇਰੀ ਵਡੀ ਕਮਾਈ।
ਵਡਾ ਪੁਰਖੁ ਪਰਗਟਿਆ ਕਲਿਜੁਗ ਅੰਦਰਿ ਜੋਤਿ ਜਗਾਈ।

(ਵਾਰ 1, ਪਉੜੀ 44)

ਸੋ, ਜਦੋਂ ਗੁਰੂ ਨਾਨਕ ਜੀ ਨੇ ਜੋਗੀਆਂ ਦੇ ਹੱਠ ਜੋਗ ਨੂੰ ਪ੍ਰਵਾਨ ਨਾ ਕਰਕੇ ਆਪਣੇ ਸਹਿਜ ਜੋਗ ਦੇ ਨਿਰਾਲੇ ਪੰਥ ਨੂੰ ਪ੍ਰਗਟ ਕੀਤਾ ਹੈ, ਤਾਂ ਸਿੱਖ ਨੂੰ ਵੀ ਗੁਰੂ ਸ਼ਬਦ ਦੀ ਅਗਵਾਈ ਵਿੱਚ ਉਸ ਸਹਿਜ ਜੋਗ ਦਾ ਧਾਰਨੀ ਹੀ ਹੋਣਾ ਚਾਹੀਦਾ ਹੈ।

ਗੁਰ ਸਿਖ ਜੋਗੀ ਜਾਗਦੇ, ਮਾਇਆ ਅੰਦਰਿ ਕਰਨਿ ਉਦਾਸੀ।
ਕੰਨੀ ਮੁੰਦਰਾ ਮੰਤ੍ਰ ਗੁਰ, ਸੰਤਾਂ ਧੂੜਿ ਬਿਭੂਤ ਸੁਲਾਸੀ।
ਖਿੰਥਾ ਖਿਮਾਂ ਹੰਢਾਵਣੀ ਪ੍ਰੇਮ ਪਤ੍ਰ ਭਾਉ ਭੁਗਤਿ ਬਿਲਾਸੀ।
ਸਬਦ ਸੁਰਤਿ ਸਿੰਙੀ ਵਜੈ ਡੰਡਾ ਗਿਆਨੁ ਧਿਆਨੁ ਗੁਰਦਾਸੀ।
ਸਾਧ ਸੰਗਤਿ ਗੁਰ ਗੁਫੈ ਬਹਿ ਸਹਜਿ ਸਮਾਧਿ ਅਗਾਧਿ ਨਿਵਾਸੀ।
ਹਉਮੈ ਰੋਗ ਅਰੋਗ ਹੋਇ ਕਰਿ ਸੰਜੋਗੁ ਵਿਜੋਗ ਖਲਾਸੀ।
ਸਾਧ ਸੰਗਤਿ ਗੁਰਮਤਿ ਸਾਬਾਸੀ॥ ੧੫॥

(ਵਾਰ 29, ਭਾਈ ਗੁਰਦਾਸ ਜੀ)

ਗਉੜੀ ਮਹਲਾ ੫॥
ਜੋਗ ਜੁਗਤਿ ਸੁਨਿ ਆਇਓ ਗੁਰ ਤੇ॥
ਮੋ ਕਉ ਸਤਿਗੁਰ ਸਬਦਿ ਬੁਝਾਇਓ॥ ੧॥ ਰਹਾਉ॥
ਨਉ ਖੰਡ ਪ੍ਰਿਥਮੀ ਇਸੁ ਤਨ ਮਹਿ ਰਵਿਆ ਨਿਮਖ ਨਿਮਖ ਨਮਸਕਾਰਾ॥
ਦੀਖਿਆ ਗੁਰ ਕੀ ਮੁੰਦ੍ਰਾ ਕਾਨੀ ਦ੍ਰਿੜਿਓ ਏਕੁ ਨਿਰੰਕਾਰਾ॥ ੧॥

ਪੰਚ ਚੇਲੇ ਮਿਲਿ ਭਏ ਇਕਤ੍ਰਾ ਏਕਸ ਕੈ ਵਸਿ ਕੀਏ।।
ਪਸ ਬੈਰਾਗਨਿ ਆਗਿਆਕਾਰੀ ਤਬ ਨਿਰਮਲ ਜੋਗੀ ਥੀਏ।। ੨।।
ਭਰਮੁ ਜਰਾਇ ਚਰਾਈ ਬਿਭੂਤਾ ਪੰਥੁ ਏਕੁ ਕਰਿ ਪੇਖਿਆ।।
ਸਹਜ ਸੁਖ ਸੋ ਕੀਨੀ ਭੁਗਤਾ ਜੋ ਠਾਕੁਰਿ ਮਸਤਕਿ ਲੇਖਿਆ।। ੩।।
ਜਹ ਭਉ ਨਾਹੀ ਤਹਾ ਆਸਨੁ ਬਾਧਿਓ ਸਿੰਗੀ ਅਨਹਤ ਬਾਨੀ।।
ਤਤੁ ਬੀਚਾਰੁ ਡੰਡਾ ਕਰਿ ਰਾਖਿਓ ਜੁਗਤਿ ਨਾਮੁ ਮਨਿ ਭਾਨੀ।। ੪।।
ਐਸਾ ਜੋਗੀ ਵਡਭਾਗੀ ਭੇਟੈ ਮਾਇਆ ਕੇ ਬੰਧਨ ਕਾਟੈ।।
ਸੇਵਾ ਪੂਜ ਕਰਉ ਤਿਸੁ ਮੂਰਤਿ ਕੀ
ਨਾਨਕੁ ਤਿਸੁ ਪਗ ਚਾਟੈ।। ੫।। ੧੧।। ੧੩੨।।

(ਗੁ.ਗ੍ਰੰ.ਸਾ.ਪੰਨਾ 208)

ੴ

ਆਸਾ ਮਹਲਾ ੫॥

ਤੀਰਥਿ ਜਾਉ ਤ ਹਉ ਹਉ ਕਰਤੇ॥

ਪੰਡਿਤ ਪੂਛਉ ਤ ਮਾਇਆ ਰਾਤੇ॥ ੧॥

ਸੋ ਅਸਥਾਨੁ ਬਤਾਵਹੁ ਮੀਤਾ॥

ਜਾ ਕੈ ਹਰਿ ਹਰਿ ਕੀਰਤਨੁ ਨੀਤਾ॥ ੧॥ ਰਹਾਉ॥

ਸਾਸਤ੍ਰ ਬੇਦ ਪਾਪ ਪੁੰਨ ਵੀਚਾਰ॥

ਨਰਕਿ ਸੁਰਗਿ ਫਿਰਿ ਫਿਰ ਅਉਤਾਰ॥ ੨॥

ਗਿਰਸਤ ਮਹਿ ਚਿੰਤ ਉਦਾਸ ਅਹੰਕਾਰ॥

ਕਰਮ ਕਰਤ ਜੀਅ ਕਉ ਜੰਜਾਰ॥ ੩॥

ਪ੍ਰਭ ਕਿਰਪਾ ਤੇ ਮਨੁ ਵਸਿ ਆਇਆ॥

ਨਾਨਕ ਗੁਰਮੁਖਿ ਤਰੀ ਤਿਨਿ ਮਾਇਆ॥ ੪॥

ਸਾਧਸੰਗਿ ਹਰਿ ਕੀਰਤਨੁ ਗਾਈਐ॥

ਇਹੁ ਅਸਥਾਨੁ ਗੁਰੂ ਤੇ ਪਾਈਐ॥ ੧॥ ਰਹਾਉ ਦੂਜਾ॥

(ਗੁ.ਗ੍ਰੰ.ਸਾ.ਪੰਨਾ 385)

ੴ

ਤੀਰਥ ਅਤੇ ਪੰਡਤ

ਨਾਵਨ ਕਉ ਤੀਰਥ ਘਨੇ ਮਨ ਬਉਰਾ ਰੇ ਪੂਜਨ ਕਉ ਬਹੁ ਦੇਵ।।
ਕਹੁ ਕਬੀਰ ਛੂਟਨੁ ਨਹੀ ਮਨ ਬਉਰਾ ਰੇ ਛੂਟਨੁ ਹਰਿ ਕੀ ਸੇਵ।।

(ਗੁ.ਗ੍ਰੰ.ਸਾ.ਪੰਨਾ 336)

ਇਕਿ ਤਪਸੀ ਬਨ ਮਹਿ ਤਪੁ ਕਰਹਿ ਨਿਤ ਤੀਰਥ ਵਾਸਾ।।
ਆਪੁ ਨ ਚੀਨਹਿ ਤਾਮਸੀ ਕਾਹੇ ਭਏ ਉਦਾਸਾ।।

(ਗੁ.ਗ੍ਰੰ.ਸਾ.ਪੰਨਾ 419)

ਤੀਰਥ ਅਤੇ ਪੰਡਤ - ਸਥਾਨ ਅਤੇ ਸਥਾਨੀਯ - ਗੱਦੀ ਅਤੇ ਗੱਦੀਦਾਰ - ਇਹ ਦੋ ਆਪਸ ਵਿੱਚ ਜੁੜੇ ਹੋਏ ਐਸੇ ਨਾਮ ਹਨ ਜਿੰਨ੍ਹਾਂ ਦੀ ਸੰਸਾਰ ਵਿੱਚ ਹਮੇਸ਼ਾ ਪੂਜਾ ਹੁੰਦੀ ਰਹੀ ਹੈ। ਭਾਵੇਂ ਇਹੋ ਹੀ ਸੰਸਾਰ ਦੀ ਸਭ ਤੋਂ ਵੱਡੀ ਭੁੱਲ ਹੈ ਅਤੇ ਇਸੇ ਭੁੱਲ ਤੋਂ ਕਈ ਵਾਰ ਵੱਡੇ-ਵੱਡੇ ਦੁਖਾਂਤ ਵਾਪਰ ਗਏ। ਇਹ ਭੁੱਲ ਹਮੇਸ਼ਾ ਅੰਧ-ਵਿਸ਼ਵਾਸ ਤੇ ਅਗਿਆਨੀ ਸ਼ਰਧਾ ਤੋਂ ਜਨਮ ਲੈਂਦੀ ਹੈ ਅਤੇ ਉਸ ਸ਼ਰਧਾ ਦਾ ਕਾਰਣ ਬਣਦਾ ਹੈ ਕਰਤੱਵ। ਕਦੀ ਕੁਝ ਸਮੇਂ ਲਈ ਇਨ੍ਹਾਂ ਦੋ ਜੁੜੇ ਹੋਏ ਨਾਵਾਂ ਵਿੱਚ ਬੈਠਾ ਤੇ ਬਣ ਗਿਆ ਇੱਕ ਖ਼ੂਬਸੂਰਤ ਕਰਤੱਵ। ਕਈ ਵਾਰ ਸਮੇਂ ਬੀਤਣ ਨਾਲ ਸਥਾਨ ਜਾਂ ਸਥਾਨੀਯ ਵਿੱਚੋਂ ਕਰਤੱਵ ਉੱਠ ਜਾਂਦਾ ਹੈ, ਪਰ ਕਰਤੱਵ ਦੇ ਭੁਲੇਖੇ ਸਥਾਨ ਅਤੇ ਸਥਾਨੀਯ ਦੀ ਪੂਜਾ ਚਲਦੀ ਰਹਿੰਦੀ ਹੈ। ਜਿਵੇਂ ਕਈ ਏਕਾਂਤ ਸਥਾਨਾਂ

'ਤੇ ਬੈਠ ਕੇ ਕਦੀ ਕਿਸੇ ਗੁਰਮੁੱਖ ਪਿਆਰੇ, ਗੁਰਸਿੱਖ ਮਹਾਪੁਰਖ ਨੇ ਪ੍ਰਭੂ ਸਿਮਰਨ ਤੇ ਬੰਦਗੀ ਵਿੱਚ ਸਮਾਂ ਗੁਜ਼ਾਰਿਆ। ਉਸ ਅਸਥਾਨ ਅਤੇ ਅਸਥਾਨੀਯ ਮਹਾਪੁਰਸ਼ ਦਾ "ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ" ਅਨੁਸਾਰ ਲੋਕਾਂ ਨੇ ਸਤਿਕਾਰ ਕੀਤਾ। ਪਰ ਉਸ ਮਹਾਪੁਰਸ਼ ਤੋਂ ਬਾਅਦ ਉਸਦੇ ਚੇਲੇ, ਉਸਦੇ ਮਾਣ-ਸਤਿਕਾਰ 'ਤੇ ਕਬਜ਼ਾ ਕਰਨ ਲਈ ਗੱਦੀਦਾਰ ਬਣ ਗਏ। ਪਹਿਲੇ ਮਹਾਪੁਰਸ਼ ਦੇ ਨਾਂ ਹੇਠ ਭੇਟਾ ਆਉਂਦੀਆਂ ਗਈਆਂ, ਵੱਡੇ-ਵੱਡੇ ਡੇਰੇ-ਕਾਰਾਂ-ਕੋਠੀਆਂ ਤੇ ਐਸ਼ ਦੇ ਸਾਮਾਨ ਬਣਦੇ ਗਏ। ਪਹਿਲੇ ਮਹਾਪੁਰਸ਼ ਵਾਲੀ ਜੀਵਨ ਜਾਚ ਤੇ ਗੁਰਮਤਿ ਸਿਧਾਂਤ, ਨਾ ਡੇਰੇ ਵਿੱਚ ਰਿਹਾ ਅਤੇ ਨਾ ਹੀ ਡੇਰੇਦਾਰ (ਗੱਦੀਦਾਰ) ਵਿੱਚ ਰਿਹਾ। ਪਰ ਉਸ ਨਾਂ ਤੋਂ ਸਤਿਕਾਰ ਅਤੇ ਸੰਪਤੀ ਦੀ ਪ੍ਰਾਪਤੀ ਲਈ ਕਈ-ਕਈ ਗੱਦੀਦਾਰ ਬਣ ਗਏ। ਅੱਜ ਅਸੀਂ ਵੇਖਦੇ ਹਾਂ ਕਿ ਡੇਰਿਆਂ 'ਤੇ ਕਬਜ਼ਿਆਂ ਲਈ ਗੋਲੀਆਂ ਚਲਦੀਆਂ ਹਨ, ਕਤਲ ਹੁੰਦੇ ਹਨ ਤੇ ਅਦਾਲਤਾਂ ਵਿੱਚ ਕੇਸ ਚਲਦੇ ਹਨ। ਇਹ ਸਭ ਕੁਝ ਅਸਥਾਨ ਅਤੇ ਅਸਥਾਨੀਯ ਵਿੱਚ ਗੁਰਮਤਿ ਸਿਧਾਂਤ ਦੀ ਅਣਹੋਂਦ ਕਰਕੇ ਹੀ ਹੈ। ਪਰ ਭੋਲੇ ਸ਼ਰਧਾਲੂ ਅਜੇ ਵੀ ਉਹਨਾਂ ਡੇਰੇਦਾਰਾਂ ਅਤੇ ਡੇਰਿਆਂ ਦੀ ਪੂਜਾ ਕਰੀ ਜਾਂਦੇ ਹਨ, ਜਿਸ ਨਾਲ ਭੇਖਧਾਰੀ ਪਾਖੰਡ ਦੇ ਵਾਧੇ ਤੋਂ ਜ਼ਿਆਦਾ ਮਨੁੱਖਤਾ ਨੂੰ ਹੋਰ ਕੋਈ ਲਾਭ ਨਹੀਂ ਹੋ ਰਿਹਾ।

ਪੂਜਾ ਕਿਸ ਦੀ ਕਰਨੀ ਹੈ?

ਅਭੁੱਲ ਗੁਰੂ ਕਰਤਾਰ, ਸਿੱਖ ਨੂੰ ਗਿਆਨ ਨਾਲ ਜੋੜਦਾ ਹੈ ਅਤੇ ਸਮਝਾਉਂਦਾ ਹੈ ਕਿ ਸਿੱਖ ਪੂਜਾ ਕਰਨ ਤੋਂ ਪਹਿਲਾਂ ਵੇਖੇ ਕਿ ਇਸ ਸਥਾਨ ਜਾਂ ਸਥਾਨੀਯ ਵਿੱਚ ਕਰਤੱਵ ਜਾਂ ਸਿਧਾਂਤ ਹੈ ਕਿ ਨਹੀਂ। ਪੂਜਾ ਤਾਂ ਕਰਤੱਵ ਤੇ ਸਿਧਾਂਤ ਦੀ ਹੈ। ਪਰ ਅੱਜ ਵੇਖ ਰਹੇ ਹਾਂ ਕਿ ਸਿੱਖੀ ਵਿੱਚ ਵੀ ਧਰਮ ਅਸਥਾਨ (ਤੀਰਥ) ਅਤੇ ਧਰਮ ਅਸਥਾਨਾਂ ਦੀਆਂ ਪਦਵੀਆਂ 'ਤੇ ਕਾਬਜ਼ ਲੋਕਾਂ ਦੀ ਮਹੱਤਤਾ ਐਨੀ ਵੱਧ ਰਹੀ ਹੈ ਕਿ ਵਿਅਕਤੀਆਂ ਨੂੰ ਹੀ ਗੁਰੂ ਹਰਿਗੋਬਿੰਦ ਸਾਹਿਬ ਦੀ ਬਰਾਬਰਤਾ ਦੇ ਦਿੱਤੀ ਜਾਂਦੀ ਹੈ। ਹਾਲਾਂਕਿ ਉਹਨਾਂ ਦੇ ਕਾਰਣ ਹੀ ਕਈ ਵਾਰ ਪਵਿੱਤਰ ਅਸਥਾਨਾਂ ਤੋਂ ਗੁਰਮਤਿ ਸਿਧਾਂਤ ਦੀ ਅਣਹੋਂਦ ਵੀ ਹੋ ਜਾਂਦੀ ਹੈ ਅਤੇ ਕੌਮੀ ਬਿਖਰਾਓ ਵੀ ਹੋ ਜਾਂਦਾ ਹੈ। ਪਰ ਅਗਿਆਨੀ ਸ਼ਰਧਾ ਕਾਰਣ ਲੋਕ ਸਿਧਾਂਤ ਨਾਲੋਂ ਅਸਥਾਨ ਅਤੇ ਅਸਥਾਨੀਯ ਨਾਲ ਜ਼ਿਆਦਾ ਜੁੜ ਰਹੇ ਹਨ।

ਇਸੇ ਕਾਰਣ ਹੀ ਅੱਜ ਵਿਅਕਤੀ ਹੀ 'ਗੁਰੂ' ਅਤੇ ਕੁਝ ਵਿਅਕਤੀ ਹੀ ਆਪਣੇ ਆਪ ਨੂੰ 'ਪੰਥ' ਆਖ ਰਹੇ ਹਨ ਅਤੇ ਆਮ ਸਿੱਖ ਉਨ੍ਹਾਂ ਨੂੰ ਪੰਥ ਮੰਨੀ ਜਾਂਦਾ ਹੈ, ਜੋ ਕਿ ਗੁਰੂ ਦੇ ਪੰਥ ਲਈ ਘਾਤਕ ਸੋਚ ਹੈ। ਕਈ ਵਾਰ ਇਨ੍ਹਾਂ ਦੀ ਅਗਵਾਈ ਕਾਰਣ ਹੀ ਅਨੇਕਾਂ ਦੁਖਾਂਤ ਵਾਪਰ ਜਾਂਦੇ ਹਨ, ਸਿੱਖ ਪਰਿਵਾਰਾਂ ਦੇ ਬੱਚੇ ਪਤਿਤ ਅਤੇ ਨਸ਼ਿਆਂ ਵੱਲ ਝੁੱਕ ਰਹੇ ਹਨ, ਆਚਰਨ-ਹੀਣਤਾ ਵੱਧ ਰਹੀ ਹੈ। ਜਿੰਨ੍ਹਾਂ ਧਰਮ ਅਸਥਾਨਾਂ ਤੋਂ ਗੁਰਮਤਿ ਪ੍ਰਚਾਰ-ਪਸਾਰ ਦੀਆਂ ਲਹਿਰਾਂ ਉੱਠਣੀਆਂ ਸਨ, ਸਿੱਖ ਉਨ੍ਹਾਂ ਧਰਮ ਅਸਥਾਨਾਂ ਅਤੇ ਆਪਣੇ ਸਰਮਾਏ ਨੂੰ ਬਹੁਤੀ ਥਾਈਂ ਐਸੇ ਪ੍ਰਬੰਧਕਾਂ ਅਤੇ ਪ੍ਰਚਾਰਕਾਂ ਦੇ ਹਵਾਲੇ ਕਰੀ ਬੈਠਾ ਹੈ ਕਿ ਇਹ ਸਭ ਕੁਝ ਇੱਕ ਧੰਦਾ ਬਣ ਕੇ ਰਹਿ ਗਿਆ ਹੈ। ਆਮ ਸਿੱਖ ਇਹ ਕਹਿ ਕੇ ਸੰਤੁਸ਼ਟ ਹੈ ਕਿ

ਮੈਂ ਤਾਂ ਗੁਰਦੁਆਰੇ ਮੱਥਾ ਟੇਕਿਆ ਹੈ, ਮੈਂ ਤਾਂ ਦਾਨ ਕੀਤਾ ਹੈ, ਮੈਨੂੰ ਕੀ ? ਪਰ ਇਹ ਇੱਕ ਬੜੀ ਵੱਡੀ ਭੁੱਲ ਹੈ। ਗੁਰੂ ਆਖ ਰਿਹਾ ਹੈ ਕਿ ਮੱਥਾ ਟੇਕਣ ਤੇ ਦਾਨ ਕਰਨ ਤੋਂ ਪਹਿਲਾਂ ਯੋਗ-ਅਯੋਗ ਜ਼ਰੂਰ ਵੇਖ ਲੈ :

ਦਾਨ ਕਰਨ ਤੋਂ ਪਹਿਲਾਂ ਯੋਗ-ਅਯੋਗ ਜ਼ਰੂਰ ਵੇਖ

ਖੇਤੁ ਪਛਾਣੈ ਬੀਜੈ ਦਾਨੁ।।
ਸੋ ਖਤ੍ਰੀ ਦਰਗਹ ਪਰਵਾਣੁ।।

(ਗੁ.ਗ੍ਰੰ.ਸਾ.ਪੰਨਾ 1411)

ਜਿਹੜੀ ਗਊ ਕਦੇ ਦੁੱਧ ਨਾ ਦੇਵੇ, ਉਹ ਗਊ ਕਿਸ ਕੰਮ ਦੀ ?, ਕੌਣ ਉਸਨੂੰ ਪੱਠੇ ਪਾਵੇਗਾ, ਕੌਣ ਸੰਭਾਲੇਗਾ ? ਜਿਸ ਪੰਖੀ ਦੇ ਪੰਖ ਹੀ ਨਾ ਰਹੇ, ਉਡਾਰੀਆਂ ਹੀ ਨਾ ਰਹੀਆਂ, ਉਸਨੂੰ ਪੰਖੀ ਕਿਵੇਂ ਆਖੋਗੇ ? ਜਿਵੇਂ ਜਲ ਤੋਂ ਬਿਨਾ ਜਲ ਦੇ ਜੀਵ ਨਹੀਂ ਹੋ ਸਕਦੇ, ਇਸੇ ਤਰ੍ਹਾਂ ਨਾਮ ਭਗਤੀ, ਤਿਆਗ ਤੇ ਗੁਰਮਤਿ ਸਿਧਾਂਤ ਵਿਹੂਣੇ ਕਿਸੇ ਸਥਾਨ ਜਾਂ ਅਸਥਾਨੀਜ ਨੂੰ ਨਹੀਂ ਪੂਜਿਆ ਜਾ ਸਕਦਾ।

ਜੇ ਤੂ ਵਤਹਿ ਅੰਙਣੇ ਹਭ ਧਰਤਿ ਸੁਹਾਵੀ ਹੋਇ।।
ਹਿਕਸੁ ਕੰਤੈ ਬਾਹਰੀ ਮੈਡੀ ਵਾਤ ਨ ਪੁਛੈ ਕੋਇ।।

(ਗੁ.ਗ੍ਰੰ.ਸਾ.ਪੰਨਾ 1095)

ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ
ਜੈਸੇ ਕਾਗਰਾ ਕਰਤ ਬੀਚਾਰੰ।।
ਭਗਤਿ ਭਾਗਉਤੁ ਲਿਖੀਐ ਤਿਹ ਊਪਰੇ
ਪੂਜੀਐ ਕਰਿ ਨਮਸਕਾਰੰ।।

(ਗੁ.ਗ੍ਰੰ.ਸਾ.ਪੰਨਾ 1293)

ਹੇ ਦੀਨ-ਦੁਨੀਆ ਦੇ ਮਾਲਕ, ਮੇਰੇ ਪਿਆਰੇ ! ਤੇਰੇ ਕੋਲ ਬੈਠਣ ਨਾਲ ਹੀ ਮੇਰੀ ਸੋਭਾ ਹੈ। ਜੇ ਤੂੰ ਹਿਰਦੇ ਦੇ ਵਿਹੜੇ ਆ ਜਾਵੇਂ ਤਾਂ ਮੇਰੇ ਜੀਵਨ ਦਾ ਘਰ ਹਰ ਕਿਸੇ ਨੂੰ ਸੋਹਣਾ ਲੱਗਦਾ ਹੈ। ਪਰ ਜੇ ਇਸ ਘਰ ਵਿੱਚੋਂ ਤੂੰ ਉੱਠ ਜਾਵੇਂ ਤਾਂ ਮੇਰੀ ਕੋਈ ਸੋਭਾ ਨਹੀਂ ਹੈ। ਜਿਵੇਂ ਤਾੜ ਦਾ ਦਰਖ਼ਤ (ਜਿਸਦੇ ਪਾਣੀ ਵਿੱਚ ਨਸ਼ਾ ਹੁੰਦਾ ਹੈ) ਅਪਵਿੱਤਰ ਮੰਨਿਆ ਜਾਂਦਾ ਹੈ, ਪਰ ਉਸੇ ਤੋਂ ਬਣੇ ਹੋਏ ਕਾਗਜ਼ 'ਤੇ ਜਦੋਂ ਧਰਮ ਗ੍ਰੰਥ ਜਾਂ ਭਗਤੀ ਦੇ ਸ਼ਬਦ ਲਿਖੇ ਜਾਂਦੇ ਹਨ, ਤਾਂ ਪੂਜਾ ਹੁੰਦੀ ਹੈ। ਪਰ ਉਹ ਪੂਜਾ ਸ਼ਬਦ ਦੀ ਹੈ, ਕਾਗਜ਼ ਦੀ ਨਹੀਂ। ਉਹ ਪੂਜਾ ਸਿਧਾਂਤ ਦੀ ਹੈ, ਸਥਾਨ ਦੀ ਨਹੀਂ।

ਕੀ ਤੀਰਥ 'ਤੇ ਇਸ਼ਨਾਨ ਕਰੀਏ ?

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ।।
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ।।
ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ।।
ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ।।
ਸੰਸਾਰ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ।।

ਕਿਹੜੇ ਤੀਰਥ 'ਚ ਇਸ਼ਨਾਨ ਕਰੀਏ ?

ਗੁਰ ਵਾਕੁ ਨਿਰਮਲੁ ਸਦਾ ਚਾਨਣੁ
ਨਿਤ ਸਾਚੁ ਤੀਰਥੁ ਮਜਨਾ।।

(ਗੁ.ਗ੍ਰੰ.ਸਾ.ਪੰਨਾ 687)

ਗੁਰੂ ਜੀ ਆਖਦੇ ਹਨ ਕਿ ਕੀ ਤੀਰਥਾਂ 'ਤੇ ਇਸ਼ਨਾਨ ਕਰਨ ਜਾਵਾਂ ?, ਨਹੀਂ। ਹੇ ਪ੍ਰਭੂ ! ਤੇਰਾ ਨਾਮ ਹੀ ਤੀਰਥ ਹੈ। ਸ਼ਬਦ ਦੀ ਵਿਚਾਰ ਵਿੱਚੋਂ ਜਿਹੜਾ ਅੰਦਰ ਗੁਰੂ ਸਿਧਾਂਤ ਦੇ ਗਿਆਨ ਦਾ ਪ੍ਰਕਾਸ਼ ਹੋਣਾ ਹੈ, ਬਸ ਉਹੋ ਹੀ ਮੇਰਾ ਤੀਰਥ ਅਸਥਾਨ ਹੈ ਅਤੇ ਇਸ ਅੰਦਰ ਦੇ ਤੀਰਥ ਦਾ ਇਸ਼ਨਾਨ ਹਰ ਸਮੇਂ ਪਵਿੱਤਰ ਹੈ। ਕਿਸੇ ਦਿਨ-ਦਿਹਾੜ ਜਾਂ ਸਮੇਂ ਦੀ ਉਡੀਕ ਨਹੀਂ ਕਰਨੀ ਪੈਂਦੀ। ਹੇ ਧਰਤੀ ਦੇ ਸਹਾਰੇ ਪ੍ਰਭੂ, ਮੈਂ ਤੇਰੇ ਕੋਲੋਂ ਹਮੇਸ਼ਾ ਨਾਮ ਦੀ ਜਾਚਨਾ ਕਰਦਾ ਹਾਂ। 'ਆਪਣਾ ਨਾਮੁ ਦੇਹੁ' ਤਾਂ ਕਿ ਮੇਰੇ ਅੰਦਰ ਹੀ ਤੀਰਥ ਬਣ ਜਾਵੇ।

ਸੰਸਾਰ, ਨਾਮ ਤੋਂ ਬਿਨਾ ਰੋਗੀ ਹੈ ਅਤੇ ਸੱਚ ਤੋਂ ਬਿਨਾ ਮੈਲਾ ਹੈ। ਗੁਰੂ ਸ਼ਬਦ ਹੀ ਨਿਰਮਲ ਹੈ ਜੋ ਸਦਾ ਗਿਆਨ ਦਾ ਚਾਨਣ ਦਿੰਦਾ ਹੈ ਅਤੇ ਅਗਿਆਨਤਾ ਦੀ ਮੈਲ ਧੋਂਦਾ ਹੈ। ਇਸ ਲਈ ਨਾਮ ਦੇ ਤੀਰਥ 'ਤੇ ਗੁਰ-ਗਿਆਨ ਵਿੱਚ ਇਸ਼ਨਾਨ ਹੀ ਸੱਚਾ ਇਸ਼ਨਾਨ ਹੈ।

ਗੁਰੂ ਨੇ ਸਿਧਾਂਤ ਗੁਆ ਚੁੱਕੇ ਅਸਥਾਨ (ਤੀਰਥ) ਨੂੰ ਅਤੇ ਕੇਵਲ ਭੇਖਧਾਰੀ ਦਿਖਾਵੇ ਦੇ ਅਸਥਾਨੀਯ (ਪੰਡਤ) ਨੂੰ ਮੁਖ਼ਾਤਬ ਕਰਕੇ ਆਖਿਆ :

ਤੀਰਥਿ ਜਾਉ ਤ ਹਉ ਹਉ ਕਰਤੇ।।
ਪੰਡਿਤ ਪੂਛਉ ਤ ਮਾਇਆ ਰਾਤੇ।। ੧।।
ਸੋ ਅਸਥਾਨੁ ਬਤਾਵਹੁ ਮੀਤਾ।।
ਜਾ ਕੈ ਹਰਿ ਹਰਿ ਕੀਰਤਨੁ ਨੀਤਾ।। ੧।। ਰਹਾਉ।।

(ਗੁ.ਗ੍ਰੰ.ਸਾ.ਪੰਨਾ 385)

ਭੋਲੇ ਲੋਕੋ ! ਬਹੁਤੇ ਤੀਰਥਾਂ 'ਤੇ ਕਬਜ਼ਾ ਜਮਾ ਕੇ ਗੱਦੀਆਂ ਲਾਈ ਬੈਠੇ ਲੋਕ ਅੱਜ ਹਉਮੈ, ਹੰਕਾਰ ਅਤੇ ਝੂਠੀ ਮਾਇਆ ਦੇ ਗ੍ਰਸੇ ਹੋਏ ਹੀ ਦਿੱਸਦੇ ਹਨ। ਇਸੇ ਲਈ ਤੀਰਥ ਅਸਥਾਨਾਂ ਦੇ ਕੰਢਿਆਂ 'ਤੇ ਰਹਿ ਕੇ ਰੋਜ਼ ਦਰਸ਼ਨ-ਇਸ਼ਨਾਨ ਕਰਨ ਅਤੇ ਸਥਾਨੀਯ ਪੰਡਤਾਂ, ਵਿਦਵਾਨਾਂ ਤੇ ਪ੍ਰਚਾਰਕਾਂ ਦਾ ਪ੍ਰਚਾਰ ਵੀ ਕਿਸੇ ਦੇ ਜੀਵਨ ਵਿੱਚ ਕੋਈ ਪਰਿਵਰਤਨ ਨਹੀਂ ਲਿਆ ਰਿਹਾ। ਜਿਵੇਂ ਸਮੁੰਦਰ ਵਿੱਚ ਮੋਤੀ, ਮਾਣਕ ਆਦਿ ਕੀਮਤੀ ਵਸਤੂਆਂ ਤੇ ਚੌਦਾਂ ਰਤਨ ਹਨ, ਪਰ ਕੰਢੇ 'ਤੇ ਗੰਦਗੀ ਤੇ ਕੂੜੇ ਦੇ ਢੇਰ ਪਏ ਹਨ। ਕਿਨਾਰੇ 'ਤੇ ਵੱਸਣ ਵਾਲੇ ਲੱਖਾਂ ਲੋਕ ਗ਼ਰੀਬ, ਭਿਖਾਰੀ ਤੇ ਮੰਗਤੇ ਹੀ ਹਨ, ਉਹ ਮਨੁੱਖ ਕਿੰਨਾ ਭੋਲਾ ਹੋਵੇਗਾ ਜਿਹੜਾ ਉਸ ਕੂੜੇ ਦੇ ਢੇਰ ਵਿੱਚੋਂ ਮੋਤੀ ਭਾਲੇਗਾ ਅਤੇ ਕਿਨਾਰੇ ਬੈਠੇ ਗ਼ਰੀਬਾਂ ਕੋਲੋਂ ਆਪਣੀ ਭੁੱਖ ਮਿਟਾਉਣ ਦੀ ਆਸ ਰੱਖੇਗਾ। ਗੁਰੂ ਜੀ ਕਹਿੰਦੇ ਹਨ ਕਿ ਮੈਨੂੰ ਇਹਨਾਂ ਤੋਂ ਕੋਈ ਆਸ ਨਹੀਂ, ਮੈਨੂੰ ਉਹ ਅਸਥਾਨ ਦੱਸੋ ਜਿੱਥੇ ਗੁਰਮਤਿ, ਸ਼ਬਦ ਸਿਧਾਂਤ ਮੋਤੀਆਂ ਦੇ ਢੇਰ ਲੱਗੇ ਹੋਏ ਹੋਣ ਅਤੇ ਗੁਰਸਿੱਖ ਹੰਸ "ਗੁਰ ਕਾ ਸਬਦੁ ਰਤੰਨੁ ਹੈ" ਦੀ ਚੋਗ ਚੁੱਗ ਰਹੇ ਹੋਣ, ਜੋ ਕਿ ਗੁਰੂ ਸ਼ਬਦ ਦੇ ਸਾਗਰ ਵਿੱਚ ਡੂੰਘੀ ਟੁੱਭੀ ਲਾਇਆਂ ਹੀ ਮਿਲਦੀ ਹੈ :

ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ ॥
ਬਾਣੀ ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਰਾਮ ॥

(ਗੁ.ਗ੍ਰੰ.ਸਾ.ਪੰਨਾ 442)

ੴ

ੴ

ਆਸਾ ਮਹਲਾ ੫॥

ਮਤਾ ਕਰਉ ਸੁ ਪਕਨਿ ਨ ਦੇਈ॥
ਸੀਲ ਸੰਜਮ ਕੈ ਨਿਕਟਿ ਖਲੋਈ॥
ਵੇਸ ਕਰੇ ਬਹੁ ਰੂਪ ਦਿਖਾਵੈ॥
ਗ੍ਰਿਹਿ ਬਸਨਿ ਨ ਦੇਈ ਵਖਿ ਵਖਿ ਭਰਮਾਵੈ॥ ੧॥
ਘਰ ਕੀ ਨਾਇਕਿ ਘਰ ਵਾਸੁ ਨ ਦੇਵੈ॥
ਜਤਨ ਕਰਉ ਉਰਝਾਇ ਪਰੇਵੈ॥ ੧॥ ਰਹਾਉ॥
ਧੁਰ ਕੀ ਭੇਜੀ ਆਈ ਆਮਰਿ॥
ਨਉਖੰਡ ਜੀਤੇ ਸਭਿ ਥਾਨ ਥਨੰਤਰ॥
ਤਟਿ ਤੀਰਥਿ ਨ ਛੋਡੈ ਜੋਗ ਸੰਨਿਆਸ॥
ਪੜਿ ਥਾਕੇ ਸਿੰਮ੍ਰਿਤਿ ਬੇਦ ਅਭਿਆਸ॥ ੨॥
ਜਹ ਬੈਸਉ ਤਹ ਨਾਲੇ ਬੈਸੈ॥
ਸਗਲ ਭਵਨ ਮਹਿ ਸਬਲ ਪ੍ਰਵੇਸੈ॥
ਹੋਛੀ ਸਰਣਿ ਪਇਆ ਰਹਣੁ ਨ ਪਾਈ॥
ਕਹੁ ਮੀਤਾ ਹਉ ਕੈ ਪਹਿ ਜਾਈ॥ ੩॥
ਸੁਣਿ ਉਪਦੇਸੁ ਸਤਿਗੁਰ ਪਹਿ ਆਇਆ॥
ਗੁਰਿ ਹਰਿ ਹਰਿ ਨਾਮੁ ਮੋਹਿ ਮੰਤ੍ਰੁ ਦ੍ਰਿੜਾਇਆ॥
ਨਿਜ ਘਰਿ ਵਸਿਆ ਗੁਣ ਗਾਇ ਅਨੰਤਾ॥
ਪ੍ਰਭੁ ਮਿਲਿਓ ਨਾਨਕ ਭਏ ਅਚਿੰਤਾ॥ ੪॥
ਘਰੁ ਮੇਰਾ ਇਹ ਨਾਇਕਿ ਹਮਾਰੀ॥
ਇਹ ਆਮਰਿ ਹਮ ਗੁਰਿ ਕੀਏ ਦਰਬਾਰੀ॥ ੧॥

(ਗੁ:ਗ੍ਰੰ:ਸਾ:ਪੰਨਾ 371)

ਮਾਇਆ

ਦਾਰਸ਼ਨਿਕ ਦੁਨੀਆ ਵਿੱਚ ਮਾਇਆ ਇੱਕ ਬੜਾ ਜਾਣਿਆ-ਪਛਾਣਿਆ ਨਾਂ ਹੈ। ਰੱਬ ਤੋਂ ਬਾਅਦ, ਉਸੇ ਦੀ ਪੈਦਾ ਕੀਤੀ ਹੋਈ ਇਹ ਦੂਜੀ ਸ਼ਕਤੀ ਹੈ। ਅਕਸਰ ਦੁਨੀਆ ਦੇ ਦਾਰਸ਼ਨਿਕ ਲੋਕਾਂ ਨੇ ਮਾਇਆ ਨੂੰ ਰੱਬ ਦੇ ਮਿਲਾਪ ਵਿੱਚ ਇੱਕ ਵੱਡੀ ਰੁਕਾਵਟ ਸਮਝਿਆ। ਇਸ ਦੇ ਕਈ ਰੂਪ, ਕਈ ਨਾਂ ਪ੍ਰਚਲਿਤ ਹੋ ਗਏ। ਕਿਸੇ ਨੇ ਰੁਪੈ-ਪੈਸੇ, ਧਨ-ਦੌਲਤ ਨੂੰ ਮਾਇਆ ਆਖਿਆ, ਕਿਸੇ ਨੇ ਮਹੱਲ-ਮਾੜੀਆਂ-ਜਾਇਦਾਦਾਂ ਨੂੰ ਮਾਇਆ ਆਖਿਆ, ਕਿਸੇ ਨੇ ਇਸਤਰੀ (ਔਰਤ) ਨੂੰ ਮਾਇਆ ਆਖਿਆ ਅਤੇ ਕਈਆਂ ਨੇ ਤਾਂ ਪ੍ਰਭੂ ਦੀ ਚਲ ਰਹੀ ਸਾਰੀ ਖੇਡ ਨੂੰ ਹੀ ਮਾਇਆ ਦਾ ਨਾਂ ਦੇ ਦਿੱਤਾ। ਮਾਇਆ ਦੇ ਅਣਗਿਣਤ ਰੂਪ ਹਨ। ਗੁਰੂ ਜੀ ਨੇ ਵੀ ਆਖਿਆ :

ਵੇਸ ਕਰੇ ਬਹੁ ਰੂਪ ਦਿਖਾਵੈ।। ਗ੍ਰਿਹਿ ਬਸਨਿ ਨ ਦੇਈ ਵਖਿ ਵਖਿ ਭਰਮਾਵੈ।।

(ਗੁ.ਗ੍ਰੰ.ਸਾ.ਪੰਨਾ 371)

ਪ੍ਰਭੂ ਪ੍ਰਾਪਤੀ ਲਈ ਮਾਇਆ ਦਾ ਤਿਆਗ ਜ਼ਰੂਰੀ ਸਮਝਿਆ ਗਿਆ। ਇਸੇ ਲਈ ਕੁਝ ਰੱਬ-ਪ੍ਰਸਤ ਲੋਕਾਂ ਨੇ ਇਸਤਰੀ, ਪਰਿਵਾਰ, ਘਰ-ਬਾਰ, ਦੌਲਤ-ਦੁਨੀਆ, ਸਭ ਤਿਆਗ ਦਿੱਤੀ ਅਤੇ ਜੰਗਲਾਂ ਵਿੱਚ ਚਲੇ ਗਏ।

ਪਰ ਗੁਰਬਾਣੀ-ਗੁਰਮਤਿ ਗਿਆਨ ਮੁਤਾਬਿਕ ਇਹ ਉੱਤੇ ਦੀਆਂ ਸਾਰੀਆਂ ਚੀਜ਼ਾਂ

ਆਪਣੇ ਆਪ ਵਿੱਚ ਮਾਇਆ ਨਹੀਂ ਹਨ ਅਤੇ ਨਾ ਹੀ ਰੱਬ ਦੇ ਰਾਹ ਵਿੱਚ ਇਹ ਰੁਕਾਵਟ ਹਨ। ਬਲਕਿ ਇਹ ਤਾਂ ਰੱਬ ਵੱਲੋਂ ਬਖਸ਼ੇ ਇਸ ਸਰੀਰਕ ਜੀਵਨ ਦੀਆਂ ਲੋੜਾਂ ਦੀ ਪੂਰਤੀ ਦਾ ਸਾਧਨ ਹੀ ਹਨ। ਇਹ ਸਾਧਨ ਹੀ ਧਰਮ ਖੇਤਰ ਵਿੱਚ ਸੇਵਾ, ਪਰਉਪਕਾਰ, ਲੰਗਰ ਲਾਉਣ, ਸਤਿਸੰਗਤ ਲਈ ਧਰਮ ਸਥਾਨ ਬਣਾਉਣ ਵਿੱਚ ਸਹਾਇਕ ਵੀ ਹੁੰਦੇ ਹਨ। ਦੌਲਤ ਨਾਲ ਹੀ ਲੰਗਰ ਚਲਦੇ ਹਨ, ਧਨ-ਦੌਲਤ ਨਾਲ ਹੀ ਗੁਰਦੁਆਰੇ ਬਣਦੇ ਹਨ, ਧਨ ਨਾਲ ਹੀ ਕਿਸੇ ਗ਼ਰੀਬ ਲੋੜਵੰਦ ਦੀ ਸੇਵਾ ਕੀਤੀ ਜਾ ਸਕਦੀ ਹੈ। ਗੁਰੂ ਜੀ ਨੇ ਵੀ ਬਚਨ ਕੀਤਾ:

ਕੀ ਮਾਇਆ ਰੱਬ ਦੇ ਮਿਲਾਪ ਵਿੱਚ ਰੁਕਾਵਟ ਹੈ?

ਗ੍ਰਿਹਿ ਸੋਭਾ ਜਾ ਕੈ ਰੇ ਨਾਹਿ।। ਆਵਤ ਪਹੀਆ ਖੂਧੇ ਜਾਹਿ।।
ਵਾ ਕੈ ਅੰਤਰਿ ਨਹੀ ਸੰਤੋਖੁ।। ਬਿਨੁ ਸੋਹਾਗਨਿ ਲਾਗੈ ਦੋਖੁ।।

(ਗੁ.ਗ੍ਰੰ.ਸਾ.ਪੰਨਾ 872)

ਗੁਰੂ ਜੀ ਕਹਿੰਦੇ ਹਨ ਕਿ ਜਿਸ ਘਰ ਵਿੱਚ ਧਨ-ਦੌਲਤ ਨਹੀਂ ਹੈ, ਉਸ ਘਰ ਵਿੱਚੋਂ ਤਾਂ ਆਇਆ ਹੋਇਆ ਮੁਸਾਫ਼ਰ ਵੀ ਭੁੱਖਾ ਹੀ ਜਾਂਦਾ ਹੈ, ਉਸਨੂੰ ਰੱਜ ਕੇ ਰੋਟੀ ਨਹੀਂ ਮਿਲਦੀ। ਇਸ ਤਰ੍ਹਾਂ ਦੀ ਗ਼ਰੀਬੀ ਵੀ ਆਪਣੇ ਆਪ ਵਿੱਚ ਇੱਕ ਦੋਖ ਹੈ, ਬਦਕਿਸਮਤੀ ਹੈ। ਇਸ ਲਈ ਇਹਨਾਂ ਸਾਧਨਾਂ ਦਾ ਤਿਆਗ ਹੀ ਰੱਬ ਦਾ ਮਿਲਾਪ ਨਹੀਂ ਹੈ।

ਗੁਰਮਤਿ ਦੀ ਰੌਸ਼ਨੀ ਵਿੱਚ ਵੇਖਿਆ ਜਾਵੇ ਤਾਂ ਮਾਇਆ ਦਾ ਅਸਲ ਰੂਪ ਭਟਕਣਾ ਹੈ। ਜਦੋਂ ਇਹਨਾਂ ਹੀ ਪਦਾਰਥਾਂ-ਦੌਲਤ-ਵਸਤੂਆਂ ਨਾਲ ਅੱਗੇ ਤੋਂ ਅੱਗੇ 'ਕੁਝ ਹੋਰ - ਕੁਝ ਹੋਰ' ਦੀ ਅਸੀਮਿਤ ਭਾਵਨਾ ਜੁੜ ਜਾਂਦੀ ਹੈ ਤਾਂ ਇਹੋ ਵਸਤੂਆਂ ਮਾਇਆ ਹੋ ਜਾਂਦੀਆਂ ਹਨ। ਇੱਥੇ ਆ ਕੇ ਜੀਵਨ ਵਿੱਚੋਂ ਟਿਕਾਓ ਤੇ ਬਿਸਰਾਮ ਖ਼ਤਮ ਹੋ ਜਾਂਦਾ ਹੈ। ਬਸ, ਇਸੇ ਭਟਕਣਾ, ਭੁੱਖ, ਲੋਭ ਦਾ ਨਾਮ ਮਾਇਆ ਹੈ ਜਿਸਦੀ ਮੋਖੁਲੀ ਜੇਵਰੀ, ਰੱਸੀ ਵਿੱਚ ਬੱਝਿਆ ਹੋਇਆ ਮਨੁੱਖ ਦਿਨ-ਰਾਤ ਲੋਭ-ਲਾਲਚ ਦਾ ਨਾਚ ਨੱਚ ਰਿਹਾ ਹੈ।

ਮਾਇਆ ਦਾ ਅਸਲ ਰੂਪ ਕੀ ਹੈ?

ਮਰਕਟ ਮੁਸਟੀ ਅਨਾਜ ਕੀ ਮਨ ਬਉਰਾ ਰੇ ਲੀਨੀ ਹਾਥੁ ਪਸਾਰਿ।।
ਛੂਟਨ ਕੋ ਸਹਸਾ ਪਰਿਆ ਮਨ ਬਉਰਾ ਰੇ ਨਾਚਿਓ ਘਰ ਘਰ ਬਾਰਿ।। ੨।।
ਜਿਉ ਨਲਨੀ ਸੂਅਟਾ ਗਹਿਓ ਮਨ ਬਉਰਾ ਰੇ ਮਾਯਾ ਇਹੁ ਬਿਉਹਾਰੁ।।

(ਗੁ.ਗ੍ਰੰ.ਸਾ.ਪੰਨਾ 336)

ਇਸੇ ਮਾਇਆ ਤੋਂ ਹੀ ਕਬੀਰ ਜੀ ਨੇ ਮਨੁੱਖ ਨੂੰ ਸਾਵਧਾਨ ਕੀਤਾ ਹੈ।

ਕਬੀਰ ਜਗੁ ਬਾਧਿਓ ਜਿਹ ਜੇਵਰੀ ਤਿਹ ਮਤ ਬੰਧਹੁ ਕਬੀਰ।।
ਜੈਹਹਿ ਆਟਾ ਲੋਨ ਜਿਉ ਸੋਨ ਸਮਾਨਿ ਸਰੀਰੁ।।

(ਗੁ.ਗ੍ਰੰ.ਸਾ.ਪੰਨਾ 1370)

ਬਸ ! ਮਾਇਆ ਭਟਕਣਾ ਹੈ, ਬਿਸਰਾਮ ਨਹੀਂ ਹੈ, 'ਮਨ ਬਚ ਕਰਮ' - ਤਿੰਨਾਂ ਵਿੱਚ ਹੀ ਟਿਕਾਉ ਨਹੀਂ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਬਚਨ ਕਰਦੇ ਹਨ :

ਬਿਰਥਾ ਕਹਉ ਕਉਨ ਸਿਉ ਮਨ ਕੀ।।
ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ।। ੧।। ਰਹਾਉ।।

ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ॥
ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ॥ ੧॥
ਮਾਨਸ ਜਨਮੁ ਅਕਾਰਥ ਖੋਵਤ ਲਾਜ ਨ ਲੋਕ ਹਸਨ ਕੀ॥
ਨਾਨਕ ਹਰਿ ਜਸੁ ਕਿਉ ਨਹੀ ਗਾਵਤ ਕੁਮਤਿ ਬਿਨਾਸੈ ਤਨ ਕੀ॥ ੨॥ ੧॥

(ਗੁ.ਗ੍ਰੰ.ਸਾ.ਪੰਨਾ 411)

ਅਸੰਤੁਸ਼ਟ ਜੀਵਨ ਮਾਇਆ ਦੇ ਘੇਰੇ ਵਿੱਚ ਹੈ ਅਤੇ ਰੱਜਿਆ ਹੋਇਆ ਸੰਤੋਖੀ ਜੀਵਨ ਰੱਬ ਦਾ ਸੰਗੀ ਹੈ।

ਬਿਖਿਆ ਮਹਿ ਕਿਨ ਹੀ ਤ੍ਰਿਪਤਿ ਨ ਪਾਈ॥
ਜਿਉ ਪਾਵਕੁ ਈਧਨਿ ਨਹੀ ਧ੍ਰਾਪੈ ਬਿਨੁ ਹਰਿ ਕਹਾ ਅਘਾਈ॥

(ਗੁ.ਗ੍ਰੰ.ਸਾ.ਪੰਨਾ 672)

ਪਰ ਰੱਬ ਦਾ ਸੰਗੀ ਹੋਣ ਲਈ ਜ਼ਰੂਰੀ ਹੈ :

ਸਤੁ ਸੰਤੋਖੁ ਹੋਵੈ ਅਰਦਾਸਿ॥ ਤਾ ਸੁਣਿ ਸਦਿ ਬਹਾਲੇ ਪਾਸਿ॥

(ਗੁ.ਗ੍ਰੰ.ਸਾ.ਪੰਨਾ 878)

ਸੰਤੋਖ ਸੁੱਖ ਹੈ, ਭੁੱਖ ਦੁੱਖ ਹੈ

ਸੰਤੋਖ ਸੁੱਖ ਹੈ, ਭੁੱਖ ਦੁੱਖ ਹੈ। ਅੱਜ ਸੰਸਾਰ ਦਾ ਮਨੁੱਖ ਮਾਇਆ ਦੇ ਘੇਰੇ ਵਿੱਚ ਅਸੰਤੁਸ਼ਟ (ਭੁੱਖ ਵਿੱਚ) ਦੌੜ ਰਿਹਾ ਹੈ। ਪਦਾਰਥ ਤੇ ਸੁੱਖ ਅਣਗਿਣਤ ਹਨ ਪਰ ਮਨੁੱਖ ਸੁਖੀ ਨਹੀਂ ਹੈ ਕਿਉਂਕਿ ਸੁੱਖ ਮਾਨਣ ਲਈ ਬਿਸਰਾਮ ਚਾਹੀਦਾ ਹੈ। ਪਰ ਇਸ ਕੋਲ ਦੌੜ ਕਾਰਣ ਸੁੱਖ ਭੋਗਣ ਦਾ ਸਮਾਂ ਵੀ ਨਹੀਂ ਹੈ। ਮਹੱਲ, ਕੋਠੀਆਂ ਖ਼ੂਬਸੂਰਤ ਹਨ ਪਰ ਇਸ ਕੋਲ ਇਹਨਾਂ ਵਿੱਚ ਰਹਿਣ ਦਾ ਸਮਾਂ ਨਹੀਂ ਹੈ, ਇਹ ਦਿਨ-ਰਾਤ ਸਫ਼ਰ ਵਿੱਚ ਰਹਿੰਦਾ ਹੈ। ਘਰ ਵਿੱਚ ਡਾਇਨਿੰਗ-ਟੇਬਲ 'ਤੇ ਛੱਤੀ ਪ੍ਰਕਾਰ ਦੇ ਭੋਜਨ ਸਜੇ ਹਨ ਪਰ ਇਸ ਕੋਲ ਖਾਣ ਦਾ ਸਮਾਂ ਨਹੀਂ ਹੈ। ਇਹ ਤਾਂ ਐਨਾ ਫਾਸਟ (ਤੇਜ਼) ਦੌੜ ਰਿਹਾ ਹੈ ਕਿ ਇਸ ਦੀ ਲੋੜ ਪੂਰਤੀ ਲਈ ਫਾਸਟ-ਫੂਡ (Fast Food) ਬਣਾਉਣਾ ਪਿਆ ਤਾਂ ਕਿ ਇਹ ਕਾਰ, ਹਵਾਈ ਜਹਾਜ਼ ਵਿੱਚ ਜਾਂਦਾ-ਜਾਂਦਾ ਹੀ ਖਾ ਸਕੇ। ਪਰਿਵਾਰ ਹੈ, ਰਿਸ਼ਤੇਦਾਰ-ਸੰਬੰਧੀ ਹਨ, ਮਿੱਤਰ-ਦੋਸਤ ਹਨ ਪਰ ਇਸ ਕੋਲ ਇਹਨਾਂ ਨਾਲ ਬੈਠਣ ਦਾ ਸਮਾਂ ਕੀ, ਬਲਕਿ ਗੱਲ ਕਰਨ ਦਾ ਸਮਾਂ ਵੀ ਨਹੀਂ ਹੈ। ਜਿਸਨੇ ਗੱਲ ਕਰਨੀ ਹੋਵੇ, ਉਹ ਇਸਦੇ ਮੋਬਾਇਲ ਫ਼ੋਨ 'ਤੇ ਗੱਲ ਕਰ ਲਵੇ। ਮੋਬਾਇਲ ਫ਼ੋਨ ਇਸੇ ਲਈ ਬਣਾਇਆ ਹੈ ਕਿ ਇਸ ਕੋਲ ਬੈਠ ਕੇ ਗੱਲ ਕਰਨ ਦਾ ਸਮਾਂ ਨਹੀਂ ਹੈ।

ਬਸ ! ਇਹ ਵਿਸ਼ਵਾਸ-ਹੀਨ ਅਸੰਤੁਸ਼ਟ ਭਟਕਣਾ ਹੀ ਮਾਇਆ ਹੈ ਜਿਹੜੀ ਹਰ ਵਕਤ ਹਰ ਥਾਵੇਂ ਇਸ ਦੇ ਨਾਲ ਰਹਿੰਦੀ ਹੈ। ਇਸ ਦੇ ਸਬੰਧ ਵਿੱਚ ਗੁਰੂ ਜੀ ਨੇ ਬਚਨ ਕੀਤਾ ਹੈ :

ਬਹੁ ਰੰਗ ਮਾਇਆ ਬਹੁ ਬਿਧਿ ਪੇਖੀ॥ ਕਲਮ ਕਾਗਦ ਸਿਆਨਪ ਲੇਖੀ॥
ਮਹਰ ਮਲੂਕ ਹੋਇ ਦੇਖਿਆ ਖਾਨ॥ ਤਾ ਤੇ ਨਾਹੀ ਮਨੁ ਤ੍ਰਿਪਤਾਨ॥ ੧॥
ਸੋ ਸੁਖੁ ਮੋ ਕਉ ਸੰਤ ਬਤਾਵਹੁ॥ ਤ੍ਰਿਸਨਾ ਬੂਝੈ ਮਨੁ ਤ੍ਰਿਪਤਾਵਹੁ॥ ੧॥ ਰਹਾਉ॥

ਅਸੁ ਪਵਨ ਹਸਤਿ ਅਸਵਾਰੀ॥ ਚੋਆ ਚੰਦਨੁ ਸੇਜ ਸੁੰਦਰਿ ਨਾਰੀ॥
ਨਟ ਨਾਟਿਕ ਆਖਾਰੇ ਗਾਇਆ॥ ਤਾ ਮਹਿ ਮਨਿ ਸੰਤੋਖੁ ਨ ਪਾਇਆ॥ ੨॥
ਤਖਤੁ ਸਭਾ ਮੰਡਨ ਦੋਲੀਚੇ॥ ਸਗਲ ਮੇਵੇ ਸੁੰਦਰ ਬਾਗੀਚੇ॥
ਆਖੇੜ ਬਿਰਤਿ ਰਾਜਨ ਕੀ ਲੀਲਾ॥ ਮਨੁ ਨ ਸੁਹੇਲਾ ਪਰਪੰਚੁ ਹੀਲਾ॥ ੩॥
ਕਰਿ ਕਿਰਪਾ ਸੰਤਨ ਸਚੁ ਕਹਿਆ॥ ਸਰਬ ਸੂਖ ਇਹੁ ਆਨੰਦੁ ਲਹਿਆ॥
ਸਾਧਸੰਗਿ ਹਰਿ ਕੀਰਤਨੁ ਗਾਈਐ॥ ਕਹੁ ਨਾਨਕ ਵਡਭਾਗੀ ਪਾਈਐ॥ ੪॥
ਜਾ ਕੈ ਹਰਿ ਧਨੁ ਸੋਈ ਸੁਹੇਲਾ॥
ਪ੍ਰਭ ਕਿਰਪਾ ਤੇ ਸਾਧਸੰਗਿ ਮੇਲਾ॥ ੧॥ ਰਹਾਉ ਦੂਜਾ॥

(ਗੁ.ਗ੍ਰੰ.ਸਾ.ਪੰਨਾ 179)

ਬਹੁ ਰੰਗਾ ਮਾਇਆ

ਗੁਰੂ ਜੀ ਨੇ ਮਾਇਆ ਦੇ ਪਦਾਰਥੀ ਦੌਲਤ ਰੂਪ ਦੀ ਇੱਕ ਬੜੀ ਰੋਚਕ ਕਹਾਣੀ ਬਿਆਨ ਕੀਤੀ ਹੈ ਕਿ ਦੌਲਤ ਦੀ ਭੁੱਖ ਤ੍ਰਿਸ਼ਨਾ ਰੂਪੀ ਮਾਇਆ ਮੇਰੇ ਜੀਵਨ ਦੇ ਘਰ ਦੀ ਨਾਇਕ (ਘਰ ਚਲਾਉਣ ਵਾਲੀ) ਬਣ ਚੁੱਕੀ ਹੈ, ਮੇਰਾ ਜੀਵਨ ਇਸ ਦੇ ਅਧੀਨ ਹੋ ਗਿਆ ਹੈ। ਇਹ ਘਰ ਦੀ ਨਾਇਕ ਮੇਰੇ ਕਰਮ-ਧਰਮ, ਸੀਲ-ਸੰਜਮ ਵਿੱਚ ਵੀ ਭਟਕਣਾ ਬਣ ਕੇ ਖੜ੍ਹੀ ਹੈ। ਜੋ ਕੁਝ ਕਰਮ-ਧਰਮ ਕਰ ਰਿਹਾ ਹਾਂ, ਉਹ ਵੀ ਵਿਸ਼ਵਾਸ-ਹੀਣ ਹੋ ਕੇ ਹੀ ਕਰ ਰਿਹਾ ਹਾਂ। ਗੁਰਦੁਆਰੇ ਜਾਂਦਾ ਹਾਂ ਪਰ ਗੁਰੂ 'ਤੇ ਵਿਸ਼ਵਾਸ ਨਹੀਂ। ਬਾਣੀ ਪੜ੍ਹਦਾ ਹਾਂ ਪਰ ਮਨ ਟਿੱਕਦਾ ਨਹੀਂ। ਬਸ ! ਘਰ ਦੀ ਨਾਇਕ ਹੀ ਮੈਨੂੰ ਘਰ ਵਿੱਚ ਚੈਨ ਨਾਲ ਵੱਸਣ ਨਹੀਂ ਦਿੰਦੀ। ਜੇ ਕੋਈ ਜਤਨ ਕਰਦਾ ਹਾਂ ਤਾਂ ਹੋਰ ਉਲਝਣ (Confusion) ਵਿੱਚ ਪੈ ਜਾਂਦਾ ਹਾਂ। ਧੁਰ ਤੋਂ ਹੀ ਆਮਰ (ਹਾਕਮ) ਬਣ ਕੇ ਆਈ ਇਹ ਮਾਇਆ ਸਾਰੇ ਸੰਸਾਰ 'ਤੇ ਹਕੂਮਤ ਕਰ ਰਹੀ ਹੈ। ਹਰ ਕੋਈ ਮਾਇਆ ਦੇ ਭੋਗਾਂ ਵਿੱਚ ਗ੍ਰੱਸਿਆ "ਬਾਸ ਕੀਓ ਬਿਖਿਆਨ ਸਿਓ ਬੈਠ ਕੈ ਐਸੇ ਹੀ ਐਸ ਸੁ ਬੈਸ ਬਿਤਾਇਓ", ਜੀਵਨ ਗੁਜ਼ਾਰ ਰਿਹਾ ਹੈ। ਸਤਿਗੁਰੂ ਬਚਨ ਕਰਦੇ ਹਨ :

ਸੋਹਾਗਨਿ ਕਿਰਪਨ ਕੀ ਪੂਤੀ॥ ਸੇਵਕ ਤਜਿ ਜਗਤ ਸਿਉ ਸੂਤੀ॥

(ਗੁ.ਗ੍ਰੰ.ਸਾ.ਪੰਨਾ 872)

ਮਾਇਆ ਸ਼ੂਮ ਦੀ ਧੀ (ਪੂਤੀ) ਹੈ, ਕਿਰਪਨ (ਸ਼ੂਮ ਆਦਮੀ) ਪਿਤਾ ਵਾਂਗੂੰ ਮਾਇਆ ਨੂੰ ਸੰਭਾਲ-ਪਾਲ ਕੇ ਵੱਡਾ ਕਰ ਰਿਹਾ ਹੈ ਅਤੇ ਸੇਵਕ ਤੇ ਭਗਤ-ਜਨ ਨੂੰ ਛੱਡ ਕੇ ਬਾਕੀ ਸਾਰਾ ਸੰਸਾਰ ਇਸ ਮਾਇਆ ਨੂੰ ਪਤਨੀ ਵਾਂਗੂੰ ਜੀਵਨ-ਸਾਥੀ ਬਣਾ ਕੇ ਭੋਗ ਰਿਹਾ ਹੈ। ਸਤਿਗੁਰੂ ਕਹਿੰਦੇ ਹਨ :

ਏਕ ਸੁਹਾਗਨਿ ਜਗਤ ਪਿਆਰੀ॥ ਸਗਲੇ ਜੀਅ ਜੰਤ ਕੀ ਨਾਰੀ॥

(ਗੁ.ਗ੍ਰੰ.ਸਾ.ਪੰਨਾ 871)

ਵੱਡੇ-ਵੱਡੇ ਤੀਰਥ-ਇਸ਼ਨਾਨੀ, ਜੋਗੀ-ਸੰਨਿਆਸੀ, ਵਿਦਵਾਨ-ਵੇਦ ਅਭਿਆਸੀ ਨੂੰ ਵੀ ਇਹ ਮਾਇਆ ਆਪਣੇ ਵੱਸ ਵਿੱਚ ਰੱਖਦੀ ਹੈ। ਜਿੱਥੇ ਵੀ ਜਾਵਾਂ, ਇਹ ਨਾਲ ਹੀ ਪਹੁੰਚ

ਜਾਂਦੀ ਹੈ। ਐਨੀ ਸ਼ਕਤੀਸ਼ਾਲੀ ਹੈ ਕਿ ਵੱਡੇ-ਵੱਡੇ ਧਰਮ ਅਸਥਾਨਾਂ ਦੇ ਸ਼ਾਂਤ ਵਾਤਾਵਰਨ ਵਿੱਚ ਵੀ ਪ੍ਰਵੇਸ਼ ਕਰ ਜਾਂਦੀ ਹੈ। ਇਸ ਮਾਇਆ ਦੇ ਪ੍ਰਭਾਵ ਹੇਠ ਹੀ ਕਈ ਵਾਰ ਧਰਮ-ਅਸਥਾਨਾਂ ਤੇ ਗੁਰਦੁਆਰਿਆਂ ਵਿੱਚ ਆਪਸੀ ਲੜਾਈਆਂ-ਝਗੜੇ, ਵਿਭਚਾਰ ਤੇ ਕਤਲ ਤਕ ਹੋ ਜਾਂਦੇ ਹਨ। ਹੇ ਮਿੱਤਰ ! ਮੈਂ ਐਸਾ ਇਸ ਹੋਛੀ ਆਦਤ ਵਾਲੀ ਮਾਇਆ ਦਾ ਗ਼ੁਲਾਮ ਹੋਇਆ ਹਾਂ ਕਿ ਜੀਵਨ ਵਿੱਚੋਂ ਟਿਕਾਓ ਤੇ ਬਿਸਰਾਮ ਉੱਡ ਗਿਆ ਹੈ ਅਤੇ ਹੁਣ ਇਹ ਮੇਰਾ ਖਹਿੜਾ ਵੀ ਨਹੀਂ ਛੱਡਦੀ। ਹੇ ਮਿੱਤਰ ! ਮੈਨੂੰ ਦੱਸ ਕਿ ਮੈਂ ਕਿੱਥੇ ਜਾਵਾਂ ਕਿ ਮੇਰੇ ਜੀਵਨ ਵਿੱਚ ਮੁੜ ਬਿਸਰਾਮ ਤੇ ਟਿਕਾਓ ਆ ਜਾਵੇ।

ਮਾਇਆ ਦੀ ਸ਼ਕਤੀ

ਮਤਾ ਕਰਉ ਸੁ ਪਕਨਿ ਨ ਦੇਈ।। ਸੀਲ ਸੰਜਮ ਕੈ ਨਿਕਟਿ ਖਲੋਈ।।
ਵੇਸ ਕਰੇ ਬਹੁ ਰੂਪ ਦਿਖਾਵੈ।। ਗ੍ਰਿਹਿ ਬਸਨਿ ਨ ਦੇਈ ਵਖਿ ਵਖਿ ਭਰਮਾਵੈ।। ੧।।
ਘਰ ਕੀ ਨਾਇਕਿ ਘਰ ਵਾਸੁ ਨ ਦੇਵੈ।। ਜਤਨ ਕਰਉ ਉਰਝਾਇ ਪਰੇਵੈ।। ੧।। ਰਹਾਉ।।
ਧੁਰ ਕੀ ਭੇਜੀ ਆਈ ਆਮਰਿ।। ਨਉਖੰਡ ਜੀਤੇ ਸਭਿ ਥਾਨ ਥਨੰਤਰ।।
ਤਟਿ ਤੀਰਥਿ ਨ ਛੋਡੈ ਜੋਗ ਸੰਨਿਆਸ।। ਪੜਿ ਥਾਕੇ ਸਿੰਮ੍ਰਿਤਿ ਬੇਦ ਅਭਿਆਸ।। ੨।।
ਜਹ ਬੈਸਉ ਤਹ ਨਾਲੇ ਬੈਸੈ।। ਸਗਲ ਭਵਨ ਮਹਿ ਸਬਲ ਪ੍ਰਵੇਸੈ।।
ਹੋਛੀ ਸਰਣਿ ਪਇਆ ਰਹਣੁ ਨ ਪਾਈ।। ਕਹੁ ਮੀਤਾ ਹਉ ਕੈ ਪਹਿ ਜਾਈ।। ੩।।

(ਗੁ.ਗ੍ਰੰ.ਸਾ.ਪੰਨਾ 371)

ਦੁਖੀ ਮਨ ਵਿੱਚੋਂ ਇਹ ਅਰਦਾਸ ਹੋਈ :

ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ।।

(ਗੁ.ਗ੍ਰੰ.ਸਾ.ਪੰਨਾ 465)

ਵੱਡੇ ਭਾਗਾਂ ਨਾਲ ਗੁਰੂ ਉਪਦੇਸ਼ ਸ੍ਰਵਣ ਕਰਨ ਦਾ ਸਮਾਂ ਮਿਲਿਆ। ਮਨ ਬਾਣੀ ਨਾਲ ਜੁੜ ਗਿਆ। ਸਤਿਗੁਰੂ ਜੀ ਨੇ ਮੈਨੂੰ ਨਾਮ ਮੰਤ੍ਰ ਦ੍ਰਿੜਾਇਆ, ਮਨ ਨੂੰ ਨਾਮ ਨਾਲ ਜੋੜਿਆ। ਹੁਣ ਮਨ ਨਿੱਜ-ਘਰ ਦਾ ਬਿਸਰਾਮੀ ਹੋ ਕੇ ਪ੍ਰਭੂ ਨਾਲ ਇੱਕ-ਮਿਕ ਹੋ ਗਿਆ। ਪ੍ਰਭੂ ਕਿਰਪਾ ਨਾਲ ਮੇਰੀ ਸਾਰੀ ਤ੍ਰਿਸ਼ਨਾ, ਚਿੰਤਾ ਤੇ ਭਟਕਣਾ ਮਿੱਟ ਗਈ। ਹੁਣ ਮੈਨੂੰ ਮਾਇਆ ਨਾਲੋਂ ਸਬੰਧ ਤੋੜਨਾ ਨਹੀਂ ਪਿਆ, ਮਾਇਆ ਨੂੰ ਤਿਆਗਣਾ ਨਹੀਂ ਪਿਆ। ਬਲਕਿ ਹੁਣ ਤਾਂ ਜੀਵਨ ਦੇ ਘਰ ਵਿੱਚ ਮੈਨੂੰ ਅਤੇ ਇਸ ਮਾਇਆ (ਆਮਰ) ਨੂੰ ਗੁਰੂ ਨੇ ਪ੍ਰਭੂ ਦੇ ਦਰਬਾਰ ਦਾ ਦਰਬਾਰੀ ਕਰ ਦਿੱਤਾ ਹੈ। ਭਾਵ ਹੁਣ ਤਾਂ ਅਸੀਂ ਮਾਇਆ ਸਮੇਤ ਪ੍ਰਭੂ ਦੇ ਹੁਕਮ ਵਿੱਚ "ਮੁਲ ਖਰੀਦੀ ਲਾਲਾ ਗੋਲਾ" ਹੋ ਕੇ ਜੀਵਨ ਗੁਜ਼ਾਰਦੇ, ਨਿੱਜ ਘਰ ਵਿੱਚ ਸੁੱਖ ਮਾਣ ਰਹੇ ਹਾਂ।

ਮਾਇਆ ਨੂੰ ਤਿਆਗਣਾ ਨਹੀਂ

ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ।।

(ਗੁ.ਗ੍ਰੰ.ਸਾ.ਪੰਨਾ 921)

ਮੇਰਾ ਬੈਦੁ ਗੁਰੂ ਗੋਵਿੰਦਾ॥ ...

ਗੁਰੂ ਵੈਦ,
ਪਹਿਲੇ ਰੋਗੀ ਦਾ ਰੋਗ ਬੁੱਝਦੇ ਹਨ
ਤੇ ਫਿਰ ਦਵਾਈ ਵੀ ਦਿੰਦੇ ਹਨ।

ਨਾਲ ਹੀ ਵੈਦ ਤੇ ਮਰੀਜ਼ ਨੂੰ
ਉਹਨਾਂ ਦੇ ਫਰਜ਼ ਵੀ
ਸਮਝਾਉਂਦੇ ਹਨ।

ਗੁਰੂ ਵੈਦ

ਰੋਗੀ ਕਾ ਪ੍ਰਭ ਖੰਡਹੁ ਰੋਗੁ।। ਦੁਖੀਏ ਕਾ ਮਿਟਾਵਹੁ ਪ੍ਰਭ ਸੋਗੁ।।

(ਗੁ.ਗ੍ਰੰ.ਸਾ.ਪੰਨਾ 1146)

ਸਾਡਾ ਜੀਵਨ, ਮਨ ਅਤੇ ਤਨ (ਜੀਵ-ਆਤਮਾ ਅਤੇ ਸਰੀਰ) ਦਾ ਸੁਮੇਲ ਹੈ। ਗੁਰੂ ਜੀ ਨੇ ਵੇਖਿਆ ਕਿ ਕੁਝ ਕਾਰਣਾਂ ਕਰਕੇ ਮਨ ਅਤੇ ਤਨ, ਦੋਵੇਂ ਹੀ ਰੋਗੀ ਹੋ ਸਕਦੇ ਹਨ ਅਤੇ ਕੁਝ ਸਾਧਨਾਂ ਨਾਲ ਦੋਹਾਂ ਨੂੰ ਅਰੋਗ ਰੱਖਿਆ ਜਾ ਸਕਦਾ ਹੈ। ਮਨ ਉੱਤੇ ਗੁਣ-ਅਉਗੁਣ ਦੇ ਚੰਗੇ-ਮੰਦੇ ਵਿਚਾਰ ਅਸਰ ਕਰਦੇ ਹਨ ਅਤੇ ਤਨ ਉੱਤੇ ਸਮੇਂ-ਸਥਾਨ, ਪਹਿਨਣ-ਖਾਣ ਦਾ ਅਸਰ ਜ਼ਰੂਰ ਹੁੰਦਾ ਹੈ।

ਮਨ ਵਿੱਚ ਜਦੋਂ ਅਉਗੁਣਾਂ ਦੇ ਮੰਦੇ ਵਿਚਾਰ (Bad Thoughts) ਰੋਗ ਦੇ ਕਿਟਾਣੂਆਂ ਦੀ ਤਰ੍ਹਾਂ ਪ੍ਰਵੇਸ਼ ਕਰ ਜਾਂਦੇ ਹਨ ਤਾਂ ਮਨ ਰੋਗੀ ਹੋ ਜਾਂਦਾ ਹੈ। ਮਨ ਦੇ ਰੋਗ ਹਨ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਝੂਠ, ਨਿੰਦਾ, ਈਰਖਾ ਆਦਿ। ਬੇ-ਧਿਆਨੇ ਵਿੱਚ ਮੰਦ-ਕਰਮੀ ਵਿਕਾਰੀ 'ਮਨਮੁਖੁ ਰੋਗੀ ਹੈ ਸੰਸਾਰਾ' ਜਾਂ 'ਰੋਗ ਬਿਆਪੇ ਕਰਦੇ ਪਾਪ' ਅਨੁਸਾਰ ਮਨਮੁੱਖ ਰੋਗੀਆਂ ਦੀ ਬੁਰੀ ਸੰਗਤ ਵਿੱਚ ਬੈਠਣ ਨਾਲ ਇਹ ਰੋਗ ਲੱਗ ਜਾਂਦੇ ਹਨ। ਰੋਗ ਵੱਧ ਜਾਣ ਤਾਂ ਉਹੋ ਮੰਦੇ ਵਿਚਾਰ, ਵਿਕਾਰ ਬਣ ਕੇ ਤਨ 'ਤੇ ਵੀ ਅਸਰ ਕਰ ਜਾਂਦੇ ਹਨ। ਚੰਗੀ ਸੰਗਤ (Good Society) ਵਿੱਚ ਰਹਿਣ ਨਾਲ ਮਨ ਵਿੱਚ ਚੰਗੇ ਵਿਚਾਰ, ਸ਼ੁਭ ਗੁਣ

(Virtues) ਪ੍ਰਵੇਸ਼ ਕਰਦੇ ਹਨ ਅਤੇ ਮਨ ਵਿੱਚੋਂ ਮੰਦੇ ਵਿਚਾਰ ਤੇ ਰੋਗ ਦੇ ਕਿਟਾਣੂ ਮਰ ਜਾਂਦੇ ਹਨ। ਇਉਂ ਮਨ ਅਰੋਗ ਹੋ ਜਾਂਦਾ ਹੈ। ਇਸੇ ਤਰ੍ਹਾਂ ਤਨ ਉੱਤੇ ਮੌਸਮ ਤੇ ਸਥਾਨ, ਭਾਵ ਆਲੇ -ਦੁਆਲੇ ਦੀ ਸਫਾਈ (Pollution), ਪਹਿਨਣ-ਖਾਣ ਭਾਵ ਪੌਸ਼ਾਕ ਤੇ ਭੋਜਨ ਆਦਿ ਅਤੇ ਕੁਝ ਮਨ ਦੇ ਰੋਗਾਂ ਤੋਂ ਪੈਦਾ ਹੋਏ ਵਿਕਾਰਾਂ ਦਾ ਅਸਰ ਪੈਂਦਾ ਹੈ। ਜਦੋਂ ਅਨੁਕੂਲ ਮੌਸਮ, ਸਾਫ਼-ਸੁਥਰਾ ਵਾਤਾਵਰਨ ਨਾ ਮਿਲੇ ਅਤੇ ਸਰੀਰਕ ਲੋੜ ਅਨੁਸਾਰ ਪਹਿਨਣ-ਖਾਣ ਦਾ ਨਿਯਮ ਟੁੱਟ ਜਾਵੇ, ਜੀਵਨ ਸੰਜਮ ਵਿੱਚ ਨਾ ਰਹੇ ਤਾਂ ਤਨ ਰੋਗੀ ਹੋ ਜਾਂਦਾ ਹੈ।

ਤਨ ਰੋਗੀ ਕਦੋਂ ਹੋ ਜਾਂਦਾ ਹੈ?

ਜਿਵੇਂ ਚੰਗੀ ਸੰਗਤ ਨਾਲ ਮਨ ਅਰੋਗ ਕੀਤਾ ਜਾ ਸਕਦਾ ਹੈ, ਇਸੇ ਤਰ੍ਹਾਂ ਚੰਗੇ ਡਾਕਟਰ ਨਾਲ ਸੰਪਰਕ ਕਰਕੇ ਉਸਦੀ ਰਾਇ ਅਨੁਸਾਰ ਦਵਾਈ ਲੈਣ ਨਾਲ ਅਤੇ ਜੀਵਨ ਸੰਜਮ ਨਾਲ ਤਨ ਅਰੋਗ ਰੱਖਿਆ ਜਾ ਸਕਦਾ ਹੈ।

ਗੁਰੂ ਜੀ ਮਹਾਨ ਵੈਦ ਹਨ। ਭਾਈ ਗੁਰਦਾਸ ਜੀ ਦੇ ਕਹੇ ਮੁਤਾਬਿਕ :

ਸਤਿਗੁਰੁ ਪੂਰਾ ਵੈਦੁ ਹੈ ਪੰਜੇ ਰੋਗ ਅਸਾਧ ਨਿਵਾਰੇ।

(ਵਾਰ 26, ਪਉੜੀ 19)

ਗੁਰੂ ਜੀ, ਸੰਸਾਰ ਨੂੰ ਮਨ ਅਤੇ ਤਨ ਕਰਕੇ ਅਰੋਗ ਵੇਖਣਾ ਚਾਹੁੰਦੇ ਹਨ, ਤੇ ਪਹਿਲਾਂ ਰੋਗ ਬੁੱਝਦੇ ਹਨ।

ਅਹੰਕਾਰੁ ਤਿਸਨਾ ਰੋਗੁ ਲਗਾ ਬਿਰਥਾ ਜਨਮੁ ਗਵਾਵਹੇ॥

(ਗੁ.ਗ੍ਰੰ.ਸਾ.ਪੰਨਾ 441)

ਜੇ ਤਨਿ ਬਾਣੀ ਵਿਸਰਿ ਜਾਇ॥ ਜਿਉ ਪਕਾ ਰੋਗੀ ਵਿਲਲਾਇ॥

(ਗੁ.ਗ੍ਰੰ.ਸਾ.ਪੰਨਾ 661)

ਮਿਠਾ ਕਰਿ ਕੈ ਖਾਇਆ ਬਹੁ ਸਾਦਹੁ ਵਧਿਆ ਰੋਗੁ॥

(ਗੁ.ਗ੍ਰੰ.ਸਾ.ਪੰਨਾ 785)

ਹੋਤ ਰੋਗ ਕਾ ਸਗਲ ਸੰਸਾਰਾ॥ ਤ੍ਰਿਬਿਧਿ ਰੋਗ ਮਹਿ ਬਧੇ ਬਿਕਾਰਾ॥ ੨॥
ਰੋਗੇ ਮਰਤਾ ਰੋਗੇ ਜਨਮੈ॥ ਰੋਗੇ ਫਿਰਿ ਫਿਰਿ ਜੋਨੀ ਭਰਮੈ॥
ਰੋਗ ਬੰਧ ਰਹਨੁ ਰਤੀ ਨ ਪਾਵੈ॥ ਬਿਨੁ ਸਤਿਗੁਰ ਰੋਗੁ ਕਤਹਿ ਨ ਜਾਵੈ॥ ੩॥
ਪਾਰਬ੍ਰਹਮਿ ਜਿਸੁ ਕੀਨੀ ਦਇਆ॥ ਬਾਹ ਪਕੜਿ ਰੋਗਹੁ ਕਢਿ ਲਇਆ॥
ਤੂਟੇ ਬੰਧਨ ਸਾਧਸੰਗੁ ਪਾਇਆ॥ ਕਹੁ ਨਾਨਕ ਗੁਰਿ ਰੋਗੁ ਮਿਟਾਇਆ॥ ੪॥

(ਗੁ.ਗ੍ਰੰ.ਸਾ.ਪੰਨਾ 1140)

ਮੇਰਾ ਬੈਦੁ ਗੁਰੂ ਗੋਵਿੰਦਾ॥ ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ ਕਾਟੈ ਜਮ ਕੀ ਫੰਧਾ॥

(ਗੁ.ਗ੍ਰੰ.ਸਾ.ਪੰਨਾ 618)

'ਮੇਰਾ ਬੈਦੁ ਗੁਰੂ ਗੋਵਿੰਦਾ' ਜਿੱਥੇ ਰੋਗੀ ਦਾ ਰੋਗ ਬੁੱਝਦਾ ਹੈ, ਉੱਥੇ 'ਹਰਿ ਹਰਿ ਨਾਮੁ ਅਉਖਧੁ' (ਦਵਾਈ) ਵੀ ਦਿੰਦਾ ਹੈ। ਫਿਰ ਪੂਰਾ ਗੁਰੂ ਦੁਨੀਆ ਦੇ ਪਦਾਰਥ-ਸੁੱਖ ਛੱਡ ਦੇਣ ਲਈ ਨਹੀਂ ਕਹਿੰਦਾ, ਬਲਕਿ ਕੇਵਲ ਸੰਜਮ (ਸੀਮਿਤ ਵਰਤੋਂ) ਸਿੱਖਾਉਂਦਾ ਹੈ।

ਕਾਮ ਨੂੰ ਸੰਜਮ ਵਿੱਚ ਰੱਖਣਾ ਹੀ ਤਾਂ ਗ੍ਰਿਸਤੀ ਜੀਵਨ ਹੈ। ਕ੍ਰੋਧ ਸੰਜਮ ਵਿੱਚ ਬੀਰ ਰਸ ਬਣੇਗਾ, ਲੋਭ ਸੰਜਮ ਵਿੱਚ ਕਿਰਤੀ ਬਣਾਏਗਾ, ਮੋਹ ਸੰਜਮ ਵਿੱਚ ਪ੍ਰੇਮ ਦਾ ਰੂਪ ਹੋਵੇਗਾ, ਅਹੰਕਾਰ ਸੰਜਮ ਵਿੱਚ ਸ੍ਵੈ-ਮਾਨ (ਗ਼ੈਰਤ) ਬਣ ਜਾਂਦਾ ਹੈ। ਜਿਵੇਂ ਸੰਜਮ ਵਿੱਚ ਖਾਧਾ ਘਿਉ ਬਲਵਾਨ ਕਰਦਾ ਹੈ ਪਰ ਬਿਨਾ ਸੰਜਮ ਜ਼ਿਆਦਾ ਖਾਧਾ ਘਿਉ ਜਾਂ ਭੋਜਨ ਵੀ ਰੋਗੀ ਕਰ ਦਿੰਦਾ ਹੈ। ਇਉਂ ਮਨ ਦੀਆਂ ਹਰ ਤਰ੍ਹਾਂ ਦੀਆਂ ਬੇਕਾਬੂ ਖ਼ਾਹਿਸ਼ਾਂ 'ਤੇ ਕਾਬੂ ਪਾਉਣਾ ਹੀ ਜੀਵਨ ਦੀ ਅਰੋਗਤਾ ਦੀ ਕੁੰਜੀ ਹੈ।

ਜੀਵਨ ਦੀ ਅਰੋਗਤਾ ਦੀ ਕੁੰਜੀ ਕੀ ਹੈ?

ਹਰਿ ਅਉਖਧੁ ਸਭ ਘਟ ਹੈ ਭਾਈ।। ਗੁਰ ਪੂਰੇ ਬਿਨੁ ਬਿਧਿ ਨ ਬਨਾਈ।।
ਗੁਰਿ ਪੂਰੈ ਸੰਜਮੁ ਕਰਿ ਦੀਆ।। ਨਾਨਕ ਤਉ ਫਿਰਿ ਦੂਖ ਨ ਥੀਆ।।

(ਗੁ.ਗ੍ਰੰ.ਸਾ.ਪੰਨਾ 259)

ਗੁਰੂ ਜੀ ਤਨ ਦੇ ਰੋਗਾਂ ਲਈ ਮਾਹਿਰ ਵੈਦ ਨੂੰ ਵੀ ਇਸੇ ਲਈ ਪਹਿਲੇ ਉਸਦੇ ਫ਼ਰਜ਼ ਸਮਝਾਉਂਦੇ ਹਨ :

ਵੈਦਾ ਵੈਦੁ ਸੁਵੈਦੁ ਤੂ ਪਹਿਲਾਂ ਰੋਗੁ ਪਛਾਣੁ।।
ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ।।
ਜਿਤੁ ਦਾਰੂ ਰੋਗ ਉਠਿਅਹਿ ਤਨਿ ਸੁਖੁ ਵਸੈ ਆਇ।।
ਰੋਗੁ ਗਵਾਇਹਿ ਆਪਣਾ ਤ ਨਾਨਕ ਵੈਦੁ ਸਦਾਇ।।

(ਗੁ.ਗ੍ਰੰ.ਸਾ.ਪੰਨਾ 1279)

ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ।।

(ਗੁ.ਗ੍ਰੰ.ਸਾ.ਪੰਨਾ 148)

ਹੇ ਡਾਕਟਰ ! ਪਹਿਲਾਂ ਧਿਆਨ ਨਾਲ ਟੈਸਟ ਕਰਕੇ ਰੋਗੀ ਦਾ ਰੋਗ ਪਛਾਣ, ਫਿਰ ਯੋਗ ਦਵਾਈ ਨਿਸ਼ਚਿਤ ਕਰ। ਫਿਰ ਮਰੀਜ਼ ਨੂੰ ਸਮਝਾਉਂਦੇ ਹਨ ਕਿ ਜੇ ਡਾਕਟਰ ਦੀ ਸਲਾਹ ਮੁਤਾਬਿਕ ਹੀ ਦਵਾਈ ਦਾ ਸੇਵਨ ਅਤੇ ਪਰਹੇਜ਼ ਕਰੇਂਗਾ ਤਾਂ ਹੀ ਅਰੋਗ ਹੋਵੇਂਗਾ। ਡਾਕਟਰ ਦੀ ਸਲਾਹ ਤੇ ਸੰਜਮ ਨਾਲ ਲਈ ਹੋਈ ਦਵਾਈ ਹੀ ਤੰਦਰੁੱਸਤ ਕਰਦੀ ਹੈ। ਚੇਤੇ ਰੱਖ :

ਪੂਛਤ ਹੈ ਬੈਦ ਖਾਤ ਅਉਖਧਿ ਨ ਸੰਜਮ ਸੈ,
ਕੈਸੇ ਮਿਟੈ ਰੋਗ ਸੁਖ ਸਹਜਿ ਸਮਾਈਐ।।

(ਕਬਿਤ ਸਵਯੇ, ਭਾਈ ਗੁਰਦਾਸ ਜੀ)

ਵੈਦ ਅਤੇ ਰੋਗੀ ਨੂੰ ਆਪੋ-ਆਪਣਾ ਫ਼ਰਜ਼ ਸਮਝਾ ਕੇ ਗੁਰੂ ਜੀ ਸਭ ਰੋਗੀਆਂ ਦੇ ਭਲੇ ਲਈ ਰੱਬ ਅੱਗੇ ਅਰਦਾਸ ਕਰਦੇ ਹਨ :

ਰੋਗੀ ਕਾ ਪ੍ਰਭ ਖੰਡਹੁ ਰੋਗੁ।। ਦੁਖੀਏ ਕਾ ਮਿਟਾਵਹੁ ਪ੍ਰਭ ਸੋਗੁ।।

(ਗੁ.ਗ੍ਰੰ.ਸਾ.ਪੰਨਾ 1146)

ਗੁਰੂ ਨਾਨਕ ਅਰਦਾਸ ਕਰਦੇ ਹਨ ਕਿ ਹੇ ਪ੍ਰਭੂ ! ਸਭ ਰੋਗੀਆਂ ਦੇ ਰੋਗ ਦੂਰ ਕਰੋ, ਸਭ ਦੁਖੀਆਂ ਦੇ ਦੁੱਖ ਮਿਟਾ ਦਿਓ।

☩

ਜੀਵ ਮੁਕਤੀ ਦੇ ਦਰਵਾਜ਼ੇ ਤੋਂ
ਕਿਵੇਂ ਪਾਰ ਹੋਵੇਗਾ ?

☩

ਗੁਰਮਤਿ ਵਿੱਚ ਕਿਹੜੀ
ਮੁਕਤੀ ਨੂੰ
ਪ੍ਰਵਾਨ ਕੀਤਾ ਗਿਆ ਹੈ ?

☩

ਜੀਵ ਨੂੰ ਮੁਕਤ ਹੋਣ ਲਈ
ਕੀ ਕਰਨਾ ਪਵੇਗਾ ?

☩

ਗੁਰੂ ਦਇਆਲ

ਕਬੀਰ ਮੁਕਤਿ ਦੁਆਰਾ ਸੰਕੁੜਾ ਰਾਈ ਦਸਵੈ ਭਾਇ॥
ਮਨੁ ਤਉ ਮੈਗਲੁ ਹੋਇ ਰਹਾ ਨਿਕਸਿਆ ਕਿਉ ਕਰਿ ਜਾਇ॥
ਐਸਾ ਸਤਿਗੁਰ ਜੇ ਮਿਲੈ ਤੁਠਾ ਕਰੇ ਪਸਾਉ॥
ਮੁਕਤਿ ਦੁਆਰਾ ਮੋਕਲਾ ਸਹਜੇ ਆਵਉ ਜਾਉ॥ ੧॥

(ਗੁ.ਗ੍ਰੰ.ਸਾ.ਪੰਨਾ 509)

ਕਬੀਰ ਜੀ ਆਖਦੇ ਹਨ ਕਿ ਮੁਕਤੀ ਦਾ ਦਰਵਾਜ਼ਾ ਛੋਟਾ ਹੈ, ਬਹੁਤ ਭੀੜਾ ਹੈ, ਰਾਈ ਦੇ ਦਾਣੇ ਦੇ ਦਸਵੇਂ ਹਿੱਸੇ ਜਿੰਨਾ। ਪਰ ਮਨ ਹਾਥੀ ਵਾਂਗੂੰ ਹੋ ਚੁੱਕਾ ਹੈ, ਇਸ ਮੁਕਤੀ ਦੇ ਦਰਵਾਜ਼ੇ ਤੋਂ ਕਿਵੇਂ ਪਾਰ ਹੋਵੇ। ਭਾਵ ਕਿ ਅਸੰਭਵ ਹੈ। ਫਿਰ ਸੋਚਦੇ ਹਨ ਕਿ ਜੇਕਰ ਐਸਾ ਸਤਿਗੁਰੂ ਮਿਲ ਜਾਵੇ ਜਿਹੜਾ 'ਕਿਰਪਾ' ਕਰਕੇ ਕੋਈ ਸਾਧਨ ਬਣਾਵੇ ਅਤੇ ਮੁਕਤੀ ਦਾ ਦੁਆਰਾ, ਮੋਕਲਾ ਜਾਂ ਖੁੱਲ੍ਹਾ ਹੋ ਜਾਵੇ ਤਾਂ ਕਿ ਆਸਾਨੀ ਨਾਲ ਆ-ਜਾ ਸਕਾਂ।

ਮ: ੩॥

ਨਾਨਕ ਮੁਕਤਿ ਦੁਆਰਾ ਅਤਿ ਨੀਕਾ ਨਾਨ੍ਹਾ ਹੋਇ ਸੁ ਜਾਇ॥
ਹਉਮੈ ਮਨੁ ਅਸਥੂਲੁ ਹੈ ਕਿਉ ਕਰਿ ਵਿਚੁ ਦੇ ਜਾਇ॥
ਸਤਿਗੁਰ ਮਿਲਿਐ ਹਉਮੈ ਗਈ ਜੋਤਿ ਰਹੀ ਸਭ ਆਇ॥

ਇਹੁ ਜੀਉ ਸਦਾ ਮੁਕਤੁ ਹੈ ਸਹਜੇ ਰਹਿਆ ਸਮਾਇ॥ ੨॥

(ਗੁ.ਗ੍ਰੰ.ਸਾ.ਪੰਨਾ 509)

ਤੀਜੇ ਪਾਤਸ਼ਾਹ ਗੁਰੂ ਅਮਰਦਾਸ ਸਾਹਿਬ ਬਚਨ ਕਰਦੇ ਹਨ, ਕਬੀਰ ਜੀ ! ਤੁਹਾਡਾ ਫ਼ਿਕਰ ਕਰਨਾ ਤਾਂ ਠੀਕ ਹੈ ਪਰ ਇਸ ਤੋਂ ਪਹਿਲਾਂ ਮੁਕਤੀ, ਮੁਕਤੀ ਦਾ ਦਰ ਅਤੇ ਮਨ ਦਾ ਹਾਥੀ ਵਾਂਗੂੰ ਵੱਡੇ ਹੋਣ ਸਬੰਧੀ ਜਾਣ ਲੈਣਾ ਜ਼ਰੂਰੀ ਹੈ।

ਮਰਨ ਤੋਂ ਬਾਅਦ ਮਿਲਣ ਵਾਲੀ ਕਿਸੇ ਮੁਕਤੀ ਨੂੰ ਗੁਰਮਤਿ ਨੇ ਪ੍ਰਵਾਨ ਨਹੀਂ ਕੀਤਾ, ਇਹ ਉਧਾਰ ਧਰਮ ਹੈ।

ਬੇਣੀ ਕਹੈ ਸੁਨਹੁ ਰੇ ਭਗਤਹੁ ਮਰਨ ਮੁਕਤਿ ਕਿਨਿ ਪਾਈ॥

(ਗੁ.ਗ੍ਰੰ.ਸਾ.ਪੰਨਾ 93)

ਕਈ ਬੈਕੁੰਠ ਨਾਹੀ ਲਵੈ ਲਾਗੇ॥
ਮੁਕਤਿ ਬਪੁੜੀ ਭੀ ਗਿਆਨੀ ਤਿਆਗੇ॥

(ਗੁ.ਗ੍ਰੰ.ਸਾ.ਪੰਨਾ 1078)

ਗੁਰਮਤਿ ਅਨੁਸਾਰ ਕਿਹੜੀ ਮੁਕਤੀ ਪ੍ਰਵਾਨ ਹੈ?

ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ॥
ਏ ਪੰਡੀਆ ਮੋ ਕਉ ਢੇਢ ਕਹਤ ਤੇਰੀ ਪੈਜ ਪਿਛੰਉਡੀ ਹੋਇਲਾ॥

(ਗੁ.ਗ੍ਰੰ.ਸਾ.ਪੰਨਾ 1292)

ਸੋ, ਗੁਰਮਤਿ ਵਿੱਚ ਮਰਨ ਮੁਕਤ ਨੂੰ ਪ੍ਰਵਾਨ ਨਹੀਂ ਕੀਤਾ ਗਿਆ, ਬਲਕਿ ਜੀਵਨ ਮੁਕਤ ਨੂੰ ਪ੍ਰਵਾਨ ਕੀਤਾ ਗਿਆ ਹੈ। ਸਾਰੇ ਸੰਸਾਰ ਦਾ ਜੀਵਨ ਕਿਸੇ ਨਾ ਕਿਸੇ ਬੰਧਨ ਵਿੱਚ ਗ੍ਰਸਿਆ ਹੋਇਆ ਪਿੰਜਰੇ ਦੇ ਪੰਛੀ ਵਾਂਗੂੰ ਫੜ-ਫੜਾ ਰਿਹਾ ਹੈ। ਮੁਕਤੀ ਦਾ ਰਾਹ ਜਾਣਦਾ ਨਹੀਂ ਬਲਕਿ ਹਰ ਨਵੇਂ ਦਿਨ ਨਵੀਆਂ ਫਾਹੀਆਂ ਵਿੱਚ ਫੱਸ ਰਿਹਾ ਹੈ। ਗੁਰੂ ਜੀ ਕਹਿੰਦੇ ਹਨ :

ਫਿਰਿ ਫਿਰਿ ਫਾਹੀ ਫਾਸੈ ਕਊਆ॥ ਫਿਰਿ ਪਛੁਤਾਨਾ ਅਬ ਕਿਆ ਹੂਆ॥

(ਗੁ.ਗ੍ਰੰ.ਸਾ.ਪੰਨਾ 935)

ਜਾਲੀ ਰੈਨਿ ਜਾਲੁ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੀ॥
ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ ਛੂਟਸਿ ਮੂੜੇ ਕਵਨ ਗੁਣੀ॥

(ਗੁ.ਗ੍ਰੰ.ਸਾ.ਪੰਨਾ 990)

ਬੰਧਨ ਮਾਤ ਪਿਤਾ ਸੰਸਾਰਿ॥ ਬੰਧਨ ਸੁਤ ਕੰਨਿਆ ਅਰੁ ਨਾਰਿ॥ ੨॥
ਬੰਧਨ ਕਰਮ ਧਰਮ ਹਉ ਕੀਆ॥ ਬੰਧਨ ਪੁਤੁ ਕਲਤੁ ਮਨਿ ਬੀਆ॥ ੩॥
ਬੰਧਨ ਕਿਰਖੀ ਕਰਹਿ ਕਿਰਸਾਨ॥ ਹਉਮੈ ਡੰਨੁ ਸਹੈ ਰਾਜਾ ਮੰਗੈ ਦਾਨ॥ ੪॥
ਬੰਧਨ ਸਉਦਾ ਅਣਵੀਚਾਰੀ॥ ਤਿਪਤਿ ਨਾਹੀ ਮਾਇਆ ਮੋਹ ਪਸਾਰੀ॥ ੫॥
ਬੰਧਨ ਸਾਹ ਸੰਚਹਿ ਧਨੁ ਜਾਇ॥ ਬਿਨੁ ਹਰਿ ਭਗਤਿ ਨ ਪਵਈ ਥਾਇ॥ ੬॥
ਬੰਧਨ ਬੇਦੁ ਬਾਦੁ ਅਹੰਕਾਰ॥ ਬੰਧਨਿ ਬਿਨਸੈ ਮੋਹ ਵਿਕਾਰ॥ ੭॥

ਨਾਨਕ ਰਾਮ ਨਾਮ ਸਰਣਾਈ।। ਸਤਿਗੁਰਿ ਰਾਖੇ ਬੰਧੁ ਨ ਪਾਈ।। ੮।।

(ਗੁ.ਗ੍ਰੰ.ਸਾ.ਪੰਨਾ 416)

ਸੋ, ਜੀਵਨ ਨੂੰ ਮੁਕਤੀ ਦੀ ਜ਼ਰੂਰਤ ਹੈ। ਸਤਿਗੁਰੂ ਜੀ ਕਹਿੰਦੇ ਹਨ, ਕਬੀਰ ਜੀ ਵੇਖੋ :

ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ।।

ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ।।

(ਗੁ.ਗ੍ਰੰ.ਸਾ.ਪੰਨਾ 595)

ਕੀ ਜੀਵਨ ਨੂੰ ਮੁਕਤੀ ਦੀ ਜ਼ਰੂਰਤ ਹੈ ?

ਇਹੁ ਕੁਟੰਬੁ ਸਭੁ ਜੀਅ ਕੇ ਬੰਧਨ ਭਾਈ ਭਰਮਿ ਭੁਲਾ ਸੈਂਸਾਰਾ।।

ਬਿਨੁ ਗੁਰ ਬੰਧਨ ਟੂਟਹਿ ਨਾਹੀ ਗੁਰਮੁਖਿ ਮੋਖ ਦੁਆਰਾ।।

(ਗੁ.ਗ੍ਰੰ.ਸਾ.ਪੰਨਾ 602)

ਸੰਸਾਰੀ ਮਨੁੱਖ ਦਾ ਸਾਰਾ ਅਡੰਬਰ ਹਉਮੈ ਰੂਪੀ ਹਾਥੀ ਦਾ ਪ੍ਰਤੀਕ ਹੀ ਤਾਂ ਬਣ ਚੁੱਕਾ ਹੈ, ਇਹ ਮੁਕਤੀ ਦੇ ਸੰਕਰੇ ਦੁਆਰੇ ਦੀ ਸਾਰ ਕੀ ਜਾਣੇ। ਗੁਰੂ ਜੀ ਕਹਿੰਦੇ ਹਨ :

ਹਉ ਵਿਚਿ ਆਇਆ ਹਉ ਵਿਚਿ ਗਇਆ।। ਹਉ ਵਿਚਿ ਜੰਮਿਆ ਹਉ ਵਿਚਿ ਮੁਆ।।

ਹਉ ਵਿਚਿ ਦਿਤਾ ਹਉ ਵਿਚਿ ਲਇਆ।। ਹਉ ਵਿਚਿ ਖਟਿਆ ਹਉ ਵਿਚਿ ਗਇਆ।।

ਹਉ ਵਿਚਿ ਸਚਿਆਰੁ ਕੂੜਿਆਰੁ।। ਹਉ ਵਿਚਿ ਪਾਪ ਪੁੰਨ ਵੀਚਾਰੁ।।

ਹਉ ਵਿਚਿ ਨਰਕਿ ਸੁਰਗਿ ਅਵਤਾਰੁ।। ਹਉ ਵਿਚਿ ਹਸੈ ਹਉ ਵਿਚਿ ਰੋਵੈ।।

ਹਉ ਵਿਚਿ ਭਰੀਐ ਹਉ ਵਿਚਿ ਧੋਵੈ।। ਹਉ ਵਿਚਿ ਜਾਤੀ ਜਿਨਸੀ ਖੋਵੈ।।

ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ।। ਮੋਖ ਮੁਕਤਿ ਕੀ ਸਾਰ ਨ ਜਾਣਾ।।

(ਗੁ.ਗ੍ਰੰ.ਸਾ.ਪੰਨਾ 466)

ਸੋ, ਕਬੀਰ ਜੀ ! ਮੁਕਤੀ ਦਾ ਸੰਕਰਾ ਦਰਵਾਜ਼ਾ ਬਹੁਤ ਚੰਗਾ ਹੈ ਜਿਸ ਵਿੱਚੋਂ ਪਾਰ ਹੋਣ ਲਈ ਮਨ ਨੂੰ ਹਉਮੈ ਦਾ ਤਿਆਗ ਕਰਕੇ ਨਾਨਾ (ਛੋਟਾ) ਨਿਮਰਤਾ ਵਾਲਾ ਹੋਣਾ ਪੈਂਦਾ ਹੈ। ਜੇ ਜੀਵ ਨੂੰ ਪੂਰੇ ਸਤਿਗੁਰੂ ਜੀ ਦੀ ਸ਼ਰਨ ਮਿਲ ਜਾਵੇ, ਤਾਂ ਜੀਵ ਆਪਣੀ ਹਉਂ ਭਰੀ ਮਤ ਅਤੇ ਮਨ ਨੂੰ ਗੁਰੂ ਅੱਗੇ ਅਰਪਣ ਕਰ ਦੇਵੇ ਅਤੇ ਨਿਮਰਤਾ ਸਹਿਤ ਗੁਰੂ ਹੁਕਮ ਵਿੱਚ ਜੀਵਨ ਗੁਜ਼ਾਰੇ ਤਾਂ ਜਿੱਥੇ ਗੁਰੂ ਗੁਰਮਤਿ ਦੇ ਸੂਖਮ ਵਿਚਾਰਾਂ ਰਾਹੀਂ ਮਨ ਨੀਵਾਂ ਕਰੇਗਾ, ਉੱਥੇ ਗਿਆਨ ਵਿਸ਼ਾਲਤਾ ਅਤੇ ਦਿਆਲਤਾ ਰਾਹੀਂ ਮੁਕਤੀ ਦਾ ਦੁਆਰਾ ਵੀ ਐਨਾ ਵੱਡਾ ਕਰ ਦੇਵੇਗਾ ਕਿ ਜੀਵ ਸਹਿਜੇ ਹੀ ਉਸ ਵਿੱਚੋਂ ਲੰਘ ਸਕੇ।

ਇਸੇ ਲਈ ਗੁਰੂ ਨਾਨਕ ਨੇ ਸਿੱਧਾਂ, ਜੋਗੀਆਂ ਦੇ ਸਰਦੀਆਂ ਵਿੱਚ ਕੀਤੇ ਜਲ ਧਾਰੇ, ਗਰਮੀਆਂ ਦੀਆਂ ਧੂਣੀਆਂ ਤਾਪੀਆਂ, ਘਰ-ਬਾਰ ਛੱਡ ਕੇ ਰੱਬ ਦੀ ਪ੍ਰਾਪਤੀ ਲਈ ਜੰਗਲ ਬੀਆਬਾਨਾਂ ਵਿੱਚ ਪੁੱਠੇ ਲਟਕ ਕੇ ਤਪ ਕਰਨ ਨੂੰ ਮਨ-ਹਠ ਆਖ ਕੇ ਬਚਨ ਕੀਤਾ:

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ।।

ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ।।

(ਗੁ.ਗ੍ਰੰ.ਸਾ.ਪੰਨਾ 522)

ਜੀਵ ਦੀ ਜ਼ਿੰਮੇਵਾਰੀ ਮਾਂ ਨੂੰ
ਕਿਉਂ ਸੌਂਪੀ ਗਈ ?

ਅੱਜ ਪਰਿਵਾਰਿਕ ਸਾਂਝ
ਦੇ ਟੁੱਟਣ ਦਾ ਕੀ ਕਾਰਣ ਹੈ ?

ਇੱਕ ਸਿੱਖ ਮਾਂ ਕੈਸੀ ਹੋਵੇ ?

ਮਾਂ

ਸੰਸਾਰ ਦਾ ਹਰੇਕ ਧਾਰਮਿਕ ਅਤੇ ਵਿਗਿਆਨਿਕ ਵਿਅਕਤੀ ਇੱਕ ਗੱਲ ਮੰਨਦਾ ਹੈ ਕਿ ਹਰੇਕ ਜੀਵ ਦੀ ਪੈਦਾਇਸ਼ ਦਾ ਸਾਧਨ ਮਾਂ-ਬਾਪ (ਨਰ-ਮਦੀਨ) ਦਾ ਜੋੜਾ ਹੈ। ਗੁਰੂ ਜੀ ਕੁਝ ਹੋਰ ਡੂੰਘਾਈ ਵਿੱਚ ਸੋਚ ਕੇ ਆਖਦੇ ਹਨ ਕਿ ਫਿਰ ਰੱਬ ਕਰਤਾ ਪੁਰਖ ਕਿਵੇਂ ਹੋਇਆ ?

ਗੁਰੂ ਜੀ ਕਹਿੰਦੇ ਹਨ ਕਿ ਮਾਤਾ-ਪਿਤਾ ਦੇ ਮਿਲਾਪ ਤੋਂ ਸਰੀਰ ਰੂਪੀ ਭਾਂਡਾ ਹੋਂਦ ਵਿੱਚ ਆਉਂਦਾ ਹੈ ਅਤੇ ਉਸ ਵਿੱਚ ਜੀਵਨ ਜੋਤ ਰੱਖ ਕੇ ਪ੍ਰਭੂ ਸੰਪੂਰਨ ਜੀਵ ਦੀ ਸਿਰਜਨਾ ਕਰਦਾ ਹੈ।

ਮਿਲਿ ਮਾਤ ਪਿਤਾ ਪਿੰਡੁ ਕਮਾਇਆ ।।
ਤਿਨਿ ਕਰਤੈ ਲੇਖੁ ਲਿਖਾਇਆ ।।

(ਗੁ.ਗ੍ਰੰ.ਸਾ.ਪੰਨਾ 989)

ਫਿਰ ਪ੍ਰਮਾਤਮਾ ਸਰਬ-ਵਿਆਪੀ ਹੋਣ ਕਰਕੇ ਮਾਤਾ-ਪਿਤਾ ਵਿੱਚ ਬੈਠਾ ਵੀ ਉਹੋ ਵਰਤ ਰਿਹਾ ਹੈ।

ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ
ਤਾ ਤੂ ਜਗ ਮਹਿ ਆਇਆ ।।

ਹਰਿ ਜੋਤਿ ਰਖੀ ਤੁਧੁ ਵਿਚਿ
ਤਾ ਤੂ ਜਗ ਮਹਿ ਆਇਆ।।
ਆਪੇ ਮਾਤਾ ਆਪੇ ਪਿਤਾ ਜਿਨਿ ਜੀਉ ਉਪਾਇ ਜਗਤੁ ਦਿਖਾਇਆ।।
ਗੁਰ ਪਰਸਾਦੀ ਬੁਝਿਆ ਤਾ ਚਲਤੁ ਹੋਆ ਚਲਤੁ ਨਦਰੀ ਆਇਆ।।
ਕਹੈ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ ਜੋਤਿ ਰਾਖੀ ਤਾ ਤੂ ਜਗ ਮਹਿ ਆਇਆ।।

(ਗੁ.ਗ੍ਰੰ.ਸਾ.ਪੰਨਾ 921)

ਪਹਿਲਾ ਜੀਵ ਕਿੱਥੋਂ ਤੇ ਕਿਵੇਂ ਪੈਦਾ ਹੋਇਆ ?

ਖ਼ੈਰ ! ਜੋ ਵੀ ਹੈ, ਜੀਵ ਦੀ ਪੈਦਾਇਸ਼ ਦਾ ਮੁੱਖ ਸਾਧਨ ਮਾਂ-ਬਾਪ ਹੀ ਮੰਨਿਆ ਜਾਂਦਾ ਹੈ।

ਜੈਸੇ ਮਾਤ ਪਿਤਾ ਬਿਨੁ ਬਾਲੁ ਨ ਹੋਈ।।
ਬਿੰਬ ਬਿਨਾ ਕੈਸੇ ਕਪਰੇ ਧੋਈ।।

(ਗੁ.ਗ੍ਰੰ.ਸਾ.ਪੰਨਾ 872)

ਹਾਲਾਂਕਿ ਗੁਰੂ ਜੀ ਨੇ ਆਪ ਹੀ ਇੱਕ ਸੁਆਲ ਖੜਾ ਕਰ ਦਿੱਤਾ ਹੈ ਕਿ ਜਦੋਂ ਅਜੇ ਕੁਝ ਵੀ ਨਹੀਂ ਸੀ, ਉਦੋਂ ਮਾਤਾ-ਪਿਤਾ ਵੀ ਨਹੀਂ ਸੀ, ਤਾਂ ਫਿਰ ਪਹਿਲਾ ਜੀਵ ਕਿੱਥੋਂ ਤੇ ਕਿਵੇਂ ਪੈਦਾ ਹੋਇਆ ?

ਤਬ ਇਹੁ ਕਹਾ ਕਮਾਵਨ ਪਰਿਆ ਜਬ ਇਹੁ ਕਛੂ ਨ ਹੋਤਾ।।
ਜਬ ਏਕ ਨਿਰੰਜਨ ਨਿਰੰਕਾਰ ਪ੍ਰਭ ਸਭੁ ਕਿਛੁ ਆਪਹਿ ਕਰਤਾ।। ੩।।
ਅਪਨੇ ਕਰਤਬ ਆਪੇ ਜਾਨੈ ਜਿਨਿ ਇਹੁ ਰਚਨੁ ਰਚਾਇਆ।।
ਕਹੁ ਨਾਨਕ ਕਰਣਹਾਰੁ ਹੈ ਆਪੇ ਸਤਿਗੁਰਿ ਭਰਮੁ ਚੁਕਾਇਆ।। ੪।।

(ਗੁ.ਗ੍ਰੰ.ਸਾ.ਪੰਨਾ 216)

ਮਾਇ ਨ ਹੋਤੀ ਬਾਪੁ ਨ ਹੋਤਾ ਕਰਮੁ ਨ ਹੋਤੀ ਕਾਇਆ।।
ਹਮ ਨਹੀ ਹੋਤੇ ਤੁਮ ਨਹੀ ਹੋਤੇ ਕਵਨੁ ਕਹਾਂ ਤੇ ਆਇਆ।।

(ਗੁ.ਗ੍ਰੰ.ਸਾ.ਪੰਨਾ 973)

ਇੱਥੋਂ ਸਾਬਤ ਹੁੰਦਾ ਹੈ ਕਿ ਮੂਲ ਰੂਪ ਵਿੱਚ ਕਰਤਾ ਪੁਰਖ, ਅਕਾਲ ਪੁਰਖ ਹੀ ਹੈ ਅਤੇ ਉਸਨੇ ਹੀ ਜੀਵ ਨੂੰ ਸਿਰਜਣ, ਸੰਵਾਰਨ ਅਤੇ ਸੰਭਾਲਣ ਲਈ ਮਾਂ-ਬਾਪ ਇੱਕ ਸੁਚੱਜਾ ਸਾਧਨ ਰੂਪ ਸਿਰਜਿਆ ਹੈ।

ਜੀਵਾਂ ਵਿੱਚੋਂ ਖ਼ਾਸ ਕਰਕੇ ਮਨੁੱਖ ਪ੍ਰਮਾਤਮਾ ਦੀ ਸਭ ਤੋਂ ਸ੍ਰੇਸ਼ਟ ਸਿਰਜਣਾ ਹੈ। ਇਸ ਲਈ ਇਸ ਨੂੰ ਸਾਂਭਣ ਅਤੇ ਸੰਵਾਰਨ ਦੀ ਜ਼ਿੰਮੇਵਾਰੀ ਕਿਸੇ ਗ਼ੈਰ-ਜ਼ਿੰਮੇਵਾਰ ਨੂੰ ਨਹੀਂ ਦਿੱਤੀ ਜਾ ਸਕਦੀ ਸੀ।

ਸੋ, ਪ੍ਰਭੂ ਨੇ ਵੇਖਿਆ ਕਿ ਮਾਂ ਭਗਤੀ ਹੈ, ਮਾਂ ਕੋਮਲਤਾ ਹੈ, ਮਾਂ ਕੁਰਬਾਨੀ ਹੈ, ਮਾਂ ਵਿੱਚ ਮਮਤਾ ਹੈ। ਇਸ ਲਈ ਮੂਲ ਰੂਪ ਵਿੱਚ ਜੀਵ ਨੂੰ ਸਾਂਭਣ-ਸੰਵਾਰਨ ਦੀ ਜ਼ਿੰਮੇਵਾਰੀ ਮਾਂ ਨੂੰ ਸੌਂਪ ਦਿੱਤੀ ਅਤੇ ਪਿਤਾ ਨੂੰ ਨਾਲ ਇੱਕ ਮੁੱਖ ਸਹਾਇਕ ਵਜੋਂ ਕਰ ਦਿੱਤਾ। ਇਉਂ ਸ੍ਰਿਸ਼ਟੀ ਦੇ ਰਚਨਹਾਰ ਨੇ ਆਪਣੀ ਖੇਡ ਹਮੇਸ਼ਾ ਲਈ ਚੱਲਦੀ (Continue) ਕਰ ਲਈ।

ਅਪੁਨੇ ਜੀਅ ਜੰਤ ਪ੍ਰਤਿਪਾਰੇ॥

ਜਿਉ ਬਾਰਿਕ ਮਾਤਾ ਸੰਮਾਰੇ॥

(ਗੁ.ਗ੍ਰੰ.ਸਾ.ਪੰਨਾ 105)

ਦੂਖ ਭੰਜਨ ਸੁਖ ਸਾਗਰ ਸੁਆਮੀ ਦੇਤ ਸਗਲ ਆਹਾਰੇ ਜੀਉ॥ ੨॥

ਜਿਉ ਮਾਤਾ ਬਾਲਿ ਲਪਟਾਵੈ॥

ਤਿਉ ਗਿਆਨੀ ਨਾਮੁ ਕਮਾਵੈ॥ ੩॥

ਗੁਰ ਪੂਰੇ ਤੇ ਪਾਵੈ॥

ਜਨ ਨਾਨਕ ਨਾਮੁ ਧਿਆਵੈ॥ ੪॥

(ਗੁ.ਗ੍ਰੰ.ਸਾ.ਪੰਨਾ 629)

ਦੀਨ ਦੈਆਲ ਸਦਾ ਕਿਰਪਾਲਾ ਸਰਬ ਜੀਆ ਪ੍ਰਤਿਪਾਲਾ॥

ਓਤਿ ਪੋਤਿ ਨਾਨਕ ਸੰਗਿ ਰਵਿਆ ਜਿਉ ਮਾਤਾ ਬਾਲ ਗੁੋਪਾਲਾ॥

(ਗੁ.ਗ੍ਰੰ.ਸਾ.ਪੰਨਾ 672)

ਕੀ ਮਾਂ ਦਾ ਰੱਬ ਵਰਗਾ ਹੋਣਾ ਜ਼ਰੂਰੀ ਹੈ?

ਗੁਰੂ ਜੀ ਕਹਿੰਦੇ ਹਨ ਕਿ ਮਾਂ ਰੱਬ ਦਾ ਹੀ ਰੂਪ ਹੈ। ਪ੍ਰਭੂ ਨੇ ਆਪਣੀ ਮੁੱਖ ਸਿਰਜਣਾ ਸਾਂਭਣ ਲਈ ਆਪਣਾ ਸਾਰਾ ਸੁਭਾ ਦਿਆਲਤਾ, ਕਿਰਪਾਲਤਾ ਤੇ ਪ੍ਰਤਿਪਾਲਤਾ ਵੀ ਮਾਂ ਨੂੰ ਦੇ ਦਿੱਤੀ। ਬਸ, ਇਸੇ ਲਈ ਹਰ ਇਸਤਰੀ ਧੀ-ਭੈਣ-ਪਤਨੀ ਬਣ ਜਾਣ 'ਤੇ ਵੀ ਸੰਪੂਰਨ ਨਹੀਂ ਹੁੰਦੀ ਅਤੇ ਅਖ਼ੀਰ ਮਾਂ ਬਣਨਾ ਲੋਚਦੀ ਹੈ। ਕਿਉਂਕਿ ਮਾਂ ਔਰਤ ਦੀ ਸੰਪੂਰਨਤਾ ਦਾ ਪ੍ਰਤੀਕ ਹੈ।

ਬਸ ! ਮਾਂ ਦਾ ਰੱਬ ਵਰਗਾ ਹੋਣਾ ਅਤੇ ਰੱਬ ਦਾ ਮਾਂ ਵਰਗਾ ਹੋਣਾ ਜ਼ਰੂਰੀ ਹੈ। ਇਸੇ ਲਈ ਗੁਰਬਾਣੀ ਵਿੱਚ ਰੱਬ ਕੋਲੋਂ ਰਹਿਮਤ ਮੰਗਣ ਲੱਗਿਆਂ ਮਾਂ ਦੀ ਉਦਾਹਰਣ ਦਿੱਤੀ ਗਈ ਹੈ :

ਸੁਤੁ ਅਪਰਾਧ ਕਰਤ ਹੈ ਜੇਤੇ॥

ਜਨਨੀ ਚੀਤਿ ਨ ਰਾਖਸਿ ਤੇਤੇ॥ ੧॥

ਰਾਮਈਆ ਹਉ ਬਾਰਿਕੁ ਤੇਰਾ॥

ਕਾਹੇ ਨ ਖੰਡਸਿ ਅਵਗਨੁ ਮੇਰਾ॥ ੧॥ ਰਹਾਉ॥

ਜੇ ਅਤਿ ਕ੍ਰੋਪ ਕਰੇ ਕਰਿ ਧਾਇਆ॥

ਤਾ ਭੀ ਚੀਤਿ ਨ ਰਾਖਸਿ ਮਾਇਆ॥ ੨॥

(ਗੁ.ਗ੍ਰੰ.ਸਾ.ਪੰਨਾ 478)

ਹੇ ਪ੍ਰਭੂ ! ਮਾਂ ਵੱਲ ਵੇਖ, ਪੁੱਤਰ ਜਿੰਨੇ ਵੀ ਗੁਨਾਹ ਕਰ ਲਏ, ਮਾਂ ਚਿੱਤ ਵਿੱਚ ਨਹੀਂ ਰੱਖਦੀ, ਬਖ਼ਸ਼ ਦਿੰਦੀ ਹੈ। ਤਾਂ ਫਿਰ ਮੈਂ ਵੀ ਤੇਰਾ ਪੁੱਤਰ ਹਾਂ, ਤੂੰ ਮੈਨੂੰ ਕਿਉਂ ਨਹੀਂ ਬਖ਼ਸ਼ੇਂਗਾ ?

ਬੇਸ਼ੱਕ, ਮਨੁੱਖ ਦੇ ਸਰੀਰ ਦੀ ਮੁੱਢਲੀ ਸਿਰਜਣਾ ਮਾਤਾ-ਪਿਤਾ ਦੇ ਮਿਲਾਪ ਤੋਂ ਹੋਈ, ਪਰ ਇਸ ਸਿਰਜਣਾ ਦੀ ਮੁੱਢਲੀ ਸੰਭਾਲ ਦੀ ਜ਼ਿੰਮੇਵਾਰੀ ਆਪਣੇ ਗਰਭ ਵਿੱਚ ਨੌ

ਮਹੀਨੇ ਤਕ ਰੱਖ ਕੇ ਹਰ ਤਰ੍ਹਾਂ ਦੀਆਂ ਔਕੜਾਂ ਝੱਲ ਕੇ, ਰਸ-ਕਸ ਤਿਆਗ ਕੇ ਵੀ ਬੜੀ ਖ਼ੁਸ਼ੀ ਨਾਲ ਕੇਵਲ ਮਾਂ ਨੇ ਹੀ ਨਿਭਾਈ। ਗੁਰੂ ਜੀ ਨੇ ਬਚਨ ਕੀਤਾ :

ਉਦਰੈ ਮਾਹਿ ਆਇ ਕੀਆ ਨਿਵਾਸੁ॥
ਮਾਤਾ ਕੈ ਮਨਿ ਬਹੁਤੁ ਬਿਗਾਸੁ॥

(ਗੁ.ਗ੍ਰੰ.ਸਾ.ਪੰਨਾ 396)

ਮਾਂ ਦੀ ਜ਼ਿੰਮੇਵਾਰੀ ਕੀ ਹੈ?

ਫਿਰ ਜੀਵਨ-ਮੌਤ ਦੀ ਪ੍ਰਵਾਹ ਨਾ ਕਰਦਿਆਂ ਅਤਿ ਪੀੜਾ ਸਹਿਣ ਕਰਕੇ ਮਾਂ ਨੇ ਬੱਚੇ ਨੂੰ ਜਨਮ ਦਿੱਤਾ। ਇਸ ਤਰ੍ਹਾਂ ਮਾਂ ਦੀ ਪਹਿਲੀ ਜ਼ਿੰਮੇਵਾਰੀ ਸੰਪੂਰਨ ਹੋਈ।

ਹੁਣ ਅਗਲੀ ਜ਼ਿੰਮੇਵਾਰੀ ਵਿੱਚ ਮਾਂ ਸੇਵਾ, ਸੰਭਾਲ ਤੇ ਕੁਰਬਾਨੀ ਦੀ ਤਸਵੀਰ ਬਣ ਜਾਂਦੀ ਹੈ। ਬੱਚੇ ਦੀ ਸੰਭਾਲ ਲਈ ਮਾਂ ਨੀਂਦ-ਆਰਾਮ, ਖਾਣਾ-ਪਹਿਨਣਾ ਸਭ ਭੁੱਲ ਜਾਂਦੀ ਹੈ, ਰਾਤਾਂ ਜਾਗਦੀ, ਮਲ-ਮੂਤਰ ਸਾਂਭਦੀ ਵੀ ਖ਼ੁਸ਼ ਰਹਿੰਦੀ ਹੈ। ਬੱਚੇ ਦੀ ਉਹ ਭਾਵਨਾਤਮਕ ਭਾਸ਼ਾ, ਜਿਸਦਾ ਸ਼ਬਦ-ਕੋਸ਼ ਅਜੇ ਤਕ ਕਿਸੇ ਭਾਸ਼ਾ ਵਿਭਾਗ ਨੇ ਨਹੀਂ ਬਣਾਇਆ, ਸਭ ਤੋਂ ਪਹਿਲੇ ਮਾਂ ਸਮਝਦੀ ਹੈ। ਲੋਕ ਆਖਦੇ ਵੀ ਹਨ ਕਿ 'ਗੁੰਗੇ ਦੀਆਂ ਰਮਜ਼ਾਂ ਗੁੰਗੇ ਦੀ ਮਾਂ ਹੀ ਜਾਣੇ'। ਫਿਰ ਮਾਂ ਆਪਣਾ ਜੋਬਨ, ਜੁਆਨੀ ਤੇ ਸੁੰਦਰਤਾ ਸਭ ਕੁਝ ਘੋਲ ਕੇ ਦੁੱਧ ਦੇ ਰੂਪ ਵਿੱਚ ਬੱਚੇ ਨੂੰ ਪਿਆ ਕੇ ਪਾਲਦੀ ਤੇ ਵੱਡਾ ਕਰਦੀ ਹੈ। ਮਾਨੋ ਬੱਚੇ ਦੀ ਜੁਆਨੀ ਮਾਂ ਦੀ ਜੋਬਨ ਦੀ ਪ੍ਰਤੀਕ ਹੈ। ਇਸੇ ਲਈ ਜਦੋਂ ਕਿਸੇ ਨੂੰ ਕੋਈ ਵੰਗਾਰਦਾ ਹੈ ਤਾਂ ਇਹ ਹੀ ਕਹਿੰਦਾ ਹੈ ਕਿ 'ਜਿਸਨੇ ਮਾਂ ਦਾ ਦੁੱਧ ਪੀਤਾ ਹੈ, ਉਹ ਸਾਹਮਣੇ ਆਵੇ'।

ਅੱਜ ਸਮਾਜ ਵਿੱਚ ਮਨੁੱਖੀ ਭਾਈਚਾਰੇ ਦਾ ਬਿਖਰਾਉ, ਪਰਿਵਾਰਿਕ ਸਾਂਝ ਦਾ ਟੁੱਟਣਾ ਅਤੇ ਸਮਾਜਿਕ ਆਚਰਨ ਦੇ ਨੀਵੇਂ ਹੋਣ ਦਾ ਕਾਰਣ ਕੇਵਲ ਇਹ ਹੈ ਕਿ ਅੱਜ ਦੀ ਮਾਂ ਆਪਣੀ ਜ਼ਿੰਮੇਵਾਰੀ ਭੁੱਲ ਗਈ ਹੈ ਅਤੇ ਬੱਚੇ ਦਾ ਸੰਬੰਧ ਮਾਂ ਨਾਲੋਂ ਟੁੱਟ ਗਿਆ ਹੈ। ਬੱਚਾ, ਮਾਂ ਦਾ ਦੁੱਧ ਪੀਂਦਾ ਸੀ ਤਾਂ ਦੁੱਧ ਵਿੱਚ ਮਾਂ ਦੀ ਮਮਤਾ ਘੁਲ-ਘੁਲ ਕੇ ਬੱਚੇ ਦੇ ਅੰਦਰ ਜਾਂਦੀ ਸੀ ਜਿਹੜੀ ਬੱਚੇ ਵਿੱਚ ਮਾਂ ਦਾ ਸਤਿਕਾਰ ਬਣ ਕੇ ਟਿਕ ਜਾਂਦੀ ਸੀ। ਇੱਕੋ ਮਾਂ ਦੇ ਪੀਤੇ ਦੁੱਧ ਦੀ ਸਾਂਝ ਭੈਣ-ਭਰਾਵਾਂ ਦੇ ਆਪਸੀ ਪਿਆਰ ਦੀ ਸ਼ਕਤੀ ਬਣਦੀ ਸੀ। ਪਰ ਅੱਜ ਇੱਕ ਮਾਂ ਨੇ ਆਪਣੇ ਹੀ ਜੰਮੇ ਬੱਚੇ ਨੂੰ ਦੁੱਧ ਪਿਲਾਉਣ ਤੋਂ ਜੁਆਬ ਦੇ ਦਿੱਤਾ ਅਤੇ ਪਾਲਣ-ਸੰਭਾਲਣ ਲਈ ਆਯਾ ਰੱਖ ਲਈਆਂ ਹਨ। ਬੱਚੇ ਨੂੰ ਮਾਂ ਦਾ ਦੁੱਧ ਵੀ ਨਸੀਬ ਨਹੀਂ ਹੋਇਆ, ਮਾਂ ਦੀ ਗੋਦ ਵੀ ਨਸੀਬ ਨਹੀਂ ਹੋਈ ਤੇ ਬੱਚਾ ਮਾਂ ਦੇ ਹੁੰਦਿਆਂ ਮਾਂ ਮ੍ਰਿਟਰ ਹੋ ਗਿਆ। ਹੁਣ ਆਯਾ ਦੀ ਸੰਭਾਲ ਵਿੱਚ ਰਹਿ ਕੇ ਵੱਖ-ਵੱਖ ਡੱਬਿਆਂ ਅਤੇ ਬੋਤਲਾਂ ਦਾ ਦੁੱਧ ਪੀ ਕੇ ਪਲਣ ਵਾਲੇ ਬੱਚੇ ਵੱਡੇ ਹੋ ਕੇ ਮਾਂ ਦਾ ਸਤਿਕਾਰ ਕੀ ਕਰਨਗੇ ?, ਭੈਣ-ਭਰਾਵਾਂ ਦੀ ਸਾਂਝ ਕਿਵੇਂ ਬਣੇਗੀ ? ਬਸ ! ਇਉਂ ਪਰਿਵਾਰਿਕ ਸਾਂਝ ਟੁੱਟਣ ਦਾ ਕਾਰਣ ਇੱਕ ਗ਼ੈਰ-ਜ਼ਿੰਮੇਵਾਰ ਮਾਂ ਹੀ ਬਣ ਰਹੀ ਹੈ।

ਬੱਚੇ ਦੇ ਜੀਵਨ ਦੀ ਬੁਨਿਆਦ ਕੀ ਹੈ?

ਮਾਂ ਦੀਆਂ ਭਾਵਨਾਵਾਂ ਵਿੱਚ ਅਥਾਹ ਸ਼ਕਤੀ ਹੈ। ਮਾਂ ਦੀਆਂ ਉਹ ਭਾਵਨਾਵਾਂ ਹੀ ਅਸੀਸਾਂ ਅਤੇ ਸਿੱਖਿਆ ਬਣ ਕੇ ਬੱਚੇ ਦੀ ਮਤ ਵਿੱਚ ਪ੍ਰਵੇਸ਼ ਕਰਦੀਆਂ ਹਨ ਅਤੇ ਉਸ ਤੋਂ

ਮੂੜ ਵਿਚਾਰ-ਵਿਹਾਰ ਬਣਦੇ ਹਨ। ਇਸੇ ਲਈ ਜਦੋਂ ਗੁਰੂ ਅਰਜਨ ਸਾਹਿਬ ਨੇ ਅਸੀਸ ਦਾ ਸ਼ਬਦ ਉਚਾਰਨ ਕੀਤਾ ਤਾਂ ਮਾਂ (ਮਾਤਾ) ਦੇ ਨਾਂ ਨਾਲ ਹੀ ਅਸੀਸ ਦਿੱਤੀ :

ਪੂਤਾ ਮਾਤਾ ਕੀ ਆਸੀਸ॥

ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ ਸਦਾ ਭਜਹੁ ਜਗਦੀਸ॥

(ਗੁ.ਗ੍ਰੰ.ਸਾ.ਪੰਨਾ 496)

ਮਾਂ, ਬੱਚੇ ਨੂੰ ਜਿਸ ਤਰ੍ਹਾਂ ਵੀ ਚਾਹੇ ਬਣਾ ਸਕਦੀ ਹੈ। ਮਾਂ ਦੀ ਸੋਚ ਹੀ ਬੱਚੇ ਦੇ ਜੀਵਨ ਦੀ ਬੁਨਿਆਦ ਹੈ। ਮਾਂ ਬੱਚੇ ਦੀ ਮੁੱਢਲੀ ਬੋਲੀ ਹੈ। ਗੁਰਬਾਣੀ ਵਿੱਚ ਇੱਕ ਥਾਵੇਂ ਆਏ ਦੋ ਲਫ਼ਜ਼ਾਂ ਵਿੱਚੋਂ ਬੱਚੇ ਦੇ ਜੀਵਨ ਦੀ ਉਸਾਰੀ ਝਲਕਦੀ ਹੈ, ਗੁਰੂ ਜੀ ਕਹਿੰਦੇ ਹਨ :

ਮਾਂ ਮਤ ਹੈ

ਮਾਤਾ ਮਤਿ ਪਿਤਾ ਸੰਤੋਖੁ॥

(ਗੁ.ਗ੍ਰੰ.ਸਾ.ਪੰਨਾ 151)

ਮਾਂ ਮਤ ਬਣ ਜਾਂਦੀ ਹੈ ਅਤੇ ਪਿਤਾ ਰੋਜ਼ੀ ਰੱਜ ਬਣ ਜਾਂਦਾ ਹੈ। ਬਸ, ਮਤ ਹੀ ਜੀਵਨ ਦੀ ਇਨਕਲਾਬੀ ਸ਼ਕਤੀ ਹੈ। ਜੀਵਨ ਮਤ 'ਤੇ ਆਧਾਰਿਤ ਹੈ ਅਤੇ ਮਾਂ ਮਤ ਹੈ। ਮਾਂ ਚਾਹੇ ਤਾਂ ਸਮਾਜ ਵਿੱਚ ਚੋਰ, ਡਾਕੂ, ਜ਼ਾਲਮ, ਅਧਰਮੀ ਤੇ ਮਨਮੁਖ ਪੈਦਾ ਕਰ ਸਕਦੀ ਹੈ ਅਤੇ ਚਾਹੇ ਤਾਂ ਇਮਾਨਦਾਰ, ਦਇਆਵਾਨ, ਧਰਮੀ, ਗੁਰਮੁੱਖ, ਗੁਰਸਿੱਖ, ਵਿਦਵਾਨ ਤੇ ਸਾਇੰਸਦਾਨ ਪੈਦਾ ਕਰ ਸਕਦੀ ਹੈ। ਐਸੀਆਂ ਅਨੇਕਾਂ ਉਦਾਹਰਣਾਂ ਸੰਸਾਰ ਦੇ ਇਤਿਹਾਸ ਵਿੱਚ ਮੌਜੂਦ ਹਨ।

ਇੱਕ ਮਿਥਿਹਾਸ ਮੁਤਾਬਿਕ ਮਾਂ ਨੇ ਹੀ ਬਾਲਮੀਕ ਨੂੰ ਰਾਹ-ਮਾਰ ਲੁਟੇਰਾ ਤੇ ਕਾਤਿਲ ਬਣਾਇਆ। ਦੂਜੇ ਪਾਸੇ, ਮਾਂ ਨੇ ਹੀ ਫ਼ਰੀਦ ਨੂੰ ਪ੍ਰਭੂ ਭਗਤੀ ਨਾਲ ਜੋੜਿਆ। ਇਸੇ ਲਈ ਜਿੱਥੇ ਧਰਮੀ ਗੁਰਸਿੱਖ ਪੈਦਾ ਕਰਨ ਵਾਲੀ ਮਾਂ ਨੂੰ ਸਤਿਗੁਰੂ ਨੇ "ਧੰਨੁ ਸੁ ਮਾਤਾ ਜਿਨਿ ਜਨ ਜਣੇ" ਆਖਿਆ, ਉੱਥੇ ਅਧਰਮੀ ਮਨਮੁਖ ਪੈਦਾ ਕਰਨ ਵਾਲੀ ਮਾਂ ਨੂੰ ਵੀ ਇਹ ਕਹਿ ਕੇ ਉਲਾਂਭਾ ਦਿੱਤਾ :

ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ॥

ਬਿਧਵਾ ਕਸ ਨ ਭਈ ਮਹਤਾਰੀ॥

(ਗੁ.ਗ੍ਰੰ.ਸਾ.ਪੰਨਾ 328)

ਕਿ ਜਿਹੜੀ ਮਾਂ ਕੁਲ ਨੂੰ ਗਿਆਨਵਾਨ ਗੁਰਸਿੱਖ ਬੱਚਾ ਨਹੀਂ ਦੇ ਸਕੀ, ਉਹ ਬੱਚੇ ਨੂੰ ਜਨਮ ਦੇਣ ਤੋਂ ਪਹਿਲਾਂ ਵਿਧਵਾ ਹੀ ਕਿਉਂ ਨਾ ਹੋ ਗਈ :

ਜਨਨੀ ਜਣੇ ਤਾਂ ਭਗਤ ਜਨ ਕੈ ਦਾਤਾ ਕੈ ਸੂਰ।

ਨਹੀਂ ਤਾਂ ਜਨਨੀ ਬਾਂਝ ਰਹੇ ਕਾਹੇ ਗਵਾਵੈ ਨੂਰ।

ਆਪਣੇ ਧਰਮ ਵਿੱਚ ਦ੍ਰਿੜ ਵਿਸ਼ਵਾਸ ਰੱਖਣ ਵਾਲੀ ਮਾਂ ਦੀ ਸੰਗਤ ਵਿੱਚ ਹੀ ਬੱਚਾ ਸਥਿਰ ਸੋਚ ਦਾ ਧਾਰਨੀ ਹੋ ਸਕਦਾ ਹੈ।

ਇੱਕ ਸਿੱਖ ਮਾਂ

ਸਿੱਖ ਇਤਿਹਾਸ ਦੀ ਇੱਕ ਕਹਾਣੀ ਦਾ ਸੰਖੇਪ ਵਿੱਚ ਇਸ ਗੱਲ ਦੀ ਗਵਾਹੀ ਲਈ ਜ਼ਿਕਰ ਕਰਨਾ ਜ਼ਰੂਰੀ ਹੈ। ਮਹਾਰਾਜਾ ਰਣਜੀਤ ਸਿੰਘ ਦੇ ਚਲੇ ਜਾਣ ਅਤੇ ਖ਼ਾਲਸਾ ਰਾਜ ਦੇ ਅੰਤਲੇ ਸਮੇਂ ਵਿੱਚ ਸਿੱਖ ਰਾਜ ਦੇ ਗ਼ੱਦਾਰ ਟੋਲੇ ਨੇ ਮੱਕਾਰ ਅੰਗ੍ਰੇਜ਼ਾਂ ਨਾਲ ਮਿਲ ਕੇ ਅਖ਼ੀਰ ਮਹਾਰਾਜਾ ਦਲੀਪ ਸਿੰਘ (ਜਿਸਦੀ ਉਮਰ ਉਸ ਵੇਲੇ ਤਕਰੀਬਨ ਸਤ ਸਾਲ ਦੀ ਸੀ) ਨੂੰ ਰਾਜ-ਤਿਲਕ ਤਾਂ ਦੇ ਦਿੱਤਾ ਪਰ ਹਕੂਮਤ ਆਪਣੇ ਹੱਥ ਕਰ ਲਈ। ਨਾਲ ਹੀ ਇਹ ਫ਼ੈਸਲਾ ਕੀਤਾ ਕਿ ਮਹਾਰਾਜੇ ਨੂੰ ਪੜ੍ਹਾਉਣ-ਪਾਲਣ ਦੇ ਬਹਾਨੇ ਰਾਜ-ਸਿੰਘਾਸਨ ਅਤੇ ਸਿੱਖੀ ਵਿਰਸੇ ਤੋਂ ਦੂਰ ਰੱਖ ਕੇ ਈਸਾਈ ਬਣਾ ਦਿੱਤਾ ਜਾਵੇ ਤਾਂ ਕਿ ਸਿੱਖੀ ਅਤੇ 'ਰਾਜ ਕਰੇਗਾ ਖ਼ਾਲਸਾ' ਦਾ ਜਜ਼ਬਾ ਇਸ ਦੇ ਅੰਦਰੋਂ ਸਮਾਪਤ ਹੋ ਜਾਵੇ। ਅੰਗ੍ਰੇਜ਼ ਵੀ ਸਮਝਦਾ ਸੀ ਕਿ ਸਿੱਖੀ ਜਜ਼ਬੇ ਵਾਲੀ ਮਾਂ ਦੀ ਮੌਜੂਦਗੀ ਵਿੱਚ ਦਲੀਪ ਸਿੰਘ ਨੂੰ ਈਸਾਈ ਨਹੀਂ ਬਣਾਇਆ ਜਾ ਸਕੇਗਾ, ਇਸ ਲਈ ਪਹਿਲਾਂ ਉਸ ਨੂੰ ਮਹਾਰਾਣੀ ਜਿੰਦਾਂ ਤੋਂ ਵੱਖ ਕਰਨਾ ਹੋਵੇਗਾ। ਬਸ, ਇਹ ਸੋਚ ਕੇ ਬੜੀ ਮੱਕਾਰੀ ਨਾਲ ਮਹਾਰਾਣੀ ਨੂੰ ਕੈਦ ਕਰਕੇ ਦੂਰ ਭੇਜ ਦਿੱਤਾ ਗਿਆ ਅਤੇ ਦਲੀਪ ਸਿੰਘ ਨੂੰ ਇੱਕ ਈਸਾਈ ਦੀ ਦੇਖ-ਰੇਖ ਹੇਠ ਪੜ੍ਹਾਉਣ-ਪਾਲਣ ਲਈ ਮਾਂ ਤੋਂ ਵੱਖ ਕਰਕੇ ਪਹਿਲੇ ਮਸੂਰੀ ਅਤੇ ਫਿਰ ਵਲਾਇਤ ਭੇਜ ਦਿੱਤਾ ਗਿਆ। ਇਉਂ ਮਾਂ ਤੋਂ ਵੱਖ ਕਰਕੇ ਹੀ ਮਹਾਰਾਜੇ ਨੂੰ ਈਸਾਈ ਬਣਾਇਆ ਗਿਆ।

ਇਤਿਹਾਸ ਦਾ ਦੂਜਾ ਪਾਸਾ ਇਹ ਹੈ ਕਿ ਰਾਜ-ਭਾਗ ਗੁਆ ਕੇ ਕਈ ਵਰ੍ਹੇ ਪੁੱਤਰ ਦੇ ਵਿਜੋਗ ਵਿੱਚ ਵਿਲਕਦੀ ਅਤੇ ਪੁੱਤਰ ਨੂੰ ਵੇਖਣ ਲਈ ਤਰਸਦੀ ਮਹਾਰਾਣੀ ਜਿੰਦਾਂ ਆਪਣੇ ਨੈਣਾਂ ਦੀ ਜੋਤ ਵੀ ਗੁਆ ਬੈਠੀ ਸੀ। ਪਰ ਜਦੋਂ ਜੀਵਨ ਦੇ ਅਖੀਰਲੇ ਸਮੇਂ ਕਲਕੱਤੇ ਦੇ ਹੋਟਲ ਵਿੱਚ ਮਾਂ ਜਿੰਦਾਂ ਅਤੇ ਪੁੱਤਰ ਦਲੀਪ ਦੇ ਮਿਲਣ ਦੀ ਘੜੀ ਆਈ, ਦਲੀਪ ਭਰੇ ਹੋਏ ਦਿਲ ਨਾਲ ਮਿਲਣ ਲਈ ਅੱਖਾਂ ਤੋਂ ਅੰਨ੍ਹੀ ਮਾਂ ਦੇ ਨੇੜੇ ਹੋਇਆ, ਚਿਰੀਂ ਵਿੱਛੜੇ ਪੁੱਤਰ ਨੂੰ ਘੁੱਟ ਕੇ ਗਲਵੱਕੜੀ ਵਿੱਚ ਲੈ ਸਿਰ 'ਤੇ ਪਿਆਰ ਦੇਣ ਲਈ ਜਦੋਂ ਮਾਂ ਦਾ ਹੱਥ ਕੇਸਾਂ ਅਤੇ ਦਸਤਾਰ ਤੋਂ ਖਾਲੀ ਸਿਰ 'ਤੇ ਛੋਹਿਆ, ਤਾਂ ਮਾਂ ਭੁੱਬਾਂ ਮਾਰ ਰੋਂਦੀ ਹੋਈ ਪਿੱਛੇ ਹੱਟ ਗਈ। ਕਹਿਣ ਲੱਗੀ, ਜਿਸਦੇ ਸਿਰ 'ਤੇ ਕੇਸ ਤੇ ਦਸਤਾਰ ਨਹੀਂ, ਉਹ ਮੇਰਾ ਪੁੱਤਰ ਦਲੀਪ ਸਿੰਘ ਨਹੀਂ ਹੋ ਸਕਦਾ। ਲੋਕੋ ! ਮੈਂ ਉਹਨਾਂ ਕੇਸਾਂ ਦੀ ਛੋਹ ਨੂੰ ਪਛਾਣਦੀ ਹਾਂ ਜਿਨ੍ਹਾਂ ਨੂੰ ਮੈਂ ਆਪ ਪਿਆਰ ਨਾਲ ਸੰਵਾਰਦੀ, ਗੁੰਧਦੀ ਤੇ ਸਜਾਉਂਦੀ ਰਹੀ ਹਾਂ, ਇਹ ਮੇਰਾ ਪੁੱਤਰ ਨਹੀਂ, ਇਹ ਮੇਰਾ ਦਲੀਪ ਨਹੀਂ ਹੋ ਸਕਦਾ। ਅਤੇ ਭੁੱਬੀਂ ਰੋਂਦਾ ਦਲੀਪ ਆਖ ਰਿਹਾ ਸੀ ਕਿ ਮੈਂ ਤੇਰਾ ਪੁੱਤਰ ਹਾਂ, ਵਿਸ਼ਵਾਸ ਕਰ ਮੈਂ ਤੇਰਾ ਦਲੀਪ ਹਾਂ। ਮਾਂ ! ਤੇਰੇ ਤੋਂ ਵਿੱਛੜ ਕੇ ਤੇਰੇ ਗੁੰਦੇ -ਸੰਵਾਰੇ, ਤੇਰੀ ਨਿਸ਼ਾਨੀ ਸੀਸ ਦੇ ਕੇਸ ਮੇਰੇ ਕੋਲੋਂ ਗੁਆਚ ਗਏ, ਤੂੰ ਰੋ ਨਾ ਮਾਂ, ਮੈਂ ਤੇਰੇ ਨਾਲ ਬਚਨ ਕਰਦਾ ਹਾਂ ਕਿ ਮੈਂ ਮੁੜ ਕੇਸਾਂ ਵਾਲਾ, ਦਸਤਾਰ ਵਾਲਾ ਤੇਰਾ ਦਲੀਪ ਬਣਾਂਗਾਂ।

ਕੈਸਾ ਸੀ ਉਹ ਸਮਾਂ, ਉਹ ਦ੍ਰਿਸ਼ ਜਦੋਂ ਵਿੱਛੜੀ ਮਾਂ, ਪੁੱਤਰ ਨੂੰ ਮਿਲੀ। ਮਾਨੋ ਵਿੱਛੜੀ ਸਿੱਖੀ ਦਲੀਪ ਨੂੰ ਮਿਲੀ ਤੇ ਦਲੀਪ ਸਿੰਘ ਮੁੜ ਕੇਸਾਧਾਰੀ ਤੇ ਅੰਮ੍ਰਿਤਧਾਰੀ ਹੋਇਆ। ਇਹ ਇੱਕ ਸਿੱਖ ਮਾਂ ਸੀ।

ਧੰਨ ਉਹ ਮਾਵਾਂ ਹਨ ਜਿਹੜੀਆਂ ਆਪਣੀ ਜ਼ਿੰਮੇਵਾਰੀ ਪਛਾਣਦੀਆਂ ਹਨ, ਆਪਣੇ ਬੱਚਿਆਂ ਦੇ ਕੇਸਾਂ ਦੀ ਸੰਭਾਲ ਕਰਦੀਆਂ ਹਨ, ਬੱਚਿਆਂ ਨੂੰ ਉੱਤਮ ਮਤ ਗੁਰਬਾਣੀ-ਗੁਰਮਤਿ ਨਾਲ ਜੋੜ-ਸੰਵਾਰ ਕੇ ਸਿੱਖੀ ਵਿੱਚ ਪ੍ਰਪੱਕ ਕਰਦੀਆਂ, ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਦੀਆਂ ਹਨ।

☫

ੴ

ਵੈਸਾਖੁ ਭਲਾ ਸਾਖਾ ਵੇਸ ਕਰੇ॥
ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ॥
ਘਰਿ ਆਉ ਪਿਆਰੇ ਦੁਤਰ ਤਾਰੇ
ਤੁਧੁ ਬਿਨੁ ਅਢੁ ਨ ਮੋਲੋ॥
ਕੀਮਤਿ ਕਉਣੁ ਕਰੇ ਤੁਧੁ ਭਾਵਾਂ
ਦੇਖਿ ਦਿਖਾਵੈ ਢੋਲੋ॥
ਦੂਰਿ ਨ ਜਾਨਾ ਅੰਤਰਿ ਮਾਨਾ
ਹਰਿ ਕਾ ਮਹਲੁ ਪਛਾਨਾ॥
ਨਾਨਕ ਵੈਸਾਖੀਂ ਪ੍ਰਭੁ ਪਾਵੈ
ਸੁਰਤਿ ਸਬਦਿ ਮਨੁ ਮਾਨਾ॥ ੬॥

(ਗੁ.ਗ੍ਰੰ.ਸਾ.ਪੰਨਾ 1108)

ੴ

ਵਿਸਾਖੀ - ਗੁਰੂ ਸੁਨੇਹਾ

ਸੰਸਾਰ ਦੀ ਹਰ ਭਾਸ਼ਾ ਅਤੇ ਲਿੱਪੀ ਦੇ ਕੁਝ ਨਿਯਮ ਹਨ, ਜਿੰਨ੍ਹਾਂ ਨੂੰ ਵਿਆਕਰਣ (Grammar) ਆਖਦੇ ਹਨ ਜਿਸ ਅਨੁਸਾਰ ਗੁਰਮੁਖੀ ਲਿੱਪੀ ਵਿੱਚ ਇਕੱਲਾ ਇੱਕ ਅੱਖਰ ਹੈ ਜਾਂ ਮਾਤਰਾ ਹੈ। ਪਰ ਇਕੱਲੇ ਅੱਖਰ ਜਾਂ ਮਾਤਰਾ ਦਾ ਕੋਈ ਲਫ਼ਜ਼ ਜਾਂ ਅਰਥ ਨਹੀਂ ਬਣਦਾ। ਘੱਟ-ਘੱਟ ਦੋ ਅੱਖਰਾਂ ਵਿੱਚੋਂ ਕੋਈ ਸ਼ਬਦ ਜਨਮ ਲੈਂਦਾ ਹੈ। ਪਰ ਮਾਤ੍ਰਾ ਤਾਂ ਕੇਵਲ ਸ਼ਬਦ ਸਿਰਜਨਾ ਵਿੱਚ ਸਹਾਇਕ ਵਜੋਂ ਹੀ ਕੰਮ ਕਰਦੀਆਂ ਹਨ। ਕੇਵਲ ਮਾਤ੍ਰਾ ਸ਼ਬਦ ਸਿਰਜਨਾ ਨਹੀਂ ਕਰ ਸਕਦੀਆਂ, ਬੇਸ਼ਕ ਜਿੰਨੀਆਂ ਮਰਜ਼ੀ ਜੋੜ ਲਉ। 'ਤ' ਤੇ 'ਰ' ਦੋ ਅੱਖਰਾਂ ਦੇ ਮੇਲ ਤੋਂ 'ਤਰ' ਲਫ਼ਜ਼ ਬਣ ਗਿਆ। ਹੁਣ ਇਸਨੂੰ ਇੱਕ ਮਾਤ੍ਰਾ 'ਾ' (ਕੰਨਾ) ਦੀ ਸਹਾਇਤਾ ਨਾਲ 'ਤਾਰ' ਬਣਾ ਦਿੱਤਾ ਅਤੇ ਮਾਤ੍ਰਾ ਬਦਲ ਕੇ 'ੀ' (ਬਿਹਾਰੀ) ਨੇ ਇਸਨੂੰ 'ਤੀਰ' ਬਣਾ ਦਿੱਤਾ। ਇਸ ਨਾਲ ਲਫ਼ਜ, ਲਫ਼ਜ਼ ਦਾ ਉਚਾਰਨ ਅਤੇ ਅਰਥ ਵੀ ਬਦਲ ਗਏ। ਬਸ ! ਇਹ ਇੱਕ ਵਿਆਕਰਣਿਕ ਨਿਯਮ ਹੈ ਜਿਸ ਮੁਤਾਬਿਕ ਹੀ ਗੁਰੂ ਨਾਨਕ ਜੀ ਨੇ ਤੁਖਾਰੀ ਰਾਗ ਵਿੱਚ ਉਚਾਰੇ ਇਸ 'ਵੇਸਾਖ' ਮਹੀਨੇ ਦੇ ਸ਼ਬਦ ਦਾ ਆਰੰਭ ਕੀਤਾ ਹੈ।

ਵਿਸਾਖੀ ਦਾ ਦਿਹਾੜਾ ਅਤੇ ਵੇਸਾਖ ਦਾ ਮਹੀਨਾ ਸਿੱਖ ਸੰਸਾਰ ਅਤੇ ਸਿੱਖ ਇਤਿਹਾਸ ਦੀਆਂ ਮਹਾਨ ਯਾਦਾਂ ਦਾ ਪ੍ਰਤੀਕ ਹੈ। ਮੁੱਖ ਰੂਪ ਵਿੱਚ ਬਹੁਤ ਸਾਰੇ ਇਤਿਹਾਸਕਾਰਾਂ ਨੇ ਗੁਰੂ ਨਾਨਕ ਜੀ ਦਾ ਪ੍ਰਕਾਸ਼ ਵੀ ਵੇਸਾਖ ਮਹੀਨੇ ਵਿੱਚ ਹੀ ਹੋਇਆ ਲਿੱਖਿਆ ਹੈ। ਅਤੇ

ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਨੂੰ ਸੰਪੂਰਨ ਰੂਪਮਾਨ ਕਰਨ ਵਾਸਤੇ ਵੀ ਵਿਸਾਖੀ ਦਾ ਦਿਹਾੜਾ ਹੀ ਚੁਣਿਆ ਹੈ। ਇਹ ਖ਼ਾਲਸੇ ਦਾ ਜਨਮ ਦਿਹਾੜਾ ਵੀ ਹੈ।

ਵੈਸਾਖੀ ਦਾ ਕੀ ਅਰਥ ਹੈ?

'ਵੈਸਾਖ' ਸ਼ਬਦ ਵਿੱਚ ਤਿੰਨ ਅੱਖਰ ਅਤੇ ਦੋ ਮਾਤ੍ਰਾ ਹਨ। ਇਹਨਾਂ ਨੂੰ ਜੇ ਵੱਖ-ਵੱਖ ਕਰਕੇ ਵੇਖੀਏ ਤਾਂ ਕ੍ਰਮ-ਵਾਰ ਇਨ੍ਹਾਂ ਦਾ ਰੂਪ ਇਉਂ ਹੈ - ਵ, ੈ, ਸ, ਾ, ਖ। ਸ਼ਬਦ ਲਈ ਘੱਟ-ਘੱਟ ਦੋ ਅੱਖਰਾਂ ਦੀ ਲੋੜ ਦੇ ਨਿਯਮ ਅਨੁਸਾਰ ਇਨ੍ਹਾਂ ਵਿੱਚੋਂ ਪਹਿਲੇ ਦੋ ਅੱਖਰ ਅਤੇ ਇੱਕ ਦਰਮਿਆਨ ਵਿੱਚ ਲੱਗੀ ਮਾਤ੍ਰਾ ਨੂੰ ਜੋੜ ਦੇਈਏ ਤਾਂ ਬਣੇਗਾ - 'ਵੈਸ'। ਅਤੇ ਪਿਛਲੇ ਦੋ ਅੱਖਰ ਅਤੇ ਦਰਮਿਆਨ ਵਿੱਚ ਲੱਗੀ ਮਾਤ੍ਰਾ ਨੂੰ ਜੋੜ ਦੇਣ 'ਤੇ ਬਣੇਗਾ - 'ਸਾਖ'। ਹੁਣ ਵੇਖੋ, 'ਵੇਸ' ਦਾ ਅਰਥ ਹੈ ਪਹਿਰਾਵਾ ਅਤੇ 'ਸਾਖ' ਦਾ ਅਰਥ ਹੈ ਦਰਖ਼ਤ ਦੀ ਟਾਹਣੀ (ਸ਼ਾਖਾ)।

ਸਰਦੀਆਂ ਦੀ ਰੁੱਤੇ, ਠੰਡੀਆਂ ਬਰਫ਼ੀਲੀਆਂ ਹਵਾਵਾਂ ਚੱਲਦੀਆਂ ਹਨ, ਦਰਖ਼ਤਾਂ ਦੇ ਪੱਤੇ ਝੜਦੇ ਹਨ, ਟਾਹਣੀਆਂ ਨੰਗੀਆਂ ਤੇ ਬਦਸੂਰਤ ਹੋ ਜਾਂਦੀਆਂ ਹਨ ਕਿਉਂਕਿ ਪੱਤੇ ਹੀ ਟਾਹਣੀਆਂ ਦੀ ਪੁਸ਼ਾਕ, ਪ੍ਰਹਿਰਾਵਾ ਜਾਂ ਵੇਸ ਹੁੰਦੇ ਹਨ। ਹਰ ਦਰਖ਼ਤ ਦਾ ਆਪਣਾ ਇੱਕ ਵੱਖਰਾ ਰੂਪ, ਰੰਗ ਅਤੇ ਆਕਾਰ ਹੁੰਦਾ ਹੈ ਜਿਸ ਤੋਂ ਉਸ ਦਰਖ਼ਤ ਦੇ ਨਾਂ ਦਾ ਪਤਾ ਚਲਦਾ ਹੈ। ਹਰੇ-ਭਰੇ ਪੱਤਿਆਂ ਦਾ ਪਹਿਰਾਵਾ ਹੀ ਦਰਖ਼ਤਾਂ ਦੀ ਸੁੰਦਰਤਾ ਅਤੇ ਪਛਾਣ ਹੁੰਦਾ ਹੈ। ਪਤਝੜ ਦੀ ਰੁੱਤੇ ਕਿਸੇ ਦਰਖ਼ਤ ਦੀ ਪਛਾਣ ਨਹੀਂ ਰਹਿੰਦੀ ਕਿ ਇਹ ਕਿਸ ਚੀਜ਼ ਦਾ ਦਰਖ਼ਤ ਹੈ। ਪੱਤਿਆਂ ਦੇ ਵੇਸ ਜਾਂ ਪਹਿਰਾਵੇ ਤੋਂ ਬਿਨਾ ਦਰਖ਼ਤ ਆਪਣੀ ਪਛਾਣ ਗੁਆ ਬਹਿੰਦਾ ਹੈ।

ਚੇਤ ਦੇ ਮਹੀਨੇ ਸਰਦੀ ਘੱਟ ਜਾਣ ਨਾਲ ਟਾਹਣੀਆਂ ਨੂੰ ਨਵੇਂ ਪੱਤੇ ਫੁੱਟਣੇ ਸ਼ੁਰੂ ਹੋ ਜਾਂਦੇ ਹਨ। ਇੱਕ ਹੋਰ ਨਿਯਮ ਹੈ ਕਿ ਪੱਤੇ ਕੇਵਲ ਉਨ੍ਹਾਂ ਸ਼ਾਖਾਵਾਂ ਨੂੰ ਫੁੱਟਦੇ ਹਨ ਜਿਹੜੀਆਂ ਅੰਦਰੋਂ ਹਰੀਆਂ ਹੁੰਦੀਆਂ ਹਨ, ਜਿੰਨ੍ਹਾਂ ਦੇ ਅੰਦਰ ਰਸ ਹੁੰਦਾ ਹੈ। ਅੰਦਰੋਂ ਸੁੱਕ ਚੁੱਕੀਆਂ ਸ਼ਾਖਾਵਾਂ ਵਿੱਚੋਂ ਕਦੇ ਪੱਤੇ ਨਹੀਂ ਫੁੱਟਦੇ ਅਤੇ ਜਿੰਨ੍ਹਾਂ ਟਾਹਣੀਆਂ ਵਿੱਚੋਂ ਪੱਤੇ ਨਾ ਫੁੱਟਣ, ਸਮਝ ਲਓ ਕਿ ਉਹ ਹੁਣ ਅੰਦਰੋਂ ਸੁੱਕ ਚੁੱਕੀਆਂ ਹਨ। ਕਿਉਂਕਿ ਅੰਦਰੋਂ ਹਰੀਆਂ ਸ਼ਾਖਾਂ ਵਿੱਚੋਂ ਪੱਤੇ ਫੁੱਟਣੇ ਜ਼ਰੂਰੀ ਹਨ। ਪੱਤੇ ਹੀ ਸ਼ਾਖਾ ਦਾ ਵੇਸ ਜਾਂ ਬਾਣਾ ਹਨ।

ਵੈਸਾਖ ਦੇ ਮਹੀਨੇ ਵਿੱਚ ਹਰ ਦਰਖ਼ਤ ਦੀਆਂ ਟਾਹਣੀਆਂ ਆਪਣੇ ਭਰਪੂਰ ਪੱਤਿਆਂ ਦੇ ਵੇਸ ਵਿੱਚ ਆਪਣੀ ਪਛਾਣ ਬਣਾ ਕੇ ਬਨਸਪਤੀ ਵਿੱਚ ਸੱਜ ਬਹਿੰਦੀਆਂ ਹਨ। ਵੈਸਾਖ ਦਾ ਮਹੀਨਾ ਬਨਸਪਤੀ ਦੇ ਵੇਸ ਦੀ ਸੁੰਦਰਤਾ ਦਾ ਪ੍ਰਤੀਕ ਮਹੀਨਾ ਹੈ। ਗੁਰੂ ਨਾਨਕ ਜੀ ਕਹਿੰਦੇ ਹਨ, ਵੈਸਾਖ ਦਾ ਮਹੀਨਾ ਬੜਾ ਚੰਗਾ ਲੱਗਦਾ ਹੈ ਕਿਉਂਕਿ ਪਛਾਣ ਗੁਆ ਚੁੱਕੀਆਂ ਸ਼ਾਖਾ ਨੇ ਵੈਸਾਖ ਦੇ ਮਹੀਨੇ ਮੁੜ ਆਪਣਾ ਵੇਸ ਪਹਿਨਿਆ ਹੈ, ਪਛਾਣ ਬਣਾਈ ਹੈ :

ਵੈਸਾਖੁ ਭਲਾ ਸਾਖਾ ਵੇਸ ਕਰੇ॥

(ਗੁ.ਗ੍ਰੰ.ਸਾ.ਪੰਨਾ 1108)

ਸੰਸਾਰ ਦੇ ਹੋਰ ਬਹੁਤ ਸਾਰੇ ਜੀਵਾਂ ਨੂੰ ਬਣਾ ਕੇ ਨਿਰੰਕਾਰ ਨੇ ਉਹਨਾਂ ਵਿੱਚ

ਆਪਣੀ ਮਰਜ਼ੀ ਨਾਲ ਕੁਝ ਹੋਰ ਬਣਨ ਦੀ ਸ਼ਕਤੀ ਨਹੀਂ ਰੱਖੀ। ਤੋਤੇ ਨੇ ਤੋਤਾ ਹੀ ਰਹਿਣਾ ਹੈ, ਮੋਰ ਨੇ ਮੋਰ ਹੀ ਰਹਿਣਾ ਹੈ। ਇਸ ਲਈ ਆਪਣੇ ਵੱਲੋਂ ਹੀ ਉਹਨਾਂ ਨੂੰ ਵੱਖ-ਵੱਖ ਸੁਭਾ ਅਤੇ ਖ਼ੂਬਸੂਰਤ ਵੇਸ ਵਿੱਚ ਸਜਾ ਕੇ ਭੇਜਦਾ ਹੈ ਤਾਂ ਕਿ ਇਹਨਾਂ ਦੀ ਆਪਣੀ ਵੱਖਰੀ-ਵੱਖਰੀ ਪਛਾਣ ਬਣੀ ਰਹੇ। ਸਭ ਪੰਛੀਆਂ ਦੇ ਰੰਗ-ਬਿਰੰਗੇ ਖੰਭ ਹੀ ਉਹਨਾਂ ਦਾ ਪਹਿਰਾਵਾ ਹਨ ਅਤੇ ਉਹੋ ਹੀ ਪੰਛੀਆਂ ਦੀ ਵੱਖ-ਵੱਖ ਪਛਾਣ ਹਨ।

ਪਰ ਮਨੁੱਖ ਵਿੱਚ ਇੱਕ ਵਿਸ਼ੇਸ਼ਤਾ ਹੈ ਕਿ ਮਨੁੱਖ ਨੂੰ ਬਣਾ ਕੇ ਪ੍ਰਭੂ ਨੇ ਇਸ ਨੂੰ ਇੱਕ ਸ਼ਕਤੀ ਦੇ ਦਿੱਤੀ ਹੈ, ਇੱਕ ਅਥਾਰਿਟੀ ਦੇ ਦਿੱਤੀ ਹੈ ਕਿ ਤੂੰ ਆਪਣੀ ਮਰਜ਼ੀ ਨਾਲ ਵੀ ਕੁਝ ਬਣ ਸਕਦਾ ਹੈਂ।

ਬਸ ! ਇਹੋ ਹੀ ਇਸ ਦੀ ਚੇਤੰਨਤਾ ਤੇ ਸੋਝੀ ਦਾ ਇਮਤਿਹਾਨ ਹੈ ਕਿ ਆਪਣੀ ਮਰਜ਼ੀ ਨਾਲ ਇਹ ਕੀ ਬਣਦਾ ਹੈ। ਜੋ ਕੁਝ ਵੀ ਬਣਨਾ ਚਾਹੇ, ਉਹ ਬਣਨ ਲਈ ਇਸਨੂੰ ਕਰਮਾਂ ਦੀ ਜ਼ਰੂਰਤ ਪੈਂਦੀ ਹੈ। ਕਰਮਾਂ ਕਰਕੇ ਕਈ ਵਾਰ ਇਹ ਮਨੁੱਖਤਾ ਤੋਂ ਥੱਲੇ ਡਿੱਗ ਜਾਂਦਾ ਹੈ ਅਤੇ ਚੋਰ, ਡਾਕੂ, ਜ਼ਾਲਮ, ਵਿਭਚਾਰੀ ਜਾਂ ਸ਼ੈਤਾਨ ਬਣ ਜਾਂਦਾ ਹੈ। ਪਰ ਕਰਮਾਂ ਕਰਕੇ ਇਹ ਸਾਧਾਰਨ ਮਨੁੱਖ ਤੋਂ ਉੱਚਾ ਉੱਠ ਕੇ ਪਰਉਪਕਾਰੀ, ਸੰਤ, ਭਗਤ, ਦੇਵਤਾ ਅਤੇ ਰੱਬ ਵਿੱਚ ਅਭੇਦ ਹੋ ਕੇ ਰੱਬ ਵੀ ਬਣ ਸਕਦਾ ਹੈ। ਪਰ ਗੁਰੂ ਜੀ ਕਹਿੰਦੇ ਹਨ, ਇੱਕ ਖਿਆਲ ਰੱਖੀਂ ਕਿ ਹਰੇਕ ਜੀਵ ਦਾ ਕਰਮਾਂ ਕਰਕੇ ਆਪਣਾ ਸੁਭਾ ਹੈ ਅਤੇ ਵੇਸ ਹੀ ਉਸਦੀ ਪਛਾਣ ਹੈ। ਵੇਖੀਂ, ਕਿਤੇ ਐਸਾ ਨਾ ਹੋਵੇ ਕਿ ਜੀਵਨ ਦਾ ਸੁਭਾ ਤਾਂ ਚੋਰਾਂ ਵਾਲਾ ਹੋਵੇ ਪਰ ਵੇਸ ਸਾਧਾਂ ਵਾਲਾ ਪਾਈਂ ਫਿਰੇਂ। ਬਾਬਾ ਕਬੀਰ ਜੀ ਨੇ ਆਖਿਆ ਹੈ :

ਹਰੇਕ ਜੀਵ ਦਾ ਵੇਸ ਹੀ ਉਸਦੀ ਪਛਾਣ ਹੈ

ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ।।
ਗਲੀ ਜਿਨ੍ਹਾ ਜਪਮਾਲੀਆ ਲੋਟੇ ਹਥਿ ਨਿਬਗ।।
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ।।

(ਗੁ.ਗ੍ਰੰ.ਸਾ.ਪੰਨਾ 479)

ਵੇਖੀਂ ! ਕਿਤੇ ਸੁਭਾ ਵਿੱਚ ਹੋਵੇ ਮਨਮਤ, ਕੁਕਰਮ, ਵਿਕਾਰ ਅਤੇ ਵੇਸ-ਬਾਣਾ-ਭੇਖ ਗੁਰੂ ਵਾਲਾ ਬਣਾਈ ਫਿਰੇਂ, ਜਾਂ ਅੰਦਰ ਦੀ ਸਿੱਖੀ ਮਹਾਨ ਆਖ ਕੇ ਸਿੱਖੀ ਬਾਣੇ ਨੂੰ ਛੱਡ ਕੇ ਸਿੱਖੀ ਪਛਾਣ ਗੁਆਈ ਫਿਰੇਂ।

ਬਸ ! ਪਛਾਣ ਨਾ ਬਦਲ। ਜੋ ਕੁਝ ਵੀ ਤੂੰ ਹੈਂ, ਉਸਦੀ ਪਛਾਣ ਬਣਾਈ ਰੱਖਣਾ ਜ਼ਰੂਰੀ ਹੈ। ਇਸੇ ਲਈ ਦੁਨੀਆ ਦੀ ਹਰ ਕੌਮ, ਕਬੀਲੇ, ਇਲਾਕੇ ਅਤੇ ਦੇਸ਼ ਦਾ ਆਪਣਾ ਇੱਕ ਵੱਖਰਾ ਪਹਿਰਾਵਾ ਹੈ ਅਤੇ ਉਹ ਵੇਸ ਹੀ ਉਸ ਦੀ ਪਛਾਣ ਹੈ।


ਵੇਸ, ਕੌਮ ਦੇ ਸੱਭਿਆਚਾਰ (Culture) ਦਾ ਇੱਕ ਅਹਿਮ ਹਿੱਸਾ ਹੈ। ਜਿਹੜੇ ਲੋਕ ਆਪਣਾ ਵੇਸ, ਪਹਿਰਾਵਾ, ਬੋਲੀ ਜਾਂ ਸੱਭਿਆਚਾਰ ਗੁਆ ਬਹਿੰਦੇ ਹਨ, ਉਹ ਆਪਣੀ ਕੌਮ, ਆਪਣੀ ਪਿਤਾ ਪੁਰਖੀ ਦੀ ਪਛਾਣ ਗੁਆ ਬਹਿੰਦੇ ਹਨ।

ਗੁਰੂ ਨਾਨਕ ਨੇ ਚਾਰ ਉਦਾਸੀਆਂ ਰਾਹੀਂ ਦੇਸ਼-ਵਿਦੇਸ਼ਾਂ ਵਿੱਚ ਫਿਰ ਕੇ ਪਨੀਰੀ

ਇਹ ਖ਼ਾਲਸੇ ਦੇ ਪ੍ਰਗਟ ਹੋਣ ਦਾ ਦਿਹਾੜਾ ਕਿਵੇਂ ਬਣਿਆ?

ਇਕੱਠੀ ਕੀਤੀ ਅਤੇ ਸਿੱਖੀ ਦਾ ਬਾਗ਼ ਲਾਇਆ ਅਤੇ ਦੋ ਸੌ ਸਾਲ ਅੰਦਰ, ਨੌ ਜਾਮਿਆਂ ਵਿੱਚ ਗੁਰਮਤਿ ਸਿਧਾਂਤ, ਪਿਆਰ, ਸੇਵਾ, ਕੁਰਬਾਨੀ, ਸੁਕਿਰਤ, ਸ਼ਾਂਤ ਰਸ, ਬੀਰ ਰਸ ਆਦਿ ਗੁਣਾਂ ਦਾ ਰਸ, ਇਸ ਦੀਆਂ ਟਾਹਣੀਆਂ ਵਿੱਚ ਸਿੰਜਦੇ ਅਤੇ ਪਾਲਦੇ ਰਹੇ। ਜਦੋਂ ਇਹ ਬਗ਼ੀਚਾ ਅੰਦਰੋਂ ਗੁਣਾਂ ਨਾਲ ਹਰਾ-ਭਰਾ ਹੋ ਗਿਆ ਤਾਂ ਦਸਵੇਂ ਜਾਮੇ ਵਿੱਚ ਗੁਰੂ ਨੇ ਫੈਸਲਾ ਕੀਤਾ ਕਿ ਹੁਣ ਇਸ ਬਾਗ਼ ਦੀ ਹਰ ਸ਼ਾਖਾ ਨੂੰ ਪੱਤੇ ਫੁੱਟਣੇ ਜ਼ਰੂਰੀ ਹਨ, ਇਸ ਦੀ ਵੇਸ ਪਛਾਣ ਜ਼ਰੂਰੀ ਹੈ। ਨਹੀਂ ਤਾਂ ਇਸ ਦੇ ਅੰਦਰ ਦੀ ਹਰਿਆਵਲ ਸੁੱਕ ਜਾਵੇਗੀ, ਇਸ ਲਈ ਇਸਨੂੰ ਇਸਦਾ ਬਾਣਾ ਦੇ ਕੇ ਵੱਖਰੀ ਪਛਾਣ ਦਿੱਤੀ ਜਾਵੇ। ਕਿਉਂਕਿ ਵੈਸਾਖ ਵਿੱਚ ਹਰੀਆਂ ਟਾਹਣੀਆਂ ਪੱਤਿਆਂ ਭਰਪੂਰ ਵੇਸ ਵਿੱਚ ਸੱਜਦੀਆਂ ਹਨ, ਇਸ ਲਈ ਵੈਸਾਖੀ ਵਾਲੇ ਦਿਨ ਹੀ ਬਾਣੀ ਗੁਰਮਤਿ ਦੇ ਰਸ ਵਿੱਚ ਅੰਦਰੋਂ ਹਰੇ ਹੋਏ ਖ਼ਾਲਸੇ ਨੂੰ ਅੰਮ੍ਰਿਤ ਰਾਹੀਂ ਖ਼ੂਬਸੂਰਤ ਬਾਣੇ, ਵੇਸ ਤੇ ਪਛਾਣ ਨਾਲ ਸਜਾਇਆ ਜਾਵੇ। ਇਉਂ ਵੈਸਾਖੀ ਦਾ ਦਿਹਾੜਾ ਖ਼ਾਲਸੇ ਦੇ ਸੰਪੂਰਨ ਰੂਪ ਵਿੱਚ ਪ੍ਰਗਟ ਹੋਣ ਦਾ ਦਿਹਾੜਾ ਬਣਿਆ।

ਏਤੁ ਰਾਹਿ



ਪ੍ਰੋ. ਦਰਸ਼ਨ ਸਿੰਘ ਖ਼ਾਲਸਾ

ਗੁਰਦੁਆਰੇ ਕੀ ਹਨ ?

ਸੰਗਤ ਕੌਣ ਹੈ ?

ਚੋਣ ਕੌਣ ਕਰ ਸਕਦਾ ਹੈ ?

ਪ੍ਰਚਾਰਕ ਵਪਾਰੀ ਕਦੋਂ ਬਣਦਾ ਹੈ ?

ਅੱਜ ਗੁਰਦੁਆਰੇ ਕਿਵੇਂ
ਵਪਾਰਕ ਕੇਂਦਰ ਬਣ ਰਹੇ ਹਨ ?

ਗੁਰਦੁਆਰਾ ਪ੍ਰਬੰਧ

ਧਰਮ-ਸ਼ਾਲਾ ਗੁਰਦੁਆਰੇ, ਜਿੰਨ੍ਹਾਂ ਵਿੱਚ ਯੋਗ ਪ੍ਰਬੰਧ ਨਾਲ ਗੁਰਮਤਿ ਅਤੇ ਧਰਮ ਨੂੰ ਪ੍ਰਚਾਰਨ-ਪ੍ਰਸਾਰਨ ਦਾ ਵਾਤਾਵਰਨ ਪੈਦਾ ਕੀਤਾ ਜਾ ਸਕਦਾ ਹੈ। ਗੁਰਦੁਆਰੇ ਅਤੇ ਸਾਧ-ਸੰਗਤ ਦੀ ਇਕੱਤਰਤਾ ਵਿੱਚ ਜੋ ਗੁਰਮਤਿ ਵੀਚਾਰ ਅਤੇ ਸੇਵਾ ਦੇ ਸਾਧਨ ਪੈਦਾ ਕੀਤੇ ਜਾ ਸਕਦੇ ਹਨ, ਉਹ ਘਰਾਂ ਵਿੱਚ ਨਹੀਂ ਹੋ ਸਕਦੇ। ਗੁਰਦੁਆਰੇ ਅਸਲ ਵਿੱਚ ਸਿੱਖੀ ਦੇ ਦੋ ਮੁੱਢਲੇ ਸਿਧਾਂਤ - ਸੇਵਾ ਤੇ ਸਿਮਰਨ ਦੇ ਅਮਲੀ (Practically) ਅਭਿਆਸ ਅਤੇ ਗੁਰਮਤਿ ਵਿਚਾਰ ਦਾ ਕੇਂਦਰੀ ਸਕੂਲ (ਪਾਠਸ਼ਾਲਾ) ਬਣਾਏ ਗਏ ਹਨ ਜਿੱਥੋਂ ਸਿੱਖੀ ਦਾ ਸਰੂਪ ਅਤੇ ਸਿਧਾਂਤ ਰੂਪਮਾਨ ਹੁੰਦਾ ਹੈ।

ਇਸੇ ਲਈ ਗੁਰੂ ਨਾਨਕ ਦੇ ਸਮੇਂ ਤੋਂ ਹੀ ਧਰਮਸ਼ਾਲਾ ਜਾਂ ਗੁਰਦੁਆਰੇ ਬਣਾਉਣ ਦਾ ਉਪਰਾਲਾ ਸ਼ੁਰੂ ਹੋ ਗਿਆ ਸੀ। ਗੁਰੂ ਸਾਹਿਬ ਜਿੱਥੇ-ਜਿੱਥੇ ਗਏ, ਉੱਥੇ ਸਾਧ-ਸੰਗਤ ਕਾਇਮ ਕੀਤੀ ਅਤੇ ਧਰਮਸ਼ਾਲਾ ਕਾਇਮ ਕੀਤੀਆਂ।

ਮੈ ਬਧੀ ਸਚੁ ਧਰਮ ਸਾਲ ਹੈ।। ਗੁਰਸਿਖਾ ਲਹਦਾ ਭਾਲਿ ਕੈ।।
ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ।।

(ਗੁ.ਗ੍ਰੰ.ਸਾ.ਪੰਨਾ 73)

ਸੰਗਤ ਦੀ ਇਕੱਤਰਤਾ ਸਮੇਂ ਲੋੜ ਅਨੁਸਾਰ ਅਸਥਾਨਾਂ 'ਤੇ ਲੰਗਰ ਚਲਾਏ,

ਇਸ਼ਨਾਨ ਲਈ ਬਉਲੀਆਂ ਬਣਵਾਈਆਂ, ਖੂਹ ਲੁਆਏ ਅਤੇ ਗੁਰੂ ਰਾਮਦਾਸ ਤੇ ਗੁਰੂ ਅਰਜਨ ਸਾਹਿਬ ਨੇ ਤਾਂ ਰਾਮਦਾਸ ਸਰੋਵਰ ਅਤੇ ਹਰਿਮੰਦਰ ਸਾਹਿਬ ਗੁਰਸਿੱਖੀ ਦੇ ਪ੍ਰਚਾਰ-ਪ੍ਰਸਾਰ ਦਾ ਵੱਡਾ ਕੇਂਦਰ ਕਾਇਮ ਕਰਕੇ 'ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ' ਦਾ ਵਾਤਾਵਰਣ ਪੈਦਾ ਕਰ ਦਿੱਤਾ। ਇੱਥੇ ਹੀ ਗੁਰੂ ਅਰਜਨ ਸਾਹਿਬ ਨੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਕਰਕੇ ਸਿੱਖ ਸੰਗਤ ਨੂੰ ਇੱਥੋਂ ਕੇਵਲ ਸ਼ਬਦ ਗੁਰੂ ਗੁਰਬਾਣੀ ਦੇ ਗਾਇਨ ਅਤੇ ਗੁਰਬਾਣੀ ਦੀ ਬਖ਼ਸ਼ੀ ਜੀਵਨ ਸੇਧ ਨਾਲ ਜੋੜਿਆ। ਇਸ ਅਸਥਾਨ 'ਤੇ ਮੁੱਢਲੇ ਰੂਪ ਵਿੱਚ ਗੁਰੂ ਅਰਜਨ ਸਾਹਿਬ ਜੀ ਦੀ ਅਗਵਾਈ ਵਿੱਚ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਵਰਗੇ ਗੁਰਮਤਿ ਦੇ ਮਹਾਨ ਵਿਦਵਾਨ ਤੇ ਗੁਰਮਤਿ ਜੀਵਨ ਦੇ ਧਾਰਨੀ ਪ੍ਰਬੰਧਕ ਅਤੇ ਪ੍ਰਚਾਰਕ ਸਥਾਪਿਤ ਹੋਏ। ਇਹੋ ਕਾਰਣ ਸੀ ਕਿ ਇੱਥੋਂ ਗੁਰਮਤਿ ਗੁਰਸਿੱਖੀ ਦੀ ਰੋਸ਼ਨੀ ਚਾਰੇ ਕੂੰਟਾਂ ਤਕ ਫੈਲੀ ਅਤੇ ਚਾਰੇ ਕੂੰਟਾਂ ਤੋਂ ਸਿੱਖੀ ਇਸ ਕੇਂਦਰੀ ਅਸਥਾਨ ਨਾਲ ਜੁੜ ਗਈ। ਕੁਝ ਸਮੇਂ ਬਾਅਦ ਉਸੇ ਹੀ ਭਾਵਨਾ ਕਾਰਣ ਸਿੱਖ ਦੀ ਰੋਜ਼ਾਨਾ ਦੀ ਅਰਦਾਸ ਵਿੱਚ ਵੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਦਰਸ਼ਨ-ਇਸ਼ਨਾਨ ਦੇ ਲਫ਼ਜ਼ ਸ਼ਾਮਲ ਹੋ ਗਏ। ਇਹ ਹੀ ਗੁਰਦੁਆਰੇ ਅਸਥਾਨਾਂ ਦਾ ਮਹੱਤਵ ਹੈ ਕਿ ਇੱਥੋਂ ਮਨੁੱਖੀ ਜੀਵਨ ਨੂੰ, ਗੁਰਮਤਿ ਪ੍ਰਚਾਰ-ਪ੍ਰਸਾਰ ਅਤੇ ਧਾਰਮਿਕ ਵਿਚਾਰਾਂ ਨਾਲ ਸਰਸ਼ਾਰ ਕੀਤਾ ਜਾਂਦਾ ਰਹੇ। ਮਾਨੋ ਗੁਰਦੁਆਰੇ ਧਰਮ ਪ੍ਰਚਾਰ ਦਾ ਨੀਂਹ (Base) ਅਤੇ ਧਰਮੀ ਜੀਵਨ ਦੀ ਜਾਨ ਬਣਾਏ ਗਏ ਸਨ।

ਗੁਰਦੁਆਰੇ ਦਾ ਮਹੱਤਵ

ਪਰ ਇਹ ਸਭ ਕੁਝ ਪ੍ਰਬੰਧਕ ਅਤੇ ਪ੍ਰਚਾਰਕ 'ਤੇ ਨਿਰਭਰ ਕਰਦਾ ਹੈ। ਮੁੱਖ ਰੂਪ ਵਿੱਚ ਇਸਦਾ ਜ਼ਿੰਮੇਵਾਰ ਪ੍ਰਬੰਧਕ ਹੈ ਕਿਉਂਕਿ ਉਸਨੇ ਹੀ ਗੁਰਦੁਆਰਾ ਅਸਥਾਨ ਨੂੰ ਪ੍ਰਚਾਰ ਲਈ ਵਰਤਣਾ ਹੈ ਅਤੇ ਪ੍ਰਚਾਰਕ ਨਿਸ਼ਚਿਤ ਕਰਨਾ ਹੈ। ਇਹ ਉਸਨੇ ਵੇਖਣਾ ਹੈ ਕਿ ਉਹ ਗੁਰਮਤਿ ਜਾਂ ਮਨਮਤਿ, ਕਿਸ ਪ੍ਰਚਾਰ ਲਈ ਸਟੇਜ ਵਰਤਦਾ ਹੈ ਅਤੇ ਕਿਹੋ ਜਿਹਾ ਪ੍ਰਚਾਰਕ ਨਿਸ਼ਚਿਤ ਕਰਦਾ ਹੈ। ਇਹੋ ਕਾਰਣ ਹੈ ਕਿ ਗੁਰੂ ਸਾਹਿਬ ਦੇ ਸਮੇਂ ਤੋਂ ਹੀ ਅਨੇਕਾਂ ਵਾਰ ਗੁਰਦੁਆਰਾ ਪ੍ਰਬੰਧ 'ਤੇ ਗ਼ਲਤ ਹੱਥਾਂ ਦਾ ਕਬਜ਼ਾ ਹੋਣ ਨਾਲ ਸਿੱਖੀ ਦੇ ਦੋਖੀ-ਮਨਮਤੀਆਂ ਵੱਲੋਂ ਗੁਰੂ ਅਸਥਾਨਾਂ ਅੰਦਰ ਗੁਰਮਤਿ ਪ੍ਰਚਾਰ-ਪ੍ਰਸਾਰ ਦਾ ਵਾਤਾਵਰਨ ਵਿਗਾੜਿਆ ਜਾਂਦਾ ਰਿਹਾ ਹੈ। ਬੇਸ਼ਕ ਐਸਾ ਸਮਾਂ ਪ੍ਰਿਥੀਚੰਦ, ਧੀਰਮੱਲ ਜਾਂ ਬਕਾਲੇ ਦੀਆਂ ਬਾਈ ਮੰਜੀਆਂ ਸਮੇਂ ਆਇਆ, ਗੁਰੂ ਤੇਗ ਬਹਾਦਰ ਜੀ ਸਮੇਂ ਹਰਿਮੰਦਰ ਸਾਹਿਬ (ਅੰਮ੍ਰਿਤਸਰ) 'ਤੇ ਮਸੰਦਾਂ ਦੇ ਕਬਜ਼ੇ ਨਾਲ ਆਇਆ। ਇਹਨਾਂ ਮਸੰਦਾਂ ਨੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਵੀ ਦਰਬਾਰ ਸਾਹਿਬ ਦੇ ਅੰਦਰ ਨਾ ਜਾਣ ਦਿੱਤਾ ਅਤੇ ਦਰਵਾਜ਼ੇ ਬੰਦ ਕਰ ਲਏ। ਬਦਕਿਸਮਤੀ ਨਾਲ ਐਸਾ ਸਮਾਂ ਵੀ ਆਇਆ ਜਦੋਂ ਦਰਬਾਰ ਸਾਹਿਬ 'ਤੇ ਮੱਸੇ ਰੰਘੜ ਦਾ ਕਬਜ਼ਾ ਹੋ ਗਿਆ ਅਤੇ ਉਸ ਦੁਰਾਚਾਰੀ ਨੇ ਦਰਬਾਰ ਸਾਹਿਬ ਦੇ ਅੰਦਰ ਦੁਰਾਚਾਰੀ ਮਾਹੌਲ ਬਣਾ ਦਿੱਤਾ। ਇਸ ਗੁਰਮਤਿ ਦੇ ਕੇਂਦਰ-ਸਥਾਨ 'ਤੇ ਵੇਸ਼ਵਾ ਦੇ ਨਾਚ ਹੋਏ, ਨਾਮ ਅੰਮ੍ਰਿਤ ਦੇ ਚਸ਼ਮੇ 'ਤੇ ਸ਼ਰਾਬਾਂ ਦੇ ਦੌਰ ਚਲੇ। ਅਖੀਰ ਧਰਮੀ ਜੀਵੜਿਆਂ ਦੀਆਂ ਆਤਮਾ ਕੁਰਲਾ ਉੱਠੀਆਂ ਅਤੇ 'ਬੁੱਢਾ

ਜੌਹੜ' ਦੇ ਅਸਥਾਨ 'ਤੇ ਜੁੜੇ ਗੁਰਸਿੱਖਾਂ ਵਿੱਚ ਫੈਸਲਾ ਕਰਕੇ ਸੁੱਖਾ ਸਿੰਘ ਮਹਿਤਾਬ ਸਿੰਘ ਵਰਗੇ ਸਿੰਘ ਮੱਸੇ ਨੂੰ ਸੋਧਣ ਲਈ ਤੁਰ ਪਏ ਅਤੇ ਉਸ ਬੇ-ਅਦਬ ਜ਼ਾਲਮ ਦੁਰਾਚਾਰੀ ਮੱਸੇ ਨੂੰ ਖ਼ਤਮ ਕਰਕੇ ਦਰਬਾਰ ਸਾਹਿਬ ਵਿੱਚ ਮੁੜ ਗੁਰਮਤਿ ਮਰਯਾਦਾ ਬਹਾਲ ਕੀਤੀ।

ਵੀਹਵੀਂ ਸਦੀ ਵਿੱਚ ਅੰਗ੍ਰੇਜ਼ ਰਾਜ ਸਮੇਂ ਸਰਕਾਰੀ ਸ਼ਹਿ ਨਾਲ ਮੁੜ ਗੁਰੂ ਅਸਥਾਨਾਂ 'ਤੇ ਮਹੰਤਾਂ ਦਾ ਕਬਜ਼ਾ ਹੋਇਆ। ਗੁਰਦੁਆਰਿਆਂ 'ਤੇ ਕਬਜ਼ੇ ਅਤੇ ਸਰਕਾਰੀ ਸ਼ਕਤੀ ਦੇ ਹੰਕਾਰ ਵੱਸ ਮਹੰਤ ਨਰੈਣੂ ਵਰਗੇ ਜ਼ਾਲਮ ਅਤੇ ਦੁਰਾਚਾਰੀ ਬਣ ਗਏ। ਗੁਰਦੁਆਰਿਆਂ ਦੇ ਵਾਤਾਵਰਣ ਵਿੱਚ ਗੁਰਸਿੱਖ ਸੰਗਤਾਂ ਦਾ ਧਾਰਮਿਕ ਦਮ ਘੁੱਟਣ ਲੱਗਾ, ਜੀਵਨ ਦੁਸ਼ਵਾਰ ਹੋ ਗਿਆ। ਅਖ਼ੀਰ ਸਿੱਖ ਸੰਗਤਾਂ ਨੇ ਅਜਿਹੇ ਆਚਰਣ-ਹੀਨ ਗੁਰਦੁਆਰਾ ਪ੍ਰਬੰਧ ਨੂੰ, ਹਰ ਤਰ੍ਹਾਂ ਦੀ ਕੁਰਬਾਨੀ ਦੇ ਕੇ ਬਦਲਣ ਦਾ ਫੈਸਲਾ ਕੀਤਾ। ਇਸ ਲਈ ਭਾਈ ਲੱਛਮਣ ਸਿੰਘ ਤੇ ਦਲੀਪ ਸਿੰਘ ਜੀ ਆਦਿ ਸਮੇਤ ਕਈ ਸ਼ਹੀਦੀਆਂ ਹੋਈਆਂ, ਗੁਰਦੁਆਰਾ ਸੁਧਾਰ ਲਹਿਰ ਨੇ ਜਨਮ ਲਿਆ। ਚਾਬੀਆਂ ਦੇ ਮੋਰਚੇ, ਗੰਗਸਰ ਤੇ ਜੈਤੋ ਆਦਿ ਦੇ ਮੋਰਚਿਆਂ ਵਿੱਚ ਸਿੱਖਾਂ ਦਾ ਡਾਂਗਾਂ ਦੀ ਮਾਰ, ਘੋੜਿਆਂ ਦੇ ਸੁੰਬਾਂ ਹੇਠ ਮਸਲੇ ਜਾਣਾ ਪਰ ਗੁਰਦੁਆਰਾ ਨਿਜ਼ਾਮ ਨੂੰ ਬਦਲਣਾ। ਇਹ ਇਤਿਹਾਸ ਦੇ ਪੰਨਿਆਂ ਤੋਂ ਲਈਆਂ ਕੁਝ ਉਦਾਹਰਣਾਂ ਇਸ ਗੱਲ ਦਾ ਪ੍ਰਤੀਕ ਹਨ ਕਿ ਚੰਗੇ ਗੁਰਸਿੱਖਾਂ ਦੇ ਪ੍ਰਬੰਧ ਵਿੱਚ ਗੁਰਦੁਆਰੇ ਸਿੱਖੀ ਦੀ ਟਕਸਾਲ ਬਣਦੇ ਹਨ ਜਿੱਥੇ ਸਿੱਖੀ ਸਰੂਪ ਘੜਿਆ ਜਾਂਦਾ ਹੈ। ਪਰ ਦੂਜੇ ਪਾਸੇ ਗ਼ਲਤ ਮਨਮਤੀਏ ਸਿਆਸੀ ਹੱਥਾਂ ਵਿੱਚ ਆਇਆ ਗੁਰਦੁਆਰਾ ਪ੍ਰਬੰਧ ਸਿੱਖੀ ਸਰੂਪ, ਸਿੱਖੀ ਸਿਧਾਂਤ, ਸਿੱਖੀ ਮਾਣ-ਸਨਮਾਨ ਅਤੇ ਸਿੱਖੀ ਭਵਿੱਖ ਲਈ ਘਾਤਕ ਸਾਬਤ ਹੁੰਦਾ ਹੈ।

ਗੁਰਦੁਆਰਾ ਪ੍ਰਬੰਧ ਵਿੱਚ ਆਏ ਨਿਘਾਰ ਦੇ ਕੀ ਕਾਰਣ ਹਨ?

ਅੱਜ ਗੁਰਦੁਆਰਾ ਪ੍ਰਬੰਧ ਵਿੱਚ ਆਏ ਨਿਘਾਰ ਹੱਥੋਂ ਕੌਮੀ ਸਰਮਾਏ, ਕੌਮੀ ਸੋਚ, ਕੌਮੀ ਸਮਾਂ, ਕੌਮੀ ਸਰੂਪ ਅਤੇ ਸਿੱਖੀ ਸਿਧਾਂਤ ਦੀ ਹੋ ਰਹੀ ਬਰਬਾਦੀ ਕੌਮ ਦਾ ਵਿਸ਼ੇਸ਼ ਧਿਆਨ ਮੰਗਦੀ ਹੈ। ਨਹੀਂ ਤਾਂ 'ਜੈਹਹਿ ਆਟਾ ਲੋਨ ਜਿਉ ਸੋਨ ਸਮਾਨਿ ਸਰੀਰੁ' ਦੇ ਗੁਰੂ ਬਚਨਾਂ ਵਾਂਗੂੰ ਪਵਿੱਤਰ ਗੁਰਦੁਆਰਾ ਸੰਕਲਪ (Concept) ਨਿਰਾਰਥ ਹੀ ਨਹੀਂ ਬਲਕਿ ਘਾਤਕ ਸਾਬਤ ਹੋਵੇਗਾ। ਇਸ ਲਈ ਗੁਰਦੁਆਰਾ ਪ੍ਰਬੰਧ ਵਿੱਚ ਸੁਧਾਰ ਲਿਆਉਣਾ ਅਤਿਅੰਤ ਜ਼ਰੂਰੀ ਹੈ ਅਤੇ ਗੁਰਦੁਆਰਾ ਪ੍ਰਬੰਧ ਵਿੱਚ ਆਏ ਵਿਗਾੜ ਦੇ ਮੂਲ ਕਾਰਣ ਵੀ ਵਿਚਾਰਨੇ ਪੈਣਗੇ।

ਮੂਲ ਕਾਰਣ ਹਨ - ਗ਼ਲਤ ਚੋਣ ਪ੍ਰਣਾਲੀ, ਦਾਨ ਪ੍ਰਣਾਲੀ, ਅੰਧ-ਵਿਸ਼ਵਾਸਤਾ, ਕੁਝ ਸਾਜਸ਼ ਅਧੀਨ ਮਨ-ਘੜਤ ਕਹਾਣੀਆਂ ਰਾਹੀਂ ਜਾਂ ਅਭੋਲ ਹੀ ਸਿੱਖੀ ਵਿੱਚ ਪ੍ਰਚਾਰੀਆਂ ਗਈਆਂ ਕੁਝ ਪ੍ਰੰਪਰਾਵਾਂ, ਬਿਨਾਂ ਸਮਝੇ ਧਰਮ ਅਤੇ ਰਾਜਨੀਤੀ ਦੀ ਸਾਂਝ ਅਤੇ ਧਰਮ ਦਾ ਵਪਾਰੀਕਰਣ ਹੋ ਜਾਣਾ। ਨਤੀਜਾ ਇਹ ਹੋਇਆ ਹੈ ਕਿ ਪਰਮਾਰਥ ਪਦਾਰਥ ਦੇ ਹੇਠ ਦੱਬ ਕੇ ਦਮ ਤੋੜ ਰਿਹਾ ਹੈ। ਪਦਾਰਥ ਨਾਲ ਗੁਰਦੁਆਰੇ ਦਾ ਮਹੱਲ ਬਣਾਇਆ ਜਾ ਸਕਦਾ ਹੈ, ਉਸ 'ਤੇ ਮਾਰਬਲ ਤੇ ਸੋਨਾ ਲਾਇਆ ਜਾ ਸਕਦਾ ਹੈ ਜੋ ਲੱਗ ਰਿਹਾ ਹੈ। ਪਰ ਪਦਾਰਥ ਨਾਲ ਪਰਮਾਰਥ ਨਹੀਂ ਕਮਾਇਆ ਜਾ ਸਕਦਾ ਜੋ ਦਮ ਤੋੜ ਰਿਹਾ ਹੈ।

ਚੋਣ ਪ੍ਰਣਾਲੀ

ਚੋਣ ਪ੍ਰਣਾਲੀ ਰਾਹੀਂ ਹੋ ਰਿਹਾ ਨੁਕਸਾਨ

ਚੋਣ ਪ੍ਰਕ੍ਰਿਆ ਮਨੁੱਖੀ ਜੀਵਨ ਦਾ ਇੱਕ ਜ਼ਰੂਰੀ ਹਿੱਸਾ ਹੈ ਜੋ ਜੀਵਨ ਦੇ ਹਰ ਮੋੜ 'ਤੇ ਇੱਕ ਅਹਿਮ ਸੁਆਲ ਵਾਂਗੂੰ ਖੜ੍ਹਾ ਹੈ, ਜਿਸਨੂੰ ਹਲ ਕਰਕੇ ਹੀ ਮਨੁੱਖ ਨੇ ਅੱਗੇ ਤੁਰਨਾ ਹੈ। ਗ਼ਲਤ ਜਾਂ ਠੀਕ ਚੋਣ ਹੀ ਇਸਦੇ ਜੀਵਨ ਦੀ ਆਬਾਦੀ ਜਾਂ ਬਰਬਾਦੀ ਦੀ ਪ੍ਰਤੀਕ ਬਣਦੀ ਹੈ ਅਤੇ ਇਹ ਚੋਣ ਇਸਦੀ ਗਿਆਨ ਸਤ੍ਹਾ ਦੇ ਮਿਆਰ 'ਤੇ ਨਿਰਭਰ ਕਰਦੀ ਹੈ।

ਕਲਾਸ ਵਿਚ ਬੈਠੇ ਹਮ-ਜਮਾਤੀਆਂ ਵਿੱਚੋਂ ਮਨੁੱਖ ਨੇ ਆਪਣੇ ਪਿਆਰੇ ਮਿੱਤਰਾਂ ਦੀ ਚੋਣ ਕਰਨੀ ਹੈ। ਦੋਰਾਹੇ ਜਾਂ ਚੌਰਾਹੇ 'ਤੇ ਆ ਕੇ ਇਸਨੇ ਆਪਣੀ ਮੰਜ਼ਿਲ ਲਈ ਸਹੀ ਰਸਤੇ ਦੀ ਚੋਣ ਕਰਨੀ ਹੈ। ਕਪੜੇ ਦੀ ਦੁਕਾਨ 'ਤੇ ਪਈ ਬੇਅੰਤ ਕਿਸਮਾਂ (Variety) ਵਿੱਚੋਂ ਇਸਨੇ ਆਪਣੀ ਸ਼ਖ਼ਸੀਅਤ ਨਾਲ ਬਣਦੇ-ਫੱਬਦੇ ਕਪੜੇ ਦੀ ਚੋਣ ਕਰਨੀ ਹੈ। ਗੁਣਾਂ ਦੇ ਆਧਾਰ 'ਤੇ ਇਸਨੇ ਆਪਣੇ ਜੀਵਨ-ਸਾਥੀ ਦੀ ਚੋਣ ਕਰਨੀ ਹੈ। ਇਉਂ ਚੋਣ ਦਾ ਮਸਲਾ ਤਾਂ ਹਰ ਵਕਤ ਹੀ ਮਨੁੱਖ ਦੇ ਸਾਹਮਣੇ ਖੜ੍ਹਾ ਹੈ ਜਿਸ ਲਈ ਇਸਨੂੰ ਹਮੇਸ਼ਾ ਹੀ ਬੜੀ ਸੂਝ-ਬੂਝ ਦੀ ਲੋੜ ਹੈ। ਇਸ ਲਈ ਸਤਿਗੁਰੂ ਨੇ ਵੀ ਬਚਨ ਕੀਤਾ ਹੈ :

ਰਤਨਾ ਪਾਰਖੁ ਜੋ ਹੋਵੈ ਸੁ ਰਤਨਾ ਕਰੇ ਵੀਚਾਰੁ।।
ਰਤਨਾ ਸਾਰ ਨ ਜਾਣਈ ਅਗਿਆਨੀ ਅੰਧੁ ਅੰਧਾਰੁ।।

(ਗੁ.ਗ੍ਰੰ.ਸਾ.ਪੰਨਾ 589)

ਨਾਨਕ ਅੰਧਾ ਹੋਇ ਕੈ ਰਤਨਾ ਪਰਖਣ ਜਾਇ।।
ਰਤਨਾ ਸਾਰ ਨ ਜਾਣਈ ਆਵੈ ਆਪੁ ਲਖਾਇ।। ੧।।
ਮ: ੨।। ਰਤਨਾ ਕੇਰੀ ਗੁਥਲੀ ਰਤਨੀ ਖੋਲੀ ਆਇ।।
ਵਖਰ ਤੈ ਵਣਜਾਰਿਆ ਦੁਹਾ ਰਹੀ ਸਮਾਇ।।
ਜਿਨਿ ਗੁਣੁ ਪਲੈ ਨਾਨਕਾ ਮਾਣਕ ਵਣਜਹਿ ਸੇਇ।।
ਰਤਨਾ ਸਾਰ ਨ ਜਾਣਨੀ ਅੰਧੇ ਵਤਹਿ ਲੋਇ।। ੨।।

(ਗੁ.ਗ੍ਰੰ.ਸਾ.ਪੰਨਾ 954)

ਰਤਨਾਂ ਦੀ ਸਾਰ ਜੌਹਰੀ ਜਾਣਦਾ ਹੈ ਅਤੇ ਜੌਹਰੀ ਬਹੁਤੇ ਨਹੀਂ ਹੁੰਦੇ। ਹੀਰਿਆਂ ਨੂੰ ਪਹਿਨਣ ਵਾਲੇ ਬਹੁਤੇ ਹਨ ਪਰ ਪਰਖਣ ਵਾਲੇ ਬਹੁਤ ਥੋੜ੍ਹੇ ਹਨ। ਇਸ ਲਈ ਬਹੁਤੇ ਲੋਕ ਹੀਰਿਆਂ ਦੀ ਚੋਣ ਕਰਨ ਵਿੱਚ ਸ਼ਾਮਿਲ ਨਹੀਂ ਹੋ ਸਕਦੇ। ਇਹ ਲੋਕ-ਰਾਜੀ ਚੋਣ ਪ੍ਰਣਾਲੀ ਜਿਸ ਵਿੱਚ ਬਹੁਤੇ ਲੋਕਾਂ ਦੀ ਚੋਣ ਨੂੰ ਮਾਨਤਾ ਹੈ, ਇਸੇ ਲਈ ਕੋਈ ਬਹੁਤੀ ਸਫ਼ਲ ਸਾਬਤ ਨਹੀਂ ਹੋਈ। ਪਰ ਜਾਣੇ-ਅਨਜਾਣੇ ਸਾਡੇ ਸਿੱਖੀ ਅਦਾਰਿਆਂ ਵਿੱਚ ਪ੍ਰਵੇਸ਼ ਕਰ ਗਈ ਹੈ ਅਤੇ ਵੱਡਾ ਨੁਕਸਾਨ ਕਰ ਰਹੀ ਹੈ।

ਇੱਥੇ ਇੱਕ "ਸੰਗਤ" ਸ਼ਬਦ ਨੂੰ ਵਿਚਾਰ ਲੈਣਾ ਜ਼ਰੂਰੀ ਹੈ। ਗੁਰਬਾਣੀ ਵਿਚ ਸੰਗਤ, ਗੁਰ-ਸੰਗਤ, ਸਾਧ-ਸੰਗਤ, ਸਤਿ-ਸੰਗਤ ਆਦਿ ਨਾਵਾਂ ਨਾਲ ਸਤਿਗੁਰੂ ਜੀ ਨੇ ਸੰਗਤ ਦੀ

ਬੜੀ ਮਹਾਨਤਾ ਦੱਸੀ ਹੈ।

ਸਤਸੰਗਤਿ ਕੈਸੀ ਜਾਣੀਐ।।
ਜਿਥੈ ਏਕੋ ਨਾਮੁ ਵਖਾਣੀਐ।।

(ਗੁ.ਗ੍ਰੰ.ਸਾ.ਪੰਨਾ 72)

ਸਾਧਸੰਗਤਿ ਕੈ ਬਾਸਬੈ ਕਲਮਲ ਸਭਿ ਨਸਨਾ।।

(ਗੁ.ਗ੍ਰੰ.ਸਾ.ਪੰਨਾ 811)

ਸੰਗਤਿ ਕਰਤ ਸੰਤੋਖੁ ਮਨਿ ਪਾਇਆ।।

(ਗੁ.ਗ੍ਰੰ.ਸਾ.ਪੰਨਾ 889)

ਮਿਲਿ ਸਤਸੰਗਤਿ ਖੋਜੁ ਦਸਾਈ ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ।।

(ਗੁ.ਗ੍ਰੰ.ਸਾ.ਪੰਨਾ 94)

ਪਰ ਨਾਲ ਹੀ ਸੰਗਤ ਦੀ ਨਿਸ਼ਾਨੀ ਵੀ ਸਾਫ਼ ਦੱਸ ਦਿੱਤੀ ਕਿ ਸੰਗਤ ਕਿਸਨੂੰ ਕਿਹਾ ਜਾਵੇ ?

ਸਤਿਗੁਰ ਬਾਝਹੁ ਸੰਗਤਿ ਨ ਹੋਈ।।
ਬਿਨੁ ਸਬਦੇ ਪਾਰੁ ਨ ਪਾਏ ਕੋਈ।।

(ਗੁ.ਗ੍ਰੰ.ਸਾ.ਪੰਨਾ 1068)

ਕੀ ਕੋਈ ਵੀ ਇਕੱਤ੍ਰਤਾ ਸੰਗਤ ਹੋ ਸਕਦੀ ਹੈ?

ਸਤਿਗੁਰੂ ਵਿਹੂਣੇ ਲੋਕਾਂ ਦੀ ਕੋਈ ਇਕੱਤਰਤਾ ਸੰਗਤ ਕਿਵੇਂ ਹੋ ਸਕਦੀ ਹੈ ? ਜਿੰਨ੍ਹਾਂ ਦੇ ਤਨ-ਮਨ-ਧਨ, ਮਨ-ਬਚ-ਕਰਮ ਵਿੱਚ ਗੁਰੂ ਵੱਸਦਾ ਹੈ, ਉਹਨਾਂ ਦੇ ਮੇਲ ਨੂੰ ਗੁਰੂ ਜੀ 'ਸੰਗਤ' ਆਖ ਰਹੇ ਹਨ।

ਪਰ ਅਸੀਂ ਗੁਰਦੁਆਰੇ ਜਾਂ ਕਿਸੇ ਹੋਰ ਅਸਥਾਨ 'ਤੇ ਧਾਰਮਿਕ ਸਮਾਗਮ ਸਮੇਂ ਹੋਣ ਵਾਲੀ ਇਕੱਤਰਤਾ ਨੂੰ ਸੰਗਤ ਆਖਦੇ ਹਾਂ। ਨਾਲ ਹੀ ਇਹ ਵੀ ਆਖਦੇ ਹਾਂ ਕਿ ਗੁਰੂ ਘਰ ਵਿੱਚ ਸੰਗਤ ਅਤੇ ਪੰਗਤ ਸਾਰੇ ਸੰਸਾਰ ਲਈ ਸਾਂਝੀ ਹੈ। ਇਸ ਵਿੱਚ ਹਿੰਦੂ, ਮੁਸਲਮਾਨ, ਈਸਾਈ, ਪਾਰਸੀ, ਬੋਧੀ ਅਤੇ ਕਾਲਾ-ਗੋਰਾ, ਭਲਾ-ਬੁਰਾ ਹਰ ਕੋਈ ਆ ਸਕਦਾ ਹੈ, ਬੈਠ ਸਕਦਾ ਹੈ। ਸੰਗਤ ਅਤੇ ਪੰਗਤ ਦੇ ਦਰਵਾਜ਼ੇ ਸਭ ਲਈ ਖੁੱਲ੍ਹੇ ਹਨ। ਇਹ ਜ਼ਰੂਰੀ ਨਹੀਂ ਕਿ ਇਕੋ ਸ਼ਬਦ ਵਿਚਾਰ ਦੇ ਗੁਰੂ ਸਿਧਾਂਤ ਨੂੰ ਮੰਨਣ ਵਾਲਾ ਸਿੱਖ ਹੀ ਸੰਗਤ ਵਿੱਚ ਆ ਸਕਦਾ ਹੈ।

ਦੂਜੇ ਪਾਸੇ ਇੱਕ ਲਫ਼ਜ਼ 'ਇੱਕੀ ਬਿਸਵੇ' ਦੀ ਸੋਚ ਸਾਡੇ ਵਿੱਚ ਬੜੀ ਅਹਿਮ ਥਾਂ ਬਣਾ ਬੈਠੀ ਹੈ। ਅਕਸਰ ਆਖਿਆ ਜਾਂਦਾ ਹੈ 'ਗੁਰੂ ਵੀਹ ਬਿਸਵੇ, ਸੰਗਤ ਇੱਕੀ ਬਿਸਵੇ' ਹੈ। ਇਹ ਗੱਲ ਵੀ ਇਸੇ ਸੋਚ ਵਿੱਚੋਂ ਨਿਕਲੀ ਜਾਪਦੀ ਹੈ ਕਿ ਗੁਰੂ ਤਾਂ ਵਿਚਾਰਾ ਇੱਕੋ ਹੈ, ਬਹੁਤੇ ਗੁਰੂ ਹੋ ਹੀ ਨਹੀਂ ਸਕਦੇ, "ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ" ਹੈ। ਪਰ ਸੰਗਤ ਜ਼ਿਆਦਾ ਗਿਣਤੀ ਵਿੱਚ ਹੈ, ਇਸ ਲਈ ਬਹੁ-ਗਿਣਤੀ ਨੂੰ ਮਾਨਤਾ ਮਿਲਣੀ ਚਾਹੀਦੀ ਹੈ। ਇਉਂ ਸੰਗਤ ਦੇ ਨਾਮ ਹੇਠ ਸਾਡਾ ਸਾਰਾ ਸਿਸਟਮ ਵੀ ਬਿਨਾ ਕਿਸੇ ਦੀ ਸਿਧਾਂਤਕ ਪਛਾਣ

ਕੀਤੇ, ਅੱਜ ਬਹੁ-ਗਿਣਤੀ ਚੋਣ ਸਿਸਟਮ ਦੇ ਘੇਰੇ ਵਿੱਚ ਆ ਗਿਆ ਹੈ।

ਹੁਣ ਜ਼ਰਾ ਸੋਚੋ ! 'ਸੰਗਤ' ਦਾ ਜੋ ਰੂਪ ਅਸੀਂ ਸਮਝ ਬੈਠੇ ਹਾਂ, ਉਹ ਹੈ ਜਿਸਦੇ ਦਰਵਾਜ਼ੇ ਸਭ ਲਈ ਖੁੱਲ੍ਹੇ ਹਨ ਅਤੇ ਜਿਸਨੂੰ ਅਸੀਂ 'ਇੱਕੀ ਬਿਸਵੇ' ਕਹਿੰਦੇ ਹਾਂ। ਜੇ ਉਸ ਸੰਗਤ ਵਿੱਚ ਮੂਰਤੀ ਪੂਜਕ ਜ਼ਿਆਦਾ ਆ ਕੇ ਬੈਠ ਜਾਣ ਤਾਂ ਫੈਸਲਾ ਮੂਰਤੀ ਪੂਜਕ ਦੇ ਹੱਕ ਵਿੱਚ ਹੋਵੇਗਾ। ਜੇ ਸ਼ਰਾਬ ਪੀਣ ਵਾਲਿਆਂ ਦੀ ਗਿਣਤੀ ਜ਼ਿਆਦਾ ਹੋਵੇਗੀ, ਜੇ ਕੇਸ-ਦਾੜ੍ਹੀ ਮੁੰਨਣ ਵਾਲਿਆਂ ਦੀ ਗਿਣਤੀ ਜ਼ਿਆਦਾ ਹੋਵੇਗੀ ਤਾਂ ਉਨ੍ਹਾਂ ਦੀ ਚੋਣ, ਫੈਸਲੇ 'ਤੇ ਅੰਮ੍ਰਿਤ ਦੀ ਗੱਲ ਰੁਕ ਜਾਵੇਗੀ ਅਤੇ ਸ਼ਰਾਬ, ਨਸ਼ੇ, ਕੇਸਾਂ ਦੀ ਬੇਅਦਬੀ ਸਿੱਖੀ ਵਿੱਚ ਪ੍ਰਮਾਣਿਤ ਹੋ ਜਾਣਗੇ। ਸਤਿਗੁਰੂ ਕਹਿੰਦੇ ਹਨ :

ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ॥

(ਗੁ.ਗ੍ਰੰ.ਸਾ.ਪੰਨਾ 1369)

ਅੱਜ ਐਸਾ ਹੋ ਰਿਹਾ ਹੈ। ਅਸੀਂ ਅੱਖੀਂ ਵੇਖ ਰਹੇ ਹਾਂ, ਹਰ ਤਰ੍ਹਾਂ ਦੇ ਨਸ਼ੇ ਕਰਨ ਵਾਲੇ ਆਚਰਨ-ਹੀਣ, ਰਿਸ਼ਵਤ-ਖ਼ੋਰ, ਰੋਜ਼ ਕੇਸਾਂ ਦੀ ਬੇਅਦਬੀ ਕਰਨ ਵਾਲੇ, ਗੁਰਦੁਆਰੇ ਨਾਲੋਂ ਜ਼ਿਆਦਾ ਸਮੇਂ ਨਾਈਂ ਦੀ ਦੁਕਾਨ 'ਤੇ ਸਿਰ ਝੁਕਾਉਣ ਵਾਲੇ, ਕਦੀ-ਕਦਾਈਂ ਗੁਰਦੁਆਰੇ ਆਉਣ ਵਾਲੇ, ਕੇਵਲ ਕਿਸੇ ਚੋਣ ਜਾਂ ਫੈਸਲੇ ਸਮੇਂ ਗੁਰਦੁਆਰੇ ਲੈ ਆਉਂਦੇ ਜਾਣ ਵਾਲੇ ਲੋਕ 'ਸਿੱਖ' ਅਖਵਾ ਕੇ ਅਤੇ 'ਇੱਕੀ ਬਿਸਵੇ ਸੰਗਤ' ਹੋਣ ਦੇ ਦਾਅਵੇਦਾਰ ਬਣ ਕੇ, ਸਿੱਖੀ ਅਦਾਰਿਆਂ ਵਿੱਚ ਹਰ ਤਰ੍ਹਾਂ ਦੀ ਚੋਣ ਕਰਦੇ ਹਨ। ਬਲਕਿ ਹੁਣ ਤਾਂ ਇਹ ਲੋਕ ਗੁਰਮਤਿ ਮਰਯਾਦਾ ਦੇ ਫੈਸਲੇ ਵੀ ਕਰਦੇ ਹਨ ਅਤੇ ਇਹਨਾਂ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਹੀ ਪ੍ਰਬੰਧਕ ਬਣ ਕੇ ਅੱਗੇ ਗ੍ਰੰਥੀਆਂ, ਪ੍ਰਚਾਰਕਾਂ, ਤਖ਼ਤਾਂ ਦੇ ਜੱਥੇਦਾਰਾਂ ਦੀਆਂ ਨਿਯੁਕਤੀਆਂ ਕਰਦੇ ਗੁਰੂ ਦੀ ਗੋਲਕਾਂ ਦੀਆਂ ਅਤੇ ਗੁਰਦੁਆਰਾ ਸਟੇਜ ਦੀ ਮਨ-ਮਰਜ਼ੀ ਮੁਤਾਬਿਕ ਵਰਤੋਂ ਕਰਦੇ ਹਨ। ਇਸ ਸਭ ਕੁਝ ਦੇ ਪਿੱਛੇ ਉਹਨਾਂ ਚੋਣ ਕਰਨ ਵਾਲਿਆਂ ਦੀ ਸੋਚ ਕੰਮ ਕਰ ਰਹੀ ਹੁੰਦੀ ਹੈ। ਇਉਂ ਸਾਡੇ ਗੁਰਦੁਆਰਿਆਂ ਤੇ ਸਿੱਖੀ ਦੇ ਅਦਾਰਿਆਂ ਦਾ ਸਾਰਾ ਨਿਜ਼ਾਮ ਵਿਗੜਦਾ ਚਲਿਆ ਜਾ ਰਿਹਾ ਹੈ।

ਅੱਜ ਗੁਰਦੁਆਰਿਆਂ ਵਿੱਚ ਮਰਯਾਦਾ ਗੁਰੂ ਦੀ ਨਹੀਂ

'ਗੁਰਦੁਆਰੇ' ਗੁਰੂ ਦੇ ਦੁਆਰੇ ਨਾ ਹੋ ਕੇ ਧਰਮ ਦੀ ਥਾਵੇਂ ਕੇਵਲ ਧੜਿਆਂ ਦੇ ਕਬਜ਼ੇ ਹੇਠ ਆਈਆਂ ਨਿਜੀ ਜ਼ਾਇਦਾਦਾਂ ਬਣ ਕੇ ਰਹਿ ਗਏ ਹਨ। ਗੁਰਦੁਆਰਿਆਂ ਵਿੱਚ ਮਰਯਾਦਾ ਗੁਰੂ ਦੀ ਨਹੀਂ, ਬਲਕਿ ਪ੍ਰਬੰਧਕ ਧੜੇ ਨੂੰ ਮੁਆਫ਼ਕ ਆਉਣ ਵਾਲੀ ਹੀ ਹੋ ਸਕਦੀ ਹੈ। ਆਪਣੀ ਮਰਜ਼ੀ ਦੀ ਚੋਣ ਲਈ ਆਪੋ-ਆਪਣੇ ਧੜਿਆਂ ਦੇ ਮੈਂਬਰ ਬਣਾਏ ਜਾਂਦੇ ਹਨ। ਚੋਣ ਵੇਲੇ ਡਾਂਗਾਂ ਤੇ ਗੋਲੀਆਂ ਚਲਦੀਆਂ ਹਨ, ਅਦਾਲਤ ਵਿੱਚ ਕੇਸ ਚਲਦੇ ਹਨ ਤੇ ਕਤਲ ਵੀ ਹੁੰਦੇ ਹਨ। ਕਤਲ ਕਰਨ ਵਾਲਾ ਵੀ 'ਸੰਗਤ' ਹੁੰਦਾ ਹੈ ਅਤੇ ਕਤਲ ਹੋਣ ਵਾਲਾ ਵੀ 'ਸੰਗਤ' ਹੀ ਹੁੰਦਾ ਹੈ।

ਇਹ ਸਭ ਇਸ ਲਈ ਹੈ ਕਿਉਂਕਿ ਅਸੀਂ ਗੁਰਮਤਿ ਅਨੁਸਾਰ ਸੰਗਤ ਦੀ ਪਰਿਭਾਸ਼ਾ ਨਾ ਸਮਝਦੇ ਹੋਏ 'ਸੰਗਤ' ਅਤੇ 'ਸਰਬੱਤ ਖ਼ਾਲਸਾ' ਜਿਹੀਆਂ ਮਹਾਨ ਪ੍ਰੰਪਰਾਵਾਂ ਦੀ

ਮਹਾਨਤਾ ਨੂੰ ਨੀਵਾਂ ਕਰ ਰਹੇ ਹਾਂ ਅਤੇ ਚੋਣ-ਪ੍ਰਣਾਲੀ ਗ਼ਲਤ ਹੱਥਾਂ ਵਿੱਚ ਦੇ ਬੈਠੇ ਹਾਂ।

ਅਸਲ ਵਿੱਚ ਗੁਰਦੁਆਰੇ ਸਿੱਖੀ ਦੇ ਸਕੂਲ ਹਨ ਜਿੱਥੇ ਗੁਰਮਤਿ ਪੜ੍ਹਾਈ ਜਾਣੀ ਹੈ। ਕੇਵਲ ਕਦੀ-ਕਦਾਈਂ ਗੁਰਦੁਆਰੇ ਆਉਣ ਨਾਲ ਹੀ ਕੋਈ ਸਿੱਖ ਜਾਂ ਸੰਗਤ ਨਹੀਂ ਹੋ ਜਾਂਦਾ। ਬਲਕਿ ਗੁਰਬਾਣੀ ਦੇ ਸਬਕ ਚੇਤੇ ਕਰਕੇ, ਮਨ-ਬਚ-ਕਰਮ ਵਿੱਚ ਧਾਰਨ ਕਰਨ 'ਤੇ ਹੀ ਸਿੱਖ ਜਾਂ ਸੰਗਤ ਹੁੰਦਾ ਹੈ। ਗੁਰੂ ਜੀ ਬਚਨ ਕਰਦੇ ਹਨ :

ਕੀ ਵਿਦਿਆਰਥੀ ਸਕੂਲ ਦੇ ਪ੍ਰਿੰਸੀਪਅਲ ਦੀ ਚੋਣ ਕਰ ਸਕਦਾ ਹੈ?

ਸੇਵਕ ਸਿਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥

(ਗੁ.ਗ੍ਰੰ.ਸਾ.ਪੰਨਾ 669)

ਹਾਂ ! ਸਕੂਲ ਵਿੱਚ ਦਾਖ਼ਲਾ ਕੋਈ ਵੀ ਲੈ ਸਕਦਾ ਹੈ, ਪਰ ਹਰ ਦਾਖ਼ਲ ਹੋਣ ਵਾਲਾ ਪਾਸ ਨਹੀਂ ਹੋ ਜਾਂਦਾ। ਦੂਜੀ ਗੱਲ ਇਹ ਕਿ ਸਕੂਲ ਵਿੱਚ ਦਾਖ਼ਲ ਹੋਣ ਵਾਲੇ ਵਿਦਿਆਰਥੀ ਕਦੇ ਸਕੂਲ ਦੇ ਪ੍ਰਬੰਧਕ ਜਾ ਪ੍ਰਿੰਸੀਪਲ ਦੀ ਚੋਣ ਜਾਂ ਨਿਯੁਕਤੀ ਕਰਦੇ ਨਹੀਂ ਵੇਖੇ।

ਗੁਰੂ ਨਾਨਕ ਸਾਹਿਬ ਨੇ ਅੰਤ ਸਮੇਂ ਆਪਣੇ ਪਹਿਲੇ ਚੋਲੇ ਤੋਂ ਬਾਅਦ ਇਸ ਸਿੱਖੀ ਸਕੂਲ ਵਿੱਚ ਗੁਰਮਤਿ ਸਿੰਚਣ ਦਾ ਪ੍ਰਵਾਹ ਜਾਰੀ ਰੱਖਣ ਲਈ ਚੋਣ ਕਰਨੀ ਸੀ ਤਾਂ ਇਹ ਚੋਣ ਸੰਗਤ 'ਚ ਆਉਣ ਵਾਲਿਆਂ 'ਤੇ ਨਹੀਂ ਛੱਡੀ ਕਿ ਦੱਸੋ ! ਮੇਰੇ ਤੋਂ ਬਾਅਦ ਤੁਹਾਨੂੰ ਕਿਹੋ ਜਿਹਾ ਗੁਰੂ ਚਾਹੀਦਾ ਹੈ। ਬਲਕਿ ਚੰਗੀ ਤਰ੍ਹਾਂ ਸੋਚ-ਵਿਚਾਰ ਤੇ ਸੋਧ ਕੇ ਭਾਈ ਲਹਿਣਾ ਜੀ ਦੀ ਚੋਣ ਆਪ ਕੀਤੀ। ਸੰਗਤ ਵਿੱਚ ਆਉਣ ਵਾਲੇ ਲੋਕ ਤਾਂ ਗੁਰੂ ਦੀ ਚੋਣ 'ਤੇ ਹੈਰਾਨ ਹੋ ਰਹੇ ਸਨ ਕਿ ਗੁਰੂ ਜੀ ਨੇ ਇਹ ਕੀ ਕੀਤਾ ਹੈ, ਉਲਟੀ ਗੰਗਾ ਵਹਾ ਦਿੱਤੀ ਹੈ ਕਿ ਪੁੱਤਰਾਂ ਨੂੰ ਅਤੇ ਪੁਰਾਣੇ ਸਿੱਖਾਂ ਨੂੰ ਛੱਡ ਕੇ ਗੁਰਿਆਈ ਭਾਈ ਲਹਿਣੇ ਨੂੰ ਦੇ ਦਿੱਤੀ ਹੈ।

ਹੋਰਿੰਓ ਗੰਗ ਵਹਾਈਐ ਦੁਨਿਆਈ ਆਖੈ ਕਿ ਕਿਓਨੁ॥
ਨਾਨਕ ਈਸਰਿ ਜਗਨਾਥਿ ਉਚਹਦੀ ਵੈਣ ਵਿਰਿਕਿਓਨੁ॥
ਮਾਧਾਣਾ ਪਰਬਤੁ ਕਰਿ ਨੇਤ੍ਰਿ ਬਾਸਕੁ ਸਬਦਿ ਰਿੜਕਿਓਨੁ॥
ਚਉਦਹ ਰਤਨ ਨਿਕਾਲਿਅਨੁ ਕਰਿ ਆਵਾ ਗਉਣੁ ਚਿਲਕਿਓਨੁ॥
ਕੁਦਰਤਿ ਅਹਿ ਵੇਖਾਲੀਅਨੁ ਜਿਣਿ ਐਵਡ ਪਿਡ ਠਿਣਕਿਓਨੁ॥
ਲਹਣੇ ਧਰਿਓਨੁ ਛਤ੍ਰੁ ਸਿਰਿ ਅਸਮਾਨਿ ਕਿਆੜਾ ਛਿਕਿਓਨੁ॥
ਜੋਤਿ ਸਮਾਣੀ ਜੋਤਿ ਮਾਹਿ ਆਪੁ ਆਪੈ ਸੇਤੀ ਮਿਕਿਓਨੁ॥
ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ॥
ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ॥ ੪॥

(ਗੁ.ਗ੍ਰੰ.ਸਾ.ਪੰਨਾ 967)

ਗੁਰੂ ਅਮਰਦਾਸ ਸਾਹਿਬ ਨੇ ਵੀ ਭਾਈ ਜੇਠਾ ਜੀ ਦੀ ਚੋਣ ਆਪ ਕਰਕੇ ਸਿੱਖਾਂ ਨੂੰ ਗੁਰੂ

ਰਾਮਦਾਸ ਅੱਗੇ ਮੱਥਾ ਟੇਕਣ ਲਈ ਹੁਕਮ ਕੀਤਾ, ਜੋ ਪੁੱਤਰ ਮੋਹਰੀ ਅਤੇ ਗੁਰਸਿੱਖਾਂ ਨੇ ਗੁਰੂ ਦੀ ਰਜ਼ਾ ਅੱਗੇ ਸਿਰ ਝੁਕਾ ਕੇ ਮੰਨ ਲਿਆ।

ਹਰਿ ਭਾਇਆ ਸਤਿਗੁਰੁ ਬੋਲਿਆ ਹਰਿ ਮਿਲਿਆ ਪੁਰਖੁ ਸੁਜਾਣੁ ਜੀਉ॥
ਰਾਮਦਾਸ ਸੋਢੀ ਤਿਲਕੁ ਦੀਆ ਗੁਰ ਸਬਦੁ ਸਚੁ ਨੀਸਾਣੁ ਜੀਉ॥ ੫॥
ਸਤਿਗੁਰ ਪੁਰਖੁ ਜਿ ਬੋਲਿਆ ਗੁਰਸਿਖਾ ਮੰਨਿ ਲਈ ਰਜਾਇ ਜੀਉ॥
ਮੋਹਰੀ ਪੁਤੁ ਸਨਮੁਖੁ ਹੋਇਆ ਰਾਮਦਾਸੈ ਪੈਰੀ ਪਾਇ ਜੀਉ॥
ਸਭ ਪਵੈ ਪੈਰੀ ਸਤਿਗੁਰੂ ਕੇਰੀ ਜਿਥੈ ਗੁਰੂ ਆਪਿ ਰਖਿਆ॥
ਕੋਈ ਕਰਿ ਬਖੀਲੀ ਨਿਵੈ ਨਾਹੀ ਫਿਰਿ ਸਤਿਗੁਰੂ ਆਣਿ ਨਿਵਾਇਆ॥
ਹਰਿ ਗੁਰਹਿ ਭਾਣਾ ਦੀਈ ਵਡਿਆਈ ਧੁਰਿ ਲਿਖਿਆ ਰਜਾਇ ਜੀਉ॥
ਕਹੈ ਸੁੰਦਰੁ ਸੁਣਹੁ ਸੰਤਹੁ ਸਭੁ ਜਗਤੁ ਪੈਰੀ ਪਾਇ ਜੀਉ॥ ੬॥ ੧॥

(ਗੁ.ਗ੍ਰੰ.ਸਾ.ਪੰਨਾ 923-924)

ਚੋਣ ਕੌਣ ਕਰ ਸਕਦਾ ਹੈ?

ਗੁਰੂ ਘਰ ਵਿੱਚ ਇਹੋ ਹੀ ਸਿਸਟਮ ਚੱਲਦਾ ਰਿਹਾ। ਗੁਰੂ ਆਪ ਖ਼ੁਦ ਹੀ ਅਗਲੇ ਜਾਮੇ ਦੀ ਚੋਣ ਕਰਦਾ ਰਿਹਾ। ਬਲਕਿ ਜਦੋਂ ਗੁਰੂ ਅਰਜਨ ਸਾਹਿਬ ਜੀ ਨੇ ਦਰਬਾਰ ਸਾਹਿਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਕੀਤਾ ਤਾਂ ਪ੍ਰਬੰਧਕ ਤੇ ਗ੍ਰੰਥੀ ਵਜੋਂ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਦੀ ਚੋਣ ਤੇ ਨਿਯੁਕਤੀ ਆਪ ਕੀਤੀ। ਕਿਉਂਕਿ ਇੱਕ ਉੱਚੀ ਅਤੇ ਮਹਾਨ ਸੋਚ ਵਾਲਾ ਹੀ ਕੋਈ ਯੋਗ ਅਤੇ ਚੰਗੀ ਚੋਣ ਕਰ ਸਕਦਾ ਹੈ।

ਈਸਾਈਅਤ ਦੁਨੀਆ ਦੀ ਗਿਣਤੀ ਦਾ ਬਹੁਤ ਵੱਡਾ ਹਿੱਸਾ ਹੈ। ਪਰ ਕਦੇ ਕਿਸੇ ਪੋਪ ਦੀ ਚੋਣ ਕਿਸੇ ਸਰਬੱਤ ਈਸਾਈਅਤ ਦੀ ਇਕੱਤ੍ਰਤਾ ਵਿੱਚ ਨਹੀਂ ਕੀਤੀ ਗਈ। ਕੇਵਲ ਮਹਾਨ ਵਿਦਵਾਨ ਅਤੇ ਈਸਾਈਅਤ ਨੂੰ ਸਮਰਪਿਤ ਪਾਦਰੀ ਹੀ ਇਕੱਠੇ ਬੈਠ ਕੇ ਆਪਣੇ ਵਿੱਚੋਂ ਪੋਪ ਦੀ ਚੋਣ ਕਰਦੇ ਹਨ। ਆਮ ਚਰਚਾਂ ਵਿੱਚ ਵੀ ਪਾਦਰੀਆਂ ਦੀ ਨਿਯੁਕਤੀ ਕਦੇ ਲੋਕਾਂ ਨੇ ਨਹੀਂ ਕੀਤੀ। ਪਾਦਰੀ ਦੀ ਨਿਯੁਕਤੀ ਵਿਦਵਾਨ ਪਾਦਰੀਆਂ ਦਾ ਬੋਰਡ ਉਪਰੋਂ ਹੀ ਕਰਦਾ ਹੈ।

ਅੱਜ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੱਖ ਗੁਰੂ ਸਾਡੇ ਵਿੱਚ ਬੈਠਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਧਾਂਤਕ ਸੋਚ 'ਤੇ ਪ੍ਰਵਾਨ ਚੜ੍ਹਨ ਵਾਲੇ ਵਿਅਕਤੀ ਦੀ ਹੀ ਪ੍ਰਬੰਧਕ, ਲੀਡਰ, ਆਗੂ, ਪ੍ਰਚਾਰਕ ਵਜੋਂ ਚੋਣ ਹੋਣੀ ਚਾਹੀਦੀ ਹੈ।

ਪਰ ਅਸੀਂ 'ਸੰਗਤ', 'ਸਿੱਖ' ਜਾਂ 'ਸਰਬੱਤ ਖ਼ਾਲਸਾ' ਦਾ ਅਰਥ ਨਹੀਂ ਸਮਝ ਰਹੇ ਅਤੇ ਇਹਨਾਂ ਲਫ਼ਜ਼ਾਂ ਦਾ ਨਾਜਾਇਜ਼ ਫ਼ਾਇਦਾ ਉਠਾਉਂਦਿਆਂ ਆਗੂ ਦੀ ਚੋਣ ਕਰਨ ਵਿੱਚ ਬਹੁਤੇ ਲੋਕ ਉਹ ਸ਼ਾਮਿਲ ਕਰ ਲੈਂਦੇ ਹਾਂ ਜਿੰਨ੍ਹਾਂ ਨੇ ਕਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ, ਗੁਰਮਤਿ ਨੂੰ ਸਮਝਣ-ਮੰਨਣ ਅਤੇ ਗੁਰਬਾਣੀ ਅਨੁਸਾਰ ਜੀਵਨ ਢਾਲਣ ਦੀ ਲੋੜ ਹੀ ਨਹੀਂ ਸਮਝੀ। ਇਉਂ ਸਿੱਖੀ ਦੇ ਧਰਮ ਅਸਥਾਨ ਅਤੇ ਧਾਰਮਿਕ ਸੰਸਥਾਵਾਂ ਦਾ ਪ੍ਰਬੰਧਕ ਢਾਂਚਾ ਵਿਗੜ ਰਿਹਾ ਹੈ ਜੋ ਸਿੱਖੀ ਦੇ ਭਵਿੱਖ ਲਈ ਖ਼ਤਰਨਾਕ ਹੈ।



ਯੂਰਪ ਭਰ ਵਿੱਚ ਮਸ਼ਹੂਰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸਾਊਥਾਲ ਦੇ ਚੋਣ ਦੰਗਲ ਵਿੱਚ 'ਬਾਜ਼' ਨਿਸ਼ਾਨ ਵਾਲੇ ਸੇਵਾਦਾਰਾਂ ਦੀ ਜੇਤੂ ਟੀਮ (ਫੋਟੋ - ਦੇਸ ਪ੍ਰਦੇਸ, 18 ਅਕਤੂਬਰ 2002)



ਵੈਨਕੂਵਰ (ਕੈਨੇਡਾ) ਦੀ ਖ਼ਾਲਸਾ ਦੀਵਾਨ ਸੁਸਾਇਟੀ ਦੀ ਚੋਣ ਪਿੱਛੋਂ ਨਵ-ਨਿਯੁਕਤ ਪ੍ਰਬੰਧਕ, ਹੋਰ ਸਿੱਖ ਆਗੂਆਂ ਨਾਲ (ਫੋਟੋ - ਪੰਜਾਬੀ ਟ੍ਰਿਬਿਊਨ, 9 ਦਸੰਬਰ 2002)

* * * * *

ਦਾਨ ਪ੍ਰਣਾਲੀ

ਬ੍ਰਾਹਮਨਇਜ਼ਮ ਨੇ ਇਸ ਪਵਿੱਤਰ ਦਾਨ ਪ੍ਰਥਾ ਦੇ ਰੂਪ ਨੂੰ ਬਹੁਤ ਬੁਰੀ ਤਰ੍ਹਾਂ ਵਿਗਾੜ ਦਿੱਤਾ ਸੀ। ਪਹਿਲੀ ਗੱਲ ਇਹ ਆਖੀ ਕਿ ਦਾਨ ਤੀਰਥਾਂ 'ਤੇ ਜਾ ਕੇ ਕੀਤਾ ਹੋਇਆ ਜ਼ਿਆਦਾ ਫਲੀ-ਭੂਤ ਹੁੰਦਾ ਹੈ, ਕਿਉਂਕਿ ਤੀਰਥਾਂ 'ਤੇ ਬ੍ਰਾਹਮਣਾਂ ਦਾ ਕਬਜ਼ਾ ਸੀ। ਦੂਜੀ ਗੱਲ ਇਹ ਕਿ ਦਾਨ ਲੈਣ ਦਾ ਅਧਿਕਾਰੀ ਕੇਵਲ ਬ੍ਰਾਹਮਣ ਹੀ ਹੈ। ਤੀਜੀ ਗੱਲ ਇਹ ਕਿ ਤੁਹਾਡਾ ਦਿੱਤਾ ਹੋਇਆ ਦਾਨ ਅੱਗੇ ਜਾ ਕੇ ਤੁਹਾਨੂੰ ਸੈਂਕੜੇ ਹਜ਼ਾਰ ਗੁਣਾ ਹੋ ਕੇ ਮਿਲਦਾ ਹੈ। ਬਸ ! ਇਸ ਹਜ਼ਾਰਾਂ ਗੁਣਾਂ ਵੱਧਣ ਦੇ ਲਾਲਚ ਨੇ ਦਾਨ ਦੇ ਜਜ਼ਬੇ ਨੂੰ ਉਤਸ਼ਾਹਿਤ ਕੀਤਾ। ਗੁਰੂ ਜੀ ਨੇ ਬਚਨ ਕੀਤਾ :

ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ ॥
ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ ॥

(ਗੁ.ਗ੍ਰੰ.ਸਾ.ਪੰਨਾ 466)

ਇਉਂ ਜਦੋਂ ਦਾਨ ਪ੍ਰਥਾ ਲੋਕਾਂ ਦੇ ਜਜ਼ਬਾਤ ਵਿੱਚ ਪ੍ਰਵੇਸ਼ ਕਰ ਗਈ ਤਾਂ ਇਸ

ਜਜ਼ਬਾਤ ਦਾ ਨਾਜਾਇਜ਼ ਫ਼ਾਇਦਾ ਉਠਾਉਂਦਿਆਂ ਬ੍ਰਾਹਮਣਾਂ ਨੇ ਆਪਣੀ ਐਸ਼-ਪ੍ਰਸਤੀ ਲਈ ਸਮੇਂ-ਸਮੇਂ ਨਾਲ ਵੱਖ-ਵੱਖ ਦਾਨ ਦੀ ਇੱਕ ਵੱਡੀ ਲਿਸਟ ਲੋਕਾਂ ਵਿੱਚ ਪ੍ਰਚਲਿਤ ਕਰ ਦਿੱਤੀ ਜਿਸ ਵਿੱਚ ਅੰਨ, ਬਸਤਰ ਤੋਂ ਲੈ ਕੇ ਗਊਆਂ-ਹਾਥੀ-ਘੋੜੇ, ਸੋਨਾ-ਚਾਂਦੀ, ਜ਼ਮੀਨ-ਜਾਇਦਾਦ, ਗਹਿਣਿਆਂ ਨਾਲ ਸ਼ਿੰਗਾਰੀ ਹੋਈ ਔਰਤ ਤਕ ਬ੍ਰਾਹਮਣ ਨੂੰ ਦਾਨ ਕਰਨ ਲਈ ਆਖਿਆ ਗਿਆ। ਇਸ ਵਿਗੜੀ ਹੋਈ ਦਾਨ ਪ੍ਰਥਾ ਵਿੱਚੋਂ ਹੀ ਬਲ ਰਾਜਾ, ਰਾਜਾ ਜਨਮੇਜਾ, ਰਾਜਾ ਹਰੀਸ਼ਚੰਦਰ ਵਰਗਿਆਂ ਦੀਆਂ ਦੁਖਾਂਤ ਕਹਾਣੀਆਂ ਨੇ ਜਨਮ ਲਿਆ।

ਜੇ ਸੁ ਰਵੈ ਭੀਖਿਆ ਖਾਇ॥ ਐਸੀ ਦਰਗਹ ਮਿਲੈ ਸਜਾਇ॥

(ਗੁ.ਗ੍ਰੰ.ਸਾ.ਪੰਨਾ 953)

ਹਰੀਚੰਦੁ ਦਾਨੁ ਕਰੈ ਜਸੁ ਲੇਵੈ॥ ਬਿਨੁ ਗੁਰ ਅੰਤੁ ਨ ਪਾਇ ਅਭੇਵੈ॥

(ਗੁ.ਗ੍ਰੰ.ਸਾ.ਪੰਨਾ 224)

ਤਿਨਿ ਹਰੀ ਚੰਦਿ ਪ੍ਰਿਥਮੀ ਪਤਿ ਰਾਜੈ ਕਾਗਦਿ ਕੀਮ ਨ ਪਾਈ॥
ਅਉਗਣੁ ਜਾਣੈ ਤ ਪੁੰਨ ਕਰੇ ਕਿਉ ਕਿਉ ਨੇਖਾਸਿ ਬਿਕਾਈ॥ ੨॥
ਕਰਉ ਅਢਾਈ ਧਰਤੀ ਮਾਂਗੀ ਬਾਵਨ ਰੂਪਿ ਬਹਾਨੈ॥
ਕਿਉ ਪਇਆਲਿ ਜਾਇ ਕਿਉ ਛਲੀਐ ਜੇ ਬਲਿ ਰੂਪੁ ਪਛਾਨੈ॥ ੩॥

(ਗੁ.ਗ੍ਰੰ.ਸਾ.ਪੰਨਾ 1344)

ਸਤਿਗੁਰੂ ਜੀ ਕਹਿੰਦੇ ਹਨ ਕਿ ਦਾਨ ਦਇਆ ਵਿੱਚੋਂ ਜਨਮ ਲੈਂਦਾ ਹੈ :

ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ॥
ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ॥

(ਗੁ.ਗ੍ਰੰ.ਸਾ.ਪੰਨਾ 468)

ਸਾਲਾਹਿ ਸਾਚੇ ਮੰਨਿ ਸਤਿਗੁਰੁ ਪੁੰਨ ਦਾਨ ਦਇਆ ਮਤੇ॥

(ਗੁ.ਗ੍ਰੰ.ਸਾ.ਪੰਨਾ 688)

ਸਿੱਖ ਨੂੰ ਦਾਨ ਵਿੱਚ ਕੀ ਮੰਗਣਾ ਹੈ, ਤੇ ਕੀ ਦਾਨ ਕਰਨਾ ਹੈ?

ਜਦੋਂ ਦਾਤੇ ਨੂੰ ਦਇਆ ਆਉਂਦੀ ਹੈ ਤਾਂ ਦਾਤਾ ਦਾਨ ਕਰਦਾ ਹੈ ਅਤੇ ਦਇਆ ਹਮੇਸ਼ਾਂ ਦੀਨ, ਦੁਖੀ, ਗ਼ਰੀਬ ਤੇ ਲੋੜਵੰਦ ਨੂੰ ਵੇਖ ਕੇ ਹੀ ਆਉਂਦੀ ਹੈ। ਇਸੇ ਲਈ ਗੁਰੂ ਨੇ ਹੁਕਮ ਕਰ ਦਿੱਤਾ 'ਗ਼ਰੀਬ ਦਾ ਮੂੰਹ ਗੁਰੂ ਦੀ ਗੋਲਕ' ਹੈ। ਭੁੱਖੇ ਨੂੰ ਭੋਜਨ ਛਕਾਉਣਾ, ਨੰਗੇ ਨੂੰ ਬਸਤਰ ਦੇਣਾ, ਕਿਸੇ ਗ਼ਰੀਬ ਰੋਗੀ ਦਾ ਇਲਾਜ ਕਰਾਉਣਾ, ਕਿਸੇ ਗ਼ਰੀਬ ਬੱਚੇ ਦੀ ਫ਼ੀਸ ਦੇਣੀ ਆਦਿ ਅਨੇਕਾਂ ਦਾਨ ਦੇ ਸਾਧਨ ਹਨ ਜਿਹੜੇ ਗੁਰੂ ਦੀ ਗੋਲਕ ਬਣਦੇ ਹਨ। ਇਸ ਲਈ ਦਾਨ ਕੇਵਲ ਲੋੜਵੰਦ ਗ਼ਰੀਬ ਨੂੰ ਦਿੱਤਾ ਹੋਇਆ ਹੀ ਗੁਰਮਤਿ ਵਿੱਚ ਪ੍ਰਵਾਨ ਹੈ। ਹਾਂ ! ਗੁਰਬਾਣੀ ਅਨੁਸਾਰ ਹਰ ਕਿਸੇ ਨੂੰ ਦਾਨ ਕਰਨ ਵਾਲੀ ਚੀਜ਼ ਕੇਵਲ ਗੁਣ-ਚੰਗਿਆਈਆਂ ਅਤੇ ਪ੍ਰਭੂ ਦਾ ਨਾਮ ਹੀ ਹਨ। ਇਸੇ ਲਈ ਸਿੱਖ ਗੁਰੂ ਕੋਲੋਂ ਨਾਮ ਹੀ ਦਾਨ ਵਿੱਚ ਮੰਗਦਾ ਹੈ ਅਤੇ ਜੇ ਕੋਲ ਹੋਵੇ ਤਾਂ ਹਰ ਕਿਸੇ ਨੂੰ ਗੁਣ, ਚੰਗਿਆਈਆਂ ਅਤੇ ਨਾਮ ਹੀ ਦਾਨ ਕੀਤਾ ਜਾ ਸਕਦਾ ਹੈ।

ਮਾਗਉ ਦਾਨੁ ਠਾਕੁਰ ਨਾਮ।। ਅਵਰੁ ਕਛੂ ਮੇਰੈ ਸੰਗਿ ਨ ਚਾਲੈ ਮਿਲੈ ਕ੍ਰਿਪਾ ਗੁਣ ਗਾਮ।।

(ਗੁ.ਗ੍ਰੰ.ਸਾ.ਪੰਨਾ 713)

ਮਾਂਗਉ ਰਾਮ ਤੇ ਇਕੁ ਦਾਨੁ।। ਸਗਲ ਮਨੋਰਥ ਪੂਰਨ ਹੋਵਹਿ ਸਿਮਰਉ ਤੁਮਰਾ ਨਾਮੁ।।

(ਗੁ.ਗ੍ਰੰ.ਸਾ.ਪੰਨਾ 682)

ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ।।

(ਗੁ.ਗ੍ਰੰ.ਸਾ.ਪੰਨਾ 135)

ਕਿਛੁ ਪੁੰਨ ਦਾਨ ਅਨੇਕ ਕਰਣੀ ਨਾਮ ਤੁਲਿ ਨ ਸਮਸਰੇ।।

(ਗੁ.ਗ੍ਰੰ.ਸਾ.ਪੰਨਾ 566)

ਕੀ ਗੁਰੂ ਘਰ ਵਿੱਚ ਸਿੱਖ ਵੱਲੋਂ ਦਾਨ ਕੀਤਾ ਜਾ ਸਕਦਾ ਹੈ?

ਇਸ ਲਈ ਗੁਰੂ ਘਰ ਵਿੱਚ ਸਿੱਖ ਵੱਲੋਂ ਦਾਨ ਨਹੀਂ ਕੀਤਾ ਜਾਂਦਾ, ਭੇਟ ਕੀਤੀ ਜਾਂਦੀ ਹੈ। ਕਿਉਂਕਿ ਦਾਨ ਗ਼ਰੀਬ, ਲੋੜਵੰਦ ਤੇ ਮੰਗਤੇ ਨੂੰ ਹੁੰਦਾ ਹੈ ਅਤੇ ਭੇਟ ਆਪ ਤੋਂ ਵੱਡੇ ਦੇ ਸਾਹਮਣੇ ਰੱਖੀ ਜਾਂਦੀ ਹੈ। ਗੁਰੂ ਕੋਈ ਗ਼ਰੀਬ ਲੋੜਵੰਦ ਮੰਗਤਾ ਨਹੀਂ, ਗੁਰੂ ਸੱਚਾ ਪਾਤਸ਼ਾਹ ਸਤਿਗੁਰੂ, ਸੱਚ ਦਾਤਾਰ ਹੈ। ਗੁਰੂ ਦਾਨ ਕਰਦਾ ਹੈ ਤੇ ਸਿੱਖ ਭੇਟ ਕਰਦਾ ਹੈ। ਫਿਰ ਗੁਰੂ ਅੱਗੇ ਰੱਖੀ ਜਾਣ ਵਾਲੀ ਭੇਟਾ ਦਾ ਵੀ ਗੁਰਬਾਣੀ ਵਿੱਚ ਖ਼ਾਸ ਜ਼ਿਕਰ ਹੈ :

ਐਸਾ ਸਤਿਗੁਰੁ ਜੇ ਮਿਲੈ ਤਿਸ ਨੋ ਸਿਰੁ ਸਉਪੀਐ ਵਿਚਹੁ ਆਪੁ ਜਾਇ।।

(ਗੁ.ਗ੍ਰੰ.ਸਾ.ਪੰਨਾ 921)

ਸਤਿਗੁਰ ਆਗੈ ਸੀਸੁ ਭੇਟ ਦੇਉ ਜੇ ਸਤਿਗੁਰ ਸਾਚੇ ਭਾਵੈ।।
ਆਪੇ ਦਇਆ ਕਰਹੁ ਪ੍ਰਭ ਦਾਤੇ ਨਾਨਕ ਅੰਕਿ ਸਮਾਵੈ।।

(ਗੁ.ਗ੍ਰੰ.ਸਾ.ਪੰਨਾ 1114)

ਸਾਕਤ ਸਧਿਕ ਮਾਇਆਧਾਰੀ ਤਿਨ ਜਮ ਜੋਹਨਿ ਲਾਗੇ।।
ਉਨ ਸਤਿਗੁਰ ਆਗੈ ਸੀਸੁ ਨ ਬੇਚਿਆ ਓਇ ਆਵਹਿ ਜਾਹਿ ਅਭਾਗੇ।।

(ਗੁ.ਗ੍ਰੰ.ਸਾ.ਪੰਨਾ 172)

ਹਮਰਾ ਬਿਨਉ ਸੁਨਹੁ ਪ੍ਰਭ ਠਾਕੁਰ ਹਮ ਸਰਣਿ ਪ੍ਰਭੂ ਹਰਿ ਮਾਗੇ।।
ਜਨ ਨਾਨਕ ਕੀ ਲਜ ਪਾਤਿ ਗੁਰੂ ਹੈ ਸਿਰੁ ਬੇਚਿਓ ਸਤਿਗੁਰ ਆਗੇ।।

(ਗੁ.ਗ੍ਰੰ.ਸਾ.ਪੰਨਾ 172)

ਹਉ ਮਨੁ ਅਰਪੀ ਸਭੁ ਤਨੁ ਅਰਪੀ ਅਰਪੀ ਸਭਿ ਦੇਸਾ।।
ਹਉ ਸਿਰੁ ਅਰਪੀ ਤਿਸੁ ਮੀਤ ਪਿਆਰੇ ਜੋ ਪ੍ਰਭ ਦੇਇ ਸਦੇਸਾ।।
ਅਰਪਿਆ ਤ ਸੀਸੁ ਸੁਥਾਨਿ ਗੁਰ ਪਹਿ ਸੰਗਿ ਪ੍ਰਭੂ ਦਿਖਾਇਆ।।
ਖਿਨ ਮਾਹਿ ਸਗਲਾ ਦੂਖੁ ਮਿਟਿਆ ਮਨਹੁ ਚਿੰਦਿਆ ਪਾਇਆ।।
ਦਿਨੁ ਰੈਣਿ ਰਲੀਆ ਕਰੈ ਕਾਮਣਿ ਮਿਟੇ ਸਗਲ ਅੰਦੇਸਾ।।
ਬਿਨਵੰਤਿ ਨਾਨਕੁ ਕੰਤੁ ਮਿਲਿਆ ਲੋੜਤੇ ਹਮ ਜੈਸਾ।। ੩।।

(ਗੁ.ਗ੍ਰੰ.ਸਾ.ਪੰਨਾ 247)

ਸਤਿਗੁਰ ਕੀ ਓਹੁ ਦੀਖਿਆ ਲੇਇ॥ ਸਤਿਗੁਰ ਆਗੈ ਸੀਸੁ ਧਰੇਇ॥

(ਗੁ.ਗ੍ਰੰ.ਸਾ.ਪੰਨਾ 1261)

ਭਾਵ ਆਪਣੀ ਮਤ ਗੁਰੂ ਨੂੰ ਭੇਟ ਵਿੱਚ ਅਰਪਣ ਕਰ ਦੇਵੇ ਅਤੇ ਗੁਰੂ ਉਪਦੇਸ਼ ਦਾ ਪੱਲਾ ਫੜ ਕੇ ਜੀਵਨ ਦੀ ਪੰਧ ਕਰੇ। ਪਰ ਅੱਜ ਅਸੀਂ ਕੁਝ ਰੁਪੈ-ਪੈਸੇ, ਅੰਨ-ਬਸਤਰ ਆਦਿ ਨੂੰ ਦਾਨ ਦੀ ਰੰਗਤ ਦੇ ਕੇ ਗੁਰਦੁਆਰਿਆਂ ਵਿੱਚ ਜ਼ਰੂਰ ਭੇਟ ਕਰ ਆਉਂਦੇ ਹਾਂ। ਪਰ ਆਪਣਾ ਸੀਸ, ਭਾਵ ਆਪਣੀ ਮਤ ਗੁਰੂ ਅੱਗੇ ਭੇਟ ਨਹੀਂ ਕਰਦੇ। ਗੁਰੂ ਦਾ ਹੁਕਮ ਮੰਨਣ ਅਤੇ ਗੁਰੂ ਹੁਕਮਾਂ ਅਨੁਸਾਰ ਜੀਵਨ ਜੀਉਣ ਲਈ ਤਿਆਰ ਨਹੀਂ ਹਾਂ। ਸਾਨੂੰ ਪਤਾ ਹੋਵੇ ਕਿ ਗੁਰਬਾਣੀ ਦਾ ਫੈਸਲਾ ਹੈ :

ਸਤਗੁਰੁ ਪੁਰਖੁ ਨ ਮੰਨਿਓ ਸਬਦਿ ਨ ਲਗੋ ਪਿਆਰੁ॥
ਇਸਨਾਨੁ ਦਾਨੁ ਜੇਤਾ ਕਰਹਿ ਦੂਜੈ ਭਾਇ ਖੁਆਰੁ॥

(ਗੁ.ਗ੍ਰੰ.ਸਾ.ਪੰਨਾ 34)

ਖੇਤੁ ਪਛਾਣੈ ਬੀਜੈ ਦਾਨੁ

ਫਿਰ ਦਾਨ ਵੀ ਬ੍ਰਾਹਮਨਇਜ਼ਮ ਦੀ ਪੈਦਾ ਕੀਤੀ ਹੋਈ ਉਸ ਅੰਧ-ਵਿਸ਼ਵਾਸਤਾ ਅਧੀਨ ਕਿ ਅਸੀਂ ਤਾਂ ਮੱਥਾ ਟੇਕ ਆਏ ਹਾਂ, ਅਸੀਂ ਤਾਂ ਗੋਲਕ ਵਿੱਚ ਪਾ ਆਏ ਹਾਂ, ਅਸੀਂ ਤਾਂ ਦਾਨ ਕਰ ਦਿੱਤਾ, ਹੁਣ ਅੱਗੇ ਜਿੱਥੇ ਮਰਜ਼ੀ ਲੱਗੇ, ਸਾਨੂੰ ਕੀ ? ਨਤੀਜੇ ਵਜੋਂ ਗੋਲਕ, ਭੇਟ ਅਤੇ ਦਾਨ ਦਾ ਪੈਸਾ ਅੱਜ ਗੁਰਦੁਆਰਾ ਪ੍ਰਬੰਧ ਵੱਲੋਂ ਬਹੁਤੀ ਥਾਈਂ ਗੁਰਮਤਿ ਪ੍ਰਚਾਰ ਦੀ ਥਾਵੇਂ ਵਕੀਲਾਂ ਅਤੇ ਅਦਾਲਤਾਂ ਜਾਂ ਇਲੈਕਸ਼ਨਾਂ ਵਿੱਚ ਖ਼ਰਚ ਕਰਕੇ, ਸ਼ਰਾਬਾਂ ਵੰਡ ਕੇ ਗੁਰਦੁਆਰਾ ਪ੍ਰਬੰਧ 'ਤੇ ਆਪਣਾ ਕਬਜ਼ਾ ਰੱਖਿਆ ਜਾ ਰਿਹਾ ਹੈ। ਗੁਰਦੁਆਰਾ ਪ੍ਰਬੰਧ ਵਿੱਚ ਆਈ ਗਿਰਾਵਟ ਦਾ ਇੱਕ ਕਾਰਣ ਗੋਲਕਾਂ ਵਿੱਚ ਆ ਰਿਹਾ ਵਾਧੂ ਪੈਸਾ ਅਤੇ ਉਸਦੀ ਗ਼ਲਤ ਵਰਤੋਂ ਵੀ ਹੈ। ਤੁਸੀਂ ਵੇਖੋਗੇ ਕਿ ਜਿਸ ਅਸਥਾਨ ਦੇ ਪ੍ਰਬੰਧਕਾਂ ਕੋਲ ਜਿੰਨੀ ਆਮਦਨ ਜ਼ਿਆਦਾ ਹੈ, ਉਤਨੇ ਹੀ ਕਬਜ਼ੇ ਲਈ ਝਗੜੇ ਜ਼ਿਆਦਾ ਹਨ। ਜਾਂ ਫਿਰ ਪ੍ਰਚਾਰ ਦੀ ਥਾਵੇਂ ਪੱਥਰਾਂ ਦੀਆਂ ਬੇਲੋੜੀਆਂ ਵੱਡੀਆਂ-ਵੱਡੀਆਂ ਇਮਾਰਤਾਂ 'ਤੇ ਖ਼ਰਚ ਕੀਤਾ ਜਾ ਰਿਹਾ ਹੈ। ਯੋਗ ਪ੍ਰਚਾਰ ਸਾਧਨਾ ਦੀ ਅਣਹੋਂਦ ਕਾਰਣ ਬੱਚੇ ਸਿੱਖੀ ਤੋਂ ਦੂਰ ਜਾ ਰਹੇ ਹਨ। ਵਾਹਿਗੁਰੂ ਨਾ ਕਰੇ, ਜੇ ਗੁਰਦੁਆਰੇ ਆਉਣ ਵਾਲੇ ਪੈਦਾ ਨਾ ਕੀਤੇ ਗਏ ਤਾਂ ਗੁਰਦੁਆਰਿਆਂ ਦੀਆਂ ਇਹ ਉੱਚੀਆਂ-ਉੱਚੀਆਂ ਇਮਾਰਤਾਂ ਭਲਾ ਕਿਸ ਕੰਮ ਆਉਣਗੀਆਂ ? ਇਸੇ ਲਈ ਗੁਰੂ ਆਖ ਰਿਹਾ ਹੈ :

ਖੇਤੁ ਪਛਾਣੈ ਬੀਜੈ ਦਾਨੁ॥ ਸੋ ਖਤ੍ਰੀ ਦਰਗਹ ਪਰਵਾਣੁ॥

(ਗੁ.ਗ੍ਰੰ.ਸਾ.ਪੰਨਾ 1411)

ਧਾਰਮਿਕ ਖੇਤਰ ਦਾ ਵਪਾਰੀਕਰਣ

ਵਪਾਰ ਅਤੇ ਪਿਆਰ - ਦੋ ਆਮ੍ਹੋ-ਸਾਹਮਣੇ ਖਲੋਤੀਆਂ ਆਪਾ ਵਿਰੋਧੀ ਕ੍ਰਿਆ

ਹਨ। ਵਪਾਰ ਧੰਦੇ ਵੱਲ ਜਾਂਦਾ ਰਸਤਾ ਹੈ ਅਤੇ ਪਿਆਰ ਧਰਮ ਵੱਲ ਜਾਂਦਾ ਰਾਹਿ-ਰਾਸ ਹੈ। ਵਪਾਰ ਨਾਲ ਧਨ ਕਮਾਇਆ ਜਾ ਸਕਦਾ ਹੈ ਅਤੇ ਪਿਆਰ ਨਾਲ ਧਰਮ ਕਮਾਇਆ ਜਾ ਸਕਦਾ ਹੈ। ਵਪਾਰ ਪਿਆਰ ਨਹੀਂ ਹੈ ਅਤੇ ਪਿਆਰ ਵਪਾਰ ਨਹੀਂ ਹੈ। ਪਿਆਰ ਅਤੇ ਵਪਾਰ ਇਕੱਠੇ ਨਹੀਂ ਰਹਿ ਸਕਦੇ। ਇਸੇ ਲਈ ਲੋਕ ਆਖਦੇ ਹਨ - 'ਜਿੱਥੇ ਹੋਵੇ ਪਿਆਰ, ਉੱਥੇ ਨਾ ਕਰੀਏ ਵਪਾਰ'। ਪਿਆਰ ਸਮਰਪਣ ਹੈ ਅਤੇ ਵਪਾਰ ਇਸ ਦਾ ਉਲਟ ਹੈ। ਵਪਾਰ ਕੁਝ ਲੈਣਾ ਚਾਹੁੰਦਾ ਹੈ ਤੇ ਪਿਆਰ ਕੁਝ ਦੇਣਾ ਚਾਹੁੰਦਾ ਹੈ। ਪਿਆਰ ਵਾਲੇ ਹੀ ਤਨ-ਮਨ-ਧਨ ਗੁਰੂ ਅੱਗੇ ਸੌਂਪਦੇ ਹਨ, ਪਿਆਰ ਵਾਲੇ ਹੀ ਸੀਸ ਦੇ ਕੇ ਪਿਆਰੇ ਬਣਦੇ ਹਨ। ਗੁਰੂ ਬਚਨ ਕਰਦੇ ਹਨ :

ਜਉ ਤਉ ਪ੍ਰੇਮ ਖੇਲਣ ਕਾ ਚਾਉ।। ਸਿਰੁ ਧਰਿ ਤਲੀ ਗਲੀ ਮੇਰੀ ਆਉ।।

ਇਤੁ ਮਾਰਗਿ ਪੈਰੁ ਧਰੀਜੈ।। ਸਿਰੁ ਦੀਜੈ ਕਾਣਿ ਨ ਕੀਜੈ।।

(ਗੁ.ਗ੍ਰੰ.ਸਾ.ਪੰਨਾ 1412)

ਧਰਮ ਤੇ ਕੌਣ ਚੱਲ ਸਕਦਾ ਹੈ?

ਇਉਂ ਧਰਮ ਜਿਹੜਾ ਰੱਬ ਦਾ ਰਸਤਾ ਹੈ, ਉਸ 'ਤੇ ਪਿਆਰ ਵਾਲਾ ਚਲਦਾ ਹੈ, ਵਪਾਰ ਵਾਲਾ ਚਲ ਨਹੀਂ ਸਕਦਾ। ਇੱਕ ਫੈਸਲਾ ਹੈ :

ਸਾਚ ਕਹੋਂ ਸੁਨ ਲੇਹੁ ਸਭੈ ਜਿਨਿ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।।

(ਪਾ. 10)

ਅੱਜ ਧਰਮ ਖੇਤਰ ਵਿੱਚ ਸਾਡੀ ਅਸਫਲਤਾ ਜੋ ਅਸੀਂ ਵੇਖ ਰਹੇ ਹਾਂ, ਉਸ ਦਾ ਮੂਲ ਕਾਰਨ ਇੱਕ ਇਹ ਵੀ ਹੈ ਕਿ ਸਾਡੇ ਧਰਮ-ਕਰਮ ਦਾ ਬਹੁਤਾ ਹਿੱਸਾ ਇੱਕ ਧੰਧਾ, ਇੱਕ ਵਪਾਰ ਬਣ ਗਿਆ ਹੈ। ਗੁਰੂ ਜੀ ਵੀ ਕਹਿੰਦੇ ਹਨ :

ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ।।

(ਗੁ.ਗ੍ਰੰ.ਸਾ.ਪੰਨਾ 495)

ਅੱਜ ਅਸੀਂ ਧਰਮ ਖੇਤਰ ਵਿੱਚ ਅਸਫਲ ਕਿਉਂ ਹਾਂ?

ਅਨੇਕਾਂ ਗੁਰਦੁਆਰੇ ਬਣ ਰਹੇ ਅਤੇ ਚਲ ਰਹੇ ਹਨ, ਪਰ ਇੱਕ ਵਪਾਰ ਵਾਂਗ। ਪ੍ਰਬੰਧਕ ਇੱਕ ਵਪਾਰੀ ਵਾਂਗੂੰ ਐਸਾ ਪ੍ਰੋਗਰਾਮ ਦੇਣਾ ਚਾਹੁੰਦਾ ਹੈ ਕਿ ਲੋਕ ਕਿਵੇਂ ਜ਼ਿਆਦਾ ਇਕੱਠੇ ਹੋਣ ਅਤੇ ਗੋਲਕ ਵੱਧ ਜਾਵੇ। 1999 ਦੀ ਵਿਸਾਖੀ 'ਤੇ ਅੰਮ੍ਰਿਤਧਾਰੀ ਖ਼ਾਲਸੇ ਦੀ ਸਾਜਨਾ ਦੀ ਤੀਜੀ ਸ਼ਤਾਬਦੀ ਮਨਾਉਣ ਲਈ ਇੰਗਲੈਂਡ ਦੇ ਇੱਕ ਮੁੱਖ ਗੁਰਦੁਆਰੇ ਵਿੱਚ ਸਿੱਖੀ ਤੋਂ ਕੋਹਾਂ ਦੂਰ ਇੱਕ ਕਲੀਨ-ਸ਼ੇਵਨ ਗੀਤਕਾਰ ਗਾਇਕ ਨੂੰ ਮੁੱਖ ਮਹਿਮਾਨ ਦੇ ਰੂਪ ਵਿੱਚ ਸੱਦ ਕੇ ਗੁਰਦੁਆਰੇ ਦੀ ਸਟੇਜ ਕੇਵਲ ਇਸ ਲਈ ਦਿੱਤੀ ਗਈ ਕਿ ਉਸ ਨੂੰ ਵੇਖਣ-ਸੁਨਣ ਲਈ ਲੋਕ ਜ਼ਿਆਦਾ ਗਿਣਤੀ ਵਿੱਚ ਆਉਣਗੇ। ਤਾਂ ਕੀ ਅੰਮ੍ਰਿਤਧਾਰੀ ਖ਼ਾਲਸੇ ਦੇ ਸਾਜਨਾ ਦਿਵਸ 'ਤੇ ਇੱਕ ਕਲੀਨ-ਸ਼ੇਵਨ ਗੀਤਕਾਰ ਦੇ ਦਰਸ਼ਨ ਕਰਨ ਆਏ ਲੋਕਾਂ ਨੂੰ ਸਿੱਖ ਸੰਗਤ ਆਖਿਆ ਜਾਵੇ ?, ਇਸ ਦਿਵਸ ਨੂੰ ਖ਼ਾਲਸੇ ਦਾ ਜਨਮ ਆਖਿਆ ਜਾਵੇ ਜਾਂ ਕੀ ਤਾਜ਼ੀ ਹਜਾਮਤ ਕਰਾ ਕੇ ਆਏ ਹੋਏ ਗੀਤਕਾਰ ਦੀ ਜ਼ੁਬਾਨੋਂ ਅੰਮ੍ਰਿਤ ਦੇ ਗੀਤ ਕੋਈ ਅਰਥ ਰੱਖਦੇ ਹਨ ? ਪਰ ਬਹੁਤੀ ਥਾਵੇਂ ਐਸਾ ਹੋ ਰਿਹਾ ਹੈ - "ਅਵਰ ਉਪਦੇਸੈ ਆਪਿ ਨ ਕਰੈ"।

ਇਸੇ ਤਰ੍ਹਾਂ ਬਹੁਤੀ ਥਾਵੇਂ ਭੇਖਧਾਰੀ ਸਾਧ-ਸੰਤ ਜਿਹੜੇ ਗੁਰਬਾਣੀ ਦੀ ਥਾਂ ਮਨ-ਘੜਤ ਧਾਰਨਾਵਾਂ ਬਣਾ ਕੇ ਮਨ-ਘੜਤ ਸਾਖੀਆਂ ਰਾਹੀਂ ਮਨਮਤ ਦਾ ਪ੍ਰਚਾਰ ਕਰਦੇ ਹਨ, ਸ਼ਬਦ ਗੁਰੂ ਨਾਲੋਂ ਤੋੜ ਕੇ ਆਪਣੇ ਨਾਲ ਜੋੜਦੇ ਹਨ ਕਿਉਂਕਿ ਲੋਕ ਝੂਠੇ ਲਾਲਚਾਂ ਵਿੱਚ ਫੱਸੇ, ਇਹਨਾਂ ਕੋਲ ਜ਼ਿਆਦਾ ਆਉਂਦੇ ਹਨ। ਤਾਂ ਕੀ ਉਹ ਗੁਰੂ ਦੀ ਸੰਗਤ ਹਨ ? ਪਰ ਗੁਰਮਤਿ ਪ੍ਰਚਾਰ ਨੂੰ ਅਣ-ਗੌਲਿਆਂ ਕਰਕੇ ਗੋਲਕ ਦੇ ਵਾਧੇ ਲਈ ਕੇਵਲ ਵਪਾਰਿਕ ਬਿਰਤੀ ਵਾਲੇ ਗੁਰਦੁਆਰਾ ਪ੍ਰਬੰਧਕ ਇਹਨਾਂ ਨੂੰ ਬੁਲਾਉਂਦੇ ਹਨ ਅਤੇ ਮਨਮਤ ਦਾ ਪ੍ਰਚਾਰ ਹੁੰਦਾ ਹੈ।

ਕਈ ਵਾਰ ਤਾਂ ਇਉਂ ਦਿੱਸਦਾ ਹੈ ਜਿਵੇਂ ਗੁਰਦੁਆਰੇ, ਗੁਰੂ ਨਾਨਕ - ਗੁਰੂ ਗੋਬਿੰਦ ਸਿੰਘ ਜੀ ਦੇ ਪੰਥਕ ਪ੍ਰਚਾਰ ਦੇ ਅਸਥਾਨ ਨਾ ਹੋ ਕੇ ਇਹ ਕੇਵਲ ਧੜਿਆਂ ਜਾਂ ਅਖੌਤੀ ਸੰਪ੍ਰਦਾਵਾਂ ਦੇ ਪ੍ਰਚਾਰ ਅਸਥਾਨ ਹੀ ਬਣ ਗਏ ਹਨ। ਬਹੁਤੇ ਗੁਰਦੁਆਰੇ ਤੇ ਧਰਮ ਅਸਥਾਨ ਅੱਜ ਵਪਾਰਕ ਕੇਂਦਰ ਬਣ ਗਏ ਹਨ ਜਿੱਥੇ ਪ੍ਰਧਾਨਗੀਆਂ, ਸਕੱਤਰੀਆਂ ਤੇ ਮੈਂਬਰੀਆਂ ਪੈਸੇ ਨਾਲ ਖ਼ਰੀਦੀਆਂ ਜਾ ਸਕਦੀਆਂ ਹਨ। ਸਟੇਜਾਂ ਨੂੰ ਪੈਸੇ ਨਾਲ ਖ਼ਰੀਦ ਕੇ, ਮਨ ਆਇਆ ਪ੍ਰਚਾਰ ਕੀਤਾ ਜਾ ਸਕਦਾ ਹੈ। ਗੁਰਦੁਆਰੇ ਹਾਲ, ਗੁਰਦੁਆਰੇ ਦਾ ਸਾਮਾਨ ਇੱਕ ਟੈਂਟ ਹਾਊਸ ਵਾਂਗੂੰ ਕਿਰਾਏ 'ਤੇ ਮਿਲ ਸਕਦਾ ਹੈ। ਸਾਡੇ ਧਰਮ ਅਸਥਾਨਾਂ 'ਤੇ ਠੇਕੇਦਾਰਾਂ ਵਾਂਗੂੰ ਗੁਰਦੁਆਰਿਆਂ ਦੀਆਂ ਕਾਰ-ਸੇਵਾ ਵਿਕਦੀਆਂ ਹਨ, ਸਿਰੋਪਾਓ ਵਿੱਕਦੇ ਹਨ ਅਤੇ ਇੱਥੋਂ ਤਕ ਕਿ ਸਹਿਜ ਪਾਠ, ਅਖੰਡ ਪਾਠ ਤੇ ਕੀਰਤਨ ਸਭ ਇੱਕ ਵਾਪਾਰਕ ਸੌਦਾ ਬਣ ਗਿਆ ਹੈ। ਕਈ ਥਾਵੇਂ ਕੀਰਤਨੀਏ, ਪ੍ਰਚਾਰਕਾਂ ਤੇ ਪਾਠੀਆਂ ਕੋਲੋਂ ਹਿਸਾਬ ਨਾਲ ਕਮਿਸ਼ਨ ਲਈ ਜਾਂਦੀ ਹੈ। ਕਈ ਥਾਵੇਂ ਇੱਕ ਥੋਕ ਵਪਾਰੀ (Stockist) ਵਾਂਗੂੰ ਪਾਠ ਕਰਕੇ ਰੱਖ (Store) ਲਏ ਜਾਂਦੇ ਹਨ ਤੇ ਜਦੋਂ ਕੋਈ ਚਾਹੇ ਮਾਇਆ ਲੈ ਕੇ ਉਸਦੇ ਨਾਂ ਦੀ ਅਰਦਾਸ ਕਰ ਦਿੱਤੀ ਜਾਂਦੀ ਹੈ। ਕੀ ਇਹ ਸਭ ਧਰਮ ਦਾ ਵਪਾਰੀਕਰਨ ਨਹੀਂ ਹੋ ਗਿਆ ?, ਕੀ ਇਸ ਵਪਾਰ ਵਿੱਚੋਂ ਕਿਤੇ ਪਿਆਰ ਦੀ ਖ਼ੁਸ਼ਬੂ ਆ ਸਕਦੀ ਹੈ ? ਧਰਮ ਤਾਂ ਪਿਆਰ ਹੈ ਜਿਸ ਰਾਹੀਂ ਪ੍ਰੀਤਮ ਮਿਲਦਾ ਹੈ, ਜਿਸ ਰਾਹੀਂ ਪਿਆਰੇ ਜਨਮ ਲੈਂਦੇ ਹਨ।

ਕੀ ਧਰਮ ਦੇ ਇਸ ਵਪਾਰ ਵਿੱਚੋਂ ਕਿਤੇ ਪਿਆਰ ਦੀ ਖ਼ੁਸ਼ਬੋ ਆ ਸਕਦੀ ਹੈ ?

ਹੋ ਸਕਦਾ ਹੈ ਕਿਸੇ ਪਾਠਕ ਨੂੰ ਇਹ ਕੌੜੀ ਸੱਚਾਈ ਚੰਗੀ ਨਾ ਲੱਗੇ, ਤਾਂ ਖਿਮਾ ਕਰ ਦੇਵੇ। ਪਰ ਇਹ ਸਭ ਕੁਝ ਲਿੱਖਣ ਲਈ ਮਜ਼ਬੂਰ ਹੋਇਆ ਹਾਂ ਕਿ ਕਾਸ਼ ! ਚੇਤੰਨ ਹੋ ਕੇ ਗੁਰਦੁਆਰਾ ਸੁਧਾਰ ਲਹਿਰ ਵਾਂਗ ਇੱਕ ਵਾਰ ਫਿਰ ਵਿਗੜ ਚੁੱਕੇ ਗੁਰਦੁਆਰਾ ਪ੍ਰਬੰਧ ਵਿੱਚ ਸੁਧਾਰ ਆਵੇ ਅਤੇ ਅਸੀਂ ਗੁਰੂ ਨਾਨਕ ਜੀ ਦੇ ਆਰੰਭ ਕੀਤੇ ਉਸ ਪਵਿੱਤਰ ਸਿਧਾਂਤ "ਗੁਰੂ ਦੁਆਰੈ ਹੋਇ ਸੋਝੀ ਪਾਇਸੀ, ਏਤੁ ਦੁਆਰੈ ਧੋਇ ਹਛਾ ਹੋਇਸੀ" ਦੇ ਅਸਲ ਰੂਪ ਨੂੰ ਮਾਣ ਸਕੀਏ।

ਪ੍ਰਚਾਰਕ

'ਪ੍ਰਚਾਰ' ਸ਼ਬਦ ਪਰੀਚੈ ਸ਼ਬਦ ਤੋਂ ਬਣਿਆ ਹੈ, ਜਿਸਦਾ ਅਰਥ ਵਾਕਫ਼ੀਅਤ, ਜਾਣਕਾਰੀ (Introduction) ਹੈ। ਸੰਸਾਰ ਦੇ ਹਰ ਵਿਅਕਤੀ, ਹਰ ਵਸਤੂ ਦੀ ਮੁੱਲ (Value)

ਉਸਦੇ ਪ੍ਰਚਾਰ ਸਾਧਨ (Public Relations) 'ਤੇ ਨਿਰਭਰ ਹੈ। ਇਸੇ ਲਈ ਪ੍ਰਚਾਰ ਮੀਡੀਆ ਅੱਜ ਦੇ ਯੁੱਗ ਦੀ ਬਹੁਤ ਵੱਡੀ ਸ਼ਕਤੀ ਹੈ। ਮੀਡੀਆ ਵੀ ਵਿਗਿਆਪਨ ਕੇਂਦਰਾਂ (Advertising Companies) ਦੇ ਰੂਪ ਵਿੱਚ ਇੱਕ ਵਪਾਰ ਦਾ ਹਿੱਸਾ ਹੀ ਹੈ। ਅਸੀਂ ਵੇਖਦੇ ਹਾਂ ਕਿ ਅੱਜ ਧਨ-ਪਦਾਰਥ-ਵਸਤੂਆਂ ਦਾ ਵਪਾਰ ਐਡਵਰਟਾਇਜ਼ਿੰਗ ਸਿਸਟਮ ਨਾਲ ਇਲੈਕਟ੍ਰੌਨਿਕ ਮੀਡੀਏ ਰਾਹੀਂ ਸ਼ਕਤੀਸ਼ਾਲੀ ਹੋ ਗਿਆ ਹੈ। ਇਸੇ ਲਈ ਸੰਸਾਰ ਵਿੱਚ ਧਨ ਅਤੇ ਪਦਾਰਥਾਂ ਦੀ ਗਿਣਤੀ ਵੱਧ ਰਹੀ ਹੈ।

ਧਰਮ ਦਾ ਪ੍ਰਚਾਰ ਕਿਸ ਉੱਤੇ ਨਿਰਭਰ ਹੋਣਾ ਚਾਹੀਦਾ ਹੈ ?

ਪਰ ਨਿਰੰਕਾਰ ਦੇ ਧਰਮ ਕਮਾਉਣ ਦਾ ਸਿਸਟਮ ਕਿਉਂਕਿ ਵਪਾਰ 'ਤੇ ਨਹੀਂ, ਪਿਆਰ 'ਤੇ ਖੜ੍ਹਾ ਹੈ। ਇਸ ਲਈ ਧਰਮ ਦਾ ਪ੍ਰਚਾਰਕ ਮੀਡੀਆ ਵੀ ਵਪਾਰ ਨਹੀਂ, ਬਲਕਿ ਪਿਆਰ 'ਤੇ ਨਿਰਭਰ ਹੋਣਾ ਚਾਹੀਦਾ ਸੀ। ਕਦੇ ਐਸਾ ਹੀ ਸੀ। ਭਾਈ ਮਨਸੁਖ, ਭਾਈ ਗੁਰਦਾਸ ਜੀ, ਬਾਲੂ ਹਸਨਾ, ਬਾਬਾ ਦੀਪ ਸਿੰਘ, ਭਾਈ ਮਨੀ ਸਿੰਘ, ਗਿਆਨੀ ਦਿੱਤ ਸਿੰਘ ਵਰਗੇ ਅਨੇਕਾਂ ਗੁਰਸਿੱਖ ਪ੍ਰਚਾਰਕ ਸਿੱਖੀ ਦੇ ਪ੍ਰਚਾਰ ਖੇਤਰ ਵਿੱਚ ਹੋਏ ਹਨ।

ਪਰ ਅੱਜ ਧਰਮ ਦੇ ਪ੍ਰਚਾਰ ਖੇਤਰ ਵਿੱਚ ਪਿਆਰ ਦੀ ਥਾਵੇਂ ਵਪਾਰਕ ਰੂਪ ਜ਼ਿਆਦਾ ਦਿੱਸਦਾ ਹੈ। ਇਸ ਲਈ ਧਰਮ ਦਾ ਵਾਧਾ ਨਹੀਂ ਹੋ ਰਿਹਾ, ਭਾਵੇਂ ਧਨ ਦਾ ਵਾਧਾ ਜ਼ਰੂਰ ਹੋ ਰਿਹਾ ਹੈ। ਧਨ ਨਾਲ ਬਣੀਆਂ ਗੁਰਦੁਆਰਿਆਂ ਦੀਆਂ ਵੱਡੀਆਂ-ਵੱਡੀਆਂ ਬਿਲਡਿੰਗਾਂ, ਵੱਡੇ-ਵੱਡੇ ਹਾਲ, ਵੱਡੀਆਂ ਗੋਲਕਾਂ ਬੜੀਆਂ ਮਜ਼ਬੂਤ ਦਿੱਸਦੀਆਂ ਹਨ। ਪਰ ਉਹਨਾਂ ਵਿੱਚ ਪ੍ਰਬੰਧਕ, ਪ੍ਰਚਾਰਕ ਅਤੇ ਸੰਗਤ ਦੇ ਰੂਪ ਵਿੱਚ ਬੈਠੇ ਬਹੁਤੇ ਸਿੱਖ, ਸਿੱਖੀ ਵਿੱਚ ਕਮਜ਼ੋਰ ਦਿੱਸਦੇ ਹਨ।

ਹੁਣ ਵੇਖਣਾ ਹੈ ਕਿ ਪ੍ਰਚਾਰਕ ਦਾ ਵਪਾਰਕ ਰੂਪ ਕਦੋਂ ਅਤੇ ਕਿਉਂ ਬਣਦਾ ਹੈ ?

ਕਈ ਵੀਰ ਇਹ ਸਮਝਦੇ ਹਨ ਕਿ ਜਿਹੜਾ ਪ੍ਰਚਾਰਕ ਜਾਂ ਕੀਰਤਨੀਆ ਮਾਇਆ ਲੈਂਦਾ ਹੈ, ਉਹ ਬਾਣੀ ਦਾ ਵਪਾਰ ਕਰਦਾ ਹੈ, ਉਹ ਬਾਣੀ ਵੇਚਦਾ ਹੈ। ਪਰ ਐਸਾ ਬਿਲਕੁਲ ਨਹੀਂ ਹੈ। ਮੁੱਖ ਰੂਪ ਵਿੱਚ ਪ੍ਰਚਾਰਕ ਕਿਉਂਕਿ ਇੱਕ ਵਿਅਕਤੀ, ਇੱਕ ਮਨੁੱਖ ਹੀ ਹੁੰਦਾ ਹੈ ਜਿਸਨੇ ਬੋਲ ਕੇ, ਲਿੱਖ ਕੇ ਜਾਂ ਆਪਣੇ ਜੀਵਨ ਰਾਹੀਂ ਐਕਟ ਕਰਕੇਂ ਪ੍ਰਚਾਰ ਕਰਨਾ ਹੈ। ਬਾਕੀ ਇਲੈਕਟ੍ਰਾਨਿਕ ਮੀਡੀਆ, ਅਖ਼ਬਾਰ, ਮੈਗਜ਼ੀਨ, ਰੇਡੀਓ, ਟੀ.ਵੀ., ਆਦਿ ਤਾਂ ਕੇਵਲ ਉਸ ਪ੍ਰਚਾਰ ਨੂੰ ਦੂਰ-ਨੇੜੇ ਤਕ ਪਹੁੰਚਾਉਣ ਦਾ ਕੰਮ ਹੀ ਕਰਦਾ ਹੈ।

ਗੁਰਮਤਿ, ਸਿੱਖ ਨੂੰ ਗ੍ਰਿਸਤੀ ਜੀਵਨ ਲਈ ਪ੍ਰੇਰਨਾ ਦਿੰਦੀ ਹੈ। ਗ੍ਰਿਸਤੀ ਦੇ ਪਰਿਵਾਰਿਕ ਜੀਵਨ ਦੀਆਂ ਅਨੇਕਾਂ ਲੋੜਾਂ ਹਨ। ਉਹ ਲੋੜਾਂ ਅਤੇ ਉਹਨਾਂ ਦੇ ਮੁੱਲ ਸਮੇਂ-ਸਮੇਂ ਨਾਲ ਬਦਲਦੇ ਰਹਿੰਦੇ ਹਨ ਅਤੇ ਉਹ ਪਰਿਵਾਰਿਕ ਲੋੜਾਂ ਮਾਇਆ ਨਾਲ ਹੀ ਪੂਰੀਆਂ ਹੁੰਦੀਆਂ ਹਨ। ਗੁਰੂ ਜੀ ਨੇ ਬਾਣੀ ਵਿੱਚ ਵੀ ਆਖਿਆ ਹੈ :

ਗ੍ਰਿਹਿ ਸੋਭਾ ਜਾ ਕੈ ਰੇ ਨਾਹਿ।। ਆਵਤ ਪਹੀਆ ਖੂਧੇ ਜਾਹਿ।।
ਵਾ ਕੈ ਅੰਤਰਿ ਨਹੀ ਸੰਤੋਖੁ।। ਬਿਨੁ ਸੋਹਾਗਨਿ ਲਾਗੈ ਦੋਖੁ।।

(ਗੁ.ਗ੍ਰੰ.ਸਾ.ਪੰਨਾ 872)

ਪ੍ਰਚਾਰਕ ਵਪਾਰੀ ਕਦੋਂ ਬਣਦਾ ਹੈ?

ਇਸ ਤਰ੍ਹਾਂ ਇਹ ਲੋੜਾਂ ਹਰ ਪ੍ਰਚਾਰਕ ਦੀਆਂ ਵੀ ਹਨ ਅਤੇ ਪ੍ਰਚਾਰਕ ਦੇ ਪਰਿਵਾਰਿਕ ਜੀਵਨ ਦਾ ਮਿਆਰ (Standard) ਸਮੇਂ ਦੇ ਹਾਣ ਨਾਲ ਉੱਚਾ ਬਣਾਈ ਰੱਖਣਾ, ਜਿੱਥੇ ਉਸਦਾ ਚਾਉ ਹੈ, ਉੱਥੇ ਸਿੱਖ ਸੰਗਤ ਦਾ ਫ਼ਰਜ਼ ਵੀ ਹੈ ਤਾਂ ਕਿ ਉਸਦੇ ਘਰ ਦੀ ਕੋਈ ਥੁੜ ਉਸਨੂੰ ਹਮੇਸ਼ਾ ਕੋਸਦੀ ਹੀ ਨਾ ਰਹੇ। ਫਿਰ ਇੱਕ ਕੌਮੀ ਧਾਰਮਿਕ ਪ੍ਰਚਾਰਕ ਦੇ ਪਰਿਵਾਰਿਕ ਜੀਵਨ ਦਾ ਉੱਚਾ ਮਿਆਰ ਕੌਮ ਲਈ ਗੌਰਵ ਤੇ ਮਾਣ ਵੀ ਹੈ। ਸੋ ਇੱਕ ਚੰਗੇ ਜੀਵਨ ਨਿਰਬਾਹ ਲਈ ਮਾਇਆ ਲੈ ਲੈਣਾ ਉਸਦਾ ਹੱਕ ਤੇ ਅਧਿਕਾਰ ਹੈ। ਕਦੇ ਕੌਮ ਨੂੰ ਇਹ ਆਪਣਾ ਫ਼ਰਜ਼ ਚੇਤੇ ਕਰਾਉਣ ਲਈ ਵੀ ਮੈਂ ਸੰਘਰਸ਼ ਕੀਤਾ ਹੈ ਅਤੇ ਅੱਜ ਕੀਰਤਨੀਏ ਤੇ ਪ੍ਰਚਾਰਕ ਵੀਰਾਂ ਨੂੰ ਵੀ ਆਪਣਾ ਫ਼ਰਜ਼ ਚੇਤੇ ਕਰਾਉਣ ਵਾਸਤੇ ਵੀ ਕੁਝ ਲਿੱਖ ਰਿਹਾ ਹਾਂ।

ਸੁਆਲ ਤਾਂ ਇਹ ਹੈ ਕਿ ਧਾਰਮਿਕ ਪ੍ਰਚਾਰਕ ਵਪਾਰੀ ਕਦੋਂ ਬਣਦਾ ਹੈ ? ਮਾਇਆ ਲੈ ਲੈਣਾ ਵਪਾਰ ਨਹੀਂ ਹੈ। ਮਾਇਆ ਮੰਗਣੀ, ਕੀਰਤਨ-ਕਥਾ-ਪਾਠ ਦੇ ਸੌਦੇ ਕਰਨੇ, ਭੇਟਾ ਨਿਸ਼ਚਿਤ ਕਰਨੀਆਂ - ਵਪਾਰ ਇੱਥੋਂ ਸ਼ੁਰੂ ਹੁੰਦਾ ਹੈ, ਜਿਹੜਾ ਅੱਜ ਪ੍ਰਬੰਧਕ ਅਤੇ ਪ੍ਰਚਾਰਕ ਵਰਗ ਦੋਹਾਂ ਵਿੱਚ ਹੀ ਪ੍ਰਵੇਸ਼ ਕਰ ਗਿਆ ਹੈ। ਗੁਰਦੁਆਰਿਆਂ ਅਤੇ ਪ੍ਰਚਾਰਕਾਂ ਵੱਲੋਂ ਅਕਸਰ ਕੀਰਤਨ, ਪਾਠ, ਆਨੰਦ ਕਾਰਜ ਜਾਂ ਹੋਰ ਕਾਰਜਾਂ ਲਈ ਭੇਟਾ ਨਿਸ਼ਚਿਤ ਹਨ। ਬਲਕਿ ਪਹਿਲੀ ਵਾਰ ਜਦੋਂ ਮੈਂ ਤਖ਼ਤ ਸ੍ਰੀ ਪਟਨਾ ਸਾਹਿਬ ਦਰਸ਼ਨ ਲਈ ਗਿਆ ਤਾਂ ਦੀਵਾਨ ਦੀ ਸਮਾਪਤੀ 'ਤੇ ਜੱਥੇਦਾਰ ਸਾਹਿਬ ਵੱਲੋਂ ਤਖ਼ਤ ਸਾਹਿਬ 'ਤੇ ਭਰੀ ਸੰਗਤ ਵਿੱਚ ਰੇਟ ਸੁਣਾਉਂਦੇ ਸੁਣ ਕੇ ਬੜਾ ਦੁੱਖ ਹੋਇਆ ਕਿ ਐਨੀ ਮਾਇਆ ਦੇਵੋਗੇ ਤਾਂ ਪਤਾਸਾ ਪ੍ਰਸਾਦਿ ਮਿਲੇਗਾ, ਜੇ ਐਨੀ ਮਾਇਆ ਦੇਵੋਗੇ ਤਾਂ ਪਿੰਨੀ ਪ੍ਰਸ਼ਾਦ ਮਿਲੇਗਾ, ਜੇ ਐਨੀ ਦੇਵੋਗੇ ਤਾਂ ਸਿਰੋਪਾਓ ਮਿਲੇਗਾ, ਜੇ ਐਨੀ ਦੇਵੋਗੇ ਤਾਂ ਤੁਹਾਡੇ ਨਾਂ ਦਾ ਪੱਥਰ ਲੱਗ ਜਾਵੇਗਾ। ਕੀ ਇਹ ਵਪਾਰ ਨਹੀਂ ਹੈ ?

ਇੱਕ ਵੱਡੇ ਨੁਕਸਾਨ ਦੀ ਗੱਲ ਹੋਰ ਸਮਝਣ ਵਾਲੀ ਹੈ ਕਿ ਜਦੋਂ ਪ੍ਰਚਾਰ ਵਾਪਾਰ ਬਣੇਗਾ ਤਾਂ ਵਪਾਰ ਦੀ ਇੱਕ ਨਿਸ਼ਚਿਤ ਨੀਤੀ, ਪ੍ਰਚਾਰਕ ਦੀ ਬਿਰਤੀ ਵਿੱਚ ਪ੍ਰਵੇਸ਼ ਕਰੇਗੀ। ਵਪਾਰ (Business) ਦਾ ਇੱਕ ਅਟੱਲ ਨਿਯਮ ਹੈ ਕਿ ਘੱਟ ਤੋਂ ਘੱਟ ਦੇਵੋ ਅਤੇ ਵੱਧ ਤੋਂ ਵੱਧ ਕਮਾਓ। ਭਾਵ ਲਾਗਤ (Investment) ਥੋੜ੍ਹੀ ਤੋਂ ਥੋੜ੍ਹੀ ਹੋਵੇ ਅਤੇ ਮੁਨਾਫ਼ਾ (Profit) ਜ਼ਿਆਦਾ ਤੋਂ ਜ਼ਿਆਦਾ ਹੋਵੇ। ਪ੍ਰਚਾਰ ਦੇ ਵਪਾਰ ਬਣ ਜਾਣ ਨਾਲ ਇਹ ਸੋਚ ਪ੍ਰਚਾਰਕ ਵਿੱਚ ਵੀ ਆ ਜਾਂਦੀ ਹੈ ਕਿ ਥੋੜ੍ਹੀ ਇਨਵੈਸਟਮੈਂਟ ਅਤੇ ਜ਼ਿਆਦਾ ਲਾਭ। ਬਿਨਾ ਪਾਠ ਕੀਤੇ ਪਤਰੇ ਪਰਤਣ ਵਾਲੇ ਜਾਂ ਕੀਤੇ-ਕਰਾਏ ਪਾਠ ਵੇਚਣ ਵਾਲੇ ਪਾਠੀ, ਗੁਰਬਾਣੀ ਗੁਰਮਤਿ ਦੀ ਬਹੁਤ ਥੋੜ੍ਹੀ ਖੋਜ ਅਤੇ ਮਨ-ਘੜਤ ਕਹਾਣੀਆਂ ਨਾਲ ਸਜਾਏ ਹੋਏ ਕੁਝ ਗਿਣਵੇਂ ਲੈਕਚਰਾਂ ਵਾਲੇ ਕਥਾਕਾਰ, ਫਿਲਮੀ ਧੁੰਨਾਂ 'ਤੇ ਕੁਝ ਗਿਣੇ-ਮਿੱਥੇ ਸ਼ਬਦ ਪੜ੍ਹਨ ਵਾਲੇ, ਉਹ ਵੀ ਜ਼ੁਬਾਨੀ ਯਾਦ ਨਾ ਹੋਣ ਕਾਰਣ ਲਿੱਖ ਕੇ ਅੱਗੇ ਰੱਖਣ ਵਾਲੇ, ਫਿਰ ਜਿਹੜਾ ਸ਼ਬਦ ਪੜ੍ਹ ਰਹੇ ਹਨ ਉਸਦੇ ਅਰਥ ਭਾਵ ਤੋਂ ਵੀ ਅਨਜਾਣ, ਮਨ-ਘੜਤ ਸਾਖੀਆਂ ਸੁਣਾਉਣ ਵਾਲੇ ਤੇ ਵੱਧ ਤੋਂ ਵੱਧ ਮਾਇਆ ਮੰਗ ਕੇ ਲੈਣ ਵਾਲੇ ਕੀਰਤਨੀਏ ਇਸੇ ਸੋਚ ਵਿੱਚੋਂ

ਪੈਦਾ ਹੋਏ ਹਨ ਕਿ ਗੁਰਮਤਿ ਖੋਜ ਲਈ ਵੀ ਸਮਾਂ ਖ਼ਰਚ ਨਾ ਕਰਨਾ ਪਵੇ ਅਤੇ ਮਾਇਆ ਵੀ ਵੱਧ ਤੋਂ ਵੱਧ ਆਵੇ।

ਅੱਜ ਪ੍ਰਚਾਰਕ ਹੈ ਪਰ ਧਰਮ ਨਹੀਂ ਚੱਲ ਰਿਹਾ।

ਪ੍ਰਚਾਰਕ ਵਰਗ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਕੌਮ ਦਿਨ-ਰਾਤ ਜਾਗ ਕੇ ਕੀਤੀ ਹੋਈ ਕਮਾਈ ਵਿੱਚੋਂ ਪ੍ਰਚਾਰਕ ਨੂੰ ਇਸ ਲਈ ਭੇਟ ਕਰਦੀ ਹੈ ਕਿ ਵਿਵਹਾਰਕ ਮਨੁੱਖ ਨੂੰ ਗੁਰਮਤਿ ਖੋਜ ਲਈ ਉਤਨਾ ਸਮਾਂ ਨਹੀਂ ਮਿਲ ਸਕਦਾ। ਪ੍ਰਚਾਰਕ ਮਾਇਆ ਲੈਣ ਦਾ ਤਾਂ ਹੀ ਅਧਿਕਾਰੀ ਹੈ ਜੇ ਆਪਣੇ ਜੀਵਨ ਦੀਆਂ ਲੋੜਾਂ ਵੱਲੋਂ ਬੇ-ਫ਼ਿਕਰ ਹੋ ਕੇ ਜੀਵਨ ਦਾ ਪੂਰਾ ਸਮਾਂ ਗੁਰਮਤਿ ਖੋਜ ਵਿੱਚ ਲਾਵੇ ਅਤੇ ਤੱਤ ਗੁਰਮਤਿ ਦਾ ਸੰਗਤ ਵਿੱਚ ਪ੍ਰਚਾਰ ਕਰੇ। ਪਰ ਅੱਜ ਇਉਂ ਨਹੀਂ ਹੋ ਰਿਹਾ। ਪ੍ਰਚਾਰ ਦਾ ਕੇਂਦਰ ਗੁਰਦੁਆਰਾ ਸਿਸਟਮ ਇੱਕ ਵਪਾਰ ਦਾ ਕੇਂਦਰ ਹੀ ਬਣ ਕੇ ਰਹਿ ਗਿਆ ਹੈ। ਗੁਰਦੁਆਰੇ ਬਹੁਤ ਹਨ ਪਰ ਇਹਨਾਂ ਗੁਰਦੁਆਰਿਆਂ ਵਿੱਚ ਬੈਠੀ ਗੁਰੂ ਕੀ ਸੰਗਤ ਬਹੁਤ ਥੋੜ੍ਹੀ ਥਾਵੇਂ ਦਿੱਸਦੀ ਹੈ ਅਤੇ 'ਪੰਥ ਪ੍ਰਚੁਰ ਕਰਬੇ ਕੋ' ਸਾਜਿਆ ਗਿਆ ਇਹ ਪ੍ਰਚਾਰਕ 'ਜਹਾ ਤਹਾ ਤੁਮ ਧਰਮ ਚਲਾਇ, ਕਬੁਧ ਕਰਨ ਤੇ ਲੋਕ ਹਟਾਇ' ਦਾ ਕੰਮ ਨਹੀਂ ਕਰ ਰਿਹਾ। ਅੱਜ ਪ੍ਰਚਾਰਕ ਹੈ ਪਰ ਧਰਮ ਨਹੀਂ ਚੱਲ ਰਿਹਾ, ਹਰ ਥਾਵੇਂ ਕਬੁਧ ਪ੍ਰਬਲ ਹੋ ਰਹੀ ਹੈ ਤੇ ਇਸੇ ਕਰਕੇ ਸਾਡੀ ਨਵੀਂ ਪਨੀਰੀ-ਬੱਚੇ ਗੁਰਦੁਆਰੇ ਜਾਣ ਤੋਂ ਹੀ ਮੁਨਕਰ ਹੋ ਰਹੇ ਹਨ।

ਗੁਰਦੁਆਰਿਆਂ ਤੋਂ ਵਪਾਰਕ ਸੋਚ ਮਿਟਾਉਣ ਦੀ ਲੋੜ

ਇਸ ਲਈ ਸਿੰਘੋ ! ਜੇ ਚਾਹੁੰਦੇ ਹੋ ਕਿ ਕੌਮ ਦੇ ਸਰਮਾਏ ਨਾਲ ਮਾਰਬਲ ਤੇ ਸੋਨਾ ਲਾ-ਲਾ ਕੇ ਬਣਾਈਆਂ ਗਈਆਂ ਤੇ ਬਣਾਈਆਂ ਜਾ ਰਹੀਆਂ ਗੁਰਦੁਆਰਿਆਂ ਦੀਆਂ ਉੱਚੀਆਂ-ਉੱਚੀਆਂ ਇਮਾਰਤਾਂ ਹਮੇਸ਼ਾ ਗੁਰਬਾਣੀ ਗੁਰਮਤਿ ਪ੍ਰਚਾਰ ਦਾ ਕੇਂਦਰ ਬਣੀਆਂ ਰਹਿਣ, ਹਮੇਸ਼ਾ ਗੁਰਬਾਣੀ ਅੰਮ੍ਰਿਤ, ਨਾਮ ਅੰਮ੍ਰਿਤ ਤੇ ਖੰਡੇ ਦਾ ਅੰਮ੍ਰਿਤ ਵੰਡਿਆ ਜਾਂਦਾ ਰਹੇ ਅਤੇ ਸਾਡੇ ਬੱਚੇ ਗੁਰਮਤਿ ਦੀ ਰੌਸ਼ਨੀ ਵਿੱਚ ਸਿੱਖ ਸਰੂਪ ਅਤੇ ਸਿੱਖ ਸਿਧਾਂਤ ਦਾ ਗੌਰਵ ਸਮਝਣ ਤਾਂ ਗੁਰਦੁਆਰਾ ਪ੍ਰਬੰਧ ਵਿੱਚੋਂ ਸਿਆਸੀ ਲੋਕਾਂ ਦਾ ਗ਼ਲਬਾ ਖ਼ਤਮ ਕਰਕੇ ਗੁਰਦੁਆਰਿਆਂ ਵਿੱਚੋਂ ਵਪਾਰਕ ਸੋਚ ਮਿਟਾਉਣੀ ਪਵੇਗੀ। ਇਸੇ ਤਰ੍ਹਾਂ ਗੁਰਮਤਿ ਗੁਰਬਾਣੀ ਦੀ ਖੋਜ ਲਈ ਆਪਣਾ ਜੀਵਨ ਸਮਰਪਣ ਕਰਕੇ, ਨਿਰਭੈ ਹੋ 'ਕਥਾ ਕੀਰਤਨ ਸੁਖਦਾਈ' ਰਾਹੀਂ ਗੁਰਮਤਿ ਤੱਤ ਸੰਗਤ ਤਕ ਪਹੁੰਚਾਉਣ ਵਾਲੇ ਪ੍ਰਚਾਰਕਾਂ ਨੂੰ ਮਾਣ-ਸਨਮਾਨ ਦਿਓ ਅਤੇ ਉਹਨਾਂ ਦੇ ਜੀਵਨ ਦੀਆਂ ਬੁਨਿਆਦੀ ਲੋੜਾਂ ਵੱਲ ਉਚੇਚਾ ਧਿਆਨ ਦਿਓ। ਪਰ ਨਾਲ ਹੀ ਸੁਆਰਥੀ, ਖ਼ੁਸ਼ਾਮਦੀ, ਆਲਸੀ, ਗੁਰਬਾਣੀ ਗੁਰਮਤਿ ਤੋਂ ਅਨਜਾਣ ਪ੍ਰਚਾਰਕਾਂ ਅਤੇ ਭੇਖਧਾਰੀ ਸਾਧਾਂ-ਸੰਤਾਂ ਨੂੰ ਗੁਰਦੁਆਰਾ ਸਟੇਜਾਂ 'ਤੇ ਸਮਾਂ ਦੇ ਕੇ ਕੀਮਤੀ ਸਮਾਂ ਬਰਬਾਦ ਨਾ ਕਰੋ। ਬਲਕਿ ਪ੍ਰਚਾਰਕਾਂ ਨੂੰ ਗੁਰਮਤਿ ਸਬੰਧੀ ਵਿਸ਼ਾ (Subject) ਆਪ ਦਿਓ ਕਿ ਉਹ ਗੁਰਬਾਣੀ ਦੀ ਰੌਸ਼ਨੀ ਵਿੱਚ ਸਮਝਾਉਣ, ਕੀਰਤਨੀਆ ਨੂੰ ਸ਼ਬਦ ਲਿੱਖ ਕੇ ਅੱਗੇ ਰੱਖਣ ਤੋਂ ਰੋਕੋ ਤਾਂ ਕਿ ਉਹ ਬਾਣੀ ਚੇਤੇ ਕਰਨ, ਬਾਣੀ ਨਾਲ ਜੁੜਨ ਅਤੇ ਨਿਜੀ ਜੀਵਨ ਤੇ ਆਚਰਨ ਦੀ ਸੰਭਾਲ ਰੱਖਣ।

ਸੂਹੀ ਮਹਲਾ ੧ ਘਰੁ ੬

੧ੴ ਸਤਿਗੁਰ ਪ੍ਰਸਾਦਿ ॥

ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥
ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥ ੧ ॥
ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ੍ ॥
ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥੧॥ ਰਹਾਉ ॥
ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ ॥
ਢਠੀਆ ਕੰਮਿ ਨ ਆਵਨ੍ਹੀ ਵਿਚਹੁ ਸਖਣੀਆਹਾ ॥ ੨ ॥
ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ੍ ॥
ਘੁਟਿ ਘੁਟਿ ਜੀਆ ਖਾਵਣੇ ਬਗੇ ਨ ਕਹੀਅਨਿ੍ ॥ ੩ ॥
ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨਿ੍ ॥
ਸੇ ਫਲ ਕੰਮਿ ਨ ਆਵਨ੍ਹੀ
ਤੇ ਗੁਣ ਮੈ ਤਨਿ ਹੰਨਿ੍ ॥ ੪ ॥
ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ ॥
ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ ॥ ੫ ॥
ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ ॥
ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ ॥ ੬ ॥

(ਗੁ.ਗ੍ਰੰ.ਸਾ.ਪੰਨਾ 729)

ਇੱਕ ਪਛਾਣ

ਪੇਖੰਦੜੋ ਕੀ ਭੁਲੁ ਤੁੰਮਾ ਦਿਸਮੁ ਸੋਹਣਾ॥
ਅਢੁ ਨ ਲਹੰਦੜੋ ਮੁਲੁ ਨਾਨਕ ਸਾਥਿ ਨ ਜੁਲਈ ਮਾਇਆ॥

(ਗੁ.ਗ੍ਰੰ.ਸਾ.ਪੰਨਾ 708)

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਦੀਆਂ ਤੋਂ ਬ੍ਰਾਹਮਣਵਾਦ ਦੇ ਕਰਮ-ਕਾਂਡੀ ਹਨੇਰੇ ਵਿੱਚ ਜਨਤਾ ਦਾ ਸਰਮ-ਧਰਮ, ਸਰਮਾਇਆ-ਸਮਾਂ, ਇੱਜ਼ਤ-ਆਬਰੂ ਸਭ ਕੁਝ ਲੁੱਟਿਆ ਜਾਂਦਾ ਰਿਹਾ। ਮਨੁੱਖਤਾ ਨੂੰ ਚਾਰ ਵਰਣਾਂ ਵਿੱਚ ਵੰਡਿਆ ਗਿਆ। ਕਿਰਤੀ ਜ਼ਾਤਾਂ ਦੇ ਜੀਵਨ ਦੇ ਸਾਰੇ ਹੱਕ ਬ੍ਰਾਹਮਣ ਕੋਲ ਗਿਰਵੀ ਪੈ ਗਏ, ਉਹਨਾਂ ਕੋਲ ਧਰਮ-ਉਪਦੇਸ਼ ਕਰਨ-ਸੁਣਨ ਦਾ ਹੱਕ ਵੀ ਨਹੀਂ ਸੀ ਅਤੇ ਨਾਲ ਬੈਠਣ-ਖਾਣ ਤਾਂ ਕਿਤੇ ਰਿਹਾ, ਉਹਨਾਂ ਦੇ ਸਾਏ ਤੋਂ ਵੀ ਨਫ਼ਰਤ ਸੀ। ਬ੍ਰਾਹਮਣ ਦੀ ਇਸ ਧਰਮ ਸ਼ਕਤੀ ਤੋਂ ਡਰਦਿਆਂ ਰਾਜ ਸ਼ਕਤੀ ਵੀ ਨਾਲ ਜੁੜ ਗਈ। ਇਸ ਸਾਰੇ ਜ਼ੁਲਮ ਅਤੇ ਲੁੱਟ-ਖਸੁੱਟ ਦੇ ਵਿਰੁੱਧ ਜ਼ਾਤੀ ਤੌਰ 'ਤੇ ਵਿਅਕਤੀਗਤ ਕਈ ਇਨਕਲਾਬੀ ਲਹਿਰਾਂ ਨੇ ਜਨਮ ਲਿਆ ਅਤੇ ਇਸ ਬ੍ਰਾਹਮਨਇਜ਼ਮ ਨਾਲ ਟੱਕਰ ਲਈ ਭਾਵੇਂ ਉਸ ਇਨਕਲਾਬੀ ਲਹਿਰ ਦੇ ਆਗੂ ਭਗਤ ਕਬੀਰ ਜੀ ਸਨ, ਜਿੰਨ੍ਹਾਂ ਨੇ ਬ੍ਰਾਹਮਣ ਨੂੰ ਵੰਗਾਰ ਕੇ ਆਖਿਆ :

ਗਰਭ ਵਾਸ ਮਹਿ ਕੁਲੁ ਨਹੀ ਜਾਤੀ॥ ਬ੍ਰਹਮ ਬਿੰਦੁ ਤੇ ਸਭ ਉਤਪਾਤੀ॥ ੧॥

ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ ॥

ਬਾਮਨ ਕਹਿ ਕਹਿ ਜਨਮੁ ਮਤ ਖੋਏ ॥ ੧ ॥ ਰਹਾਉ ॥

ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥ ਤਉ ਆਨ ਬਾਟ ਕਾਹੇ ਨਹੀ ਆਇਆ ॥ ੨ ॥

ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥ ਹਮ ਕਤ ਲੋਹੂ ਤੁਮ ਕਤ ਦੂਧ ॥ ੩ ॥

ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥ ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥ ੪ ॥ ੭ ॥

(ਗੁ.ਗ੍ਰੰ.ਸਾ.ਪੰਨਾ 324)

ਨਾਲ ਹੀ ਭਗਤ ਰਵਿਦਾਸ ਜੀ ਨੇ ਆਖਿਆ :

ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ ॥

ਰਿਦੈ ਰਾਮ ਗੋਬਿੰਦ ਗੁਨ ਸਾਰੰ ॥ ੧ ॥ ਰਹਾਉ ॥

ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀ ਪਾਨੰ ॥

ਸੁਰਾ ਅਪਵਿਤ੍ਰ ਨਤ ਅਵਰ ਜਲ ਰੇ ਸੁਰਸਰੀ ਮਿਲਤ ਨਹਿ ਹੋਇ ਆਨੰ ॥ ੧ ॥

ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ ਜੈਸੇ ਕਾਗਰਾ ਕਰਤ ਬੀਚਾਰੰ ॥

ਭਗਤਿ ਭਾਗਉਤੁ ਲਿਖੀਐ ਤਿਹ ਊਪਰੇ ਪੂਜੀਐ ਕਰਿ ਨਮਸਕਾਰੰ ॥ ੨ ॥

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ ॥

ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ ॥ ੩ ॥

(ਗੁ.ਗ੍ਰੰ.ਸਾ.ਪੰਨਾ 1293)

ਬ੍ਰਾਹਮਨਇਜ਼ਮ ਦੇ ਟਾਕਰੇ ਲਈ ਭਗਤੀ ਲਹਿਰ ਇਕ ਮਜ਼ਬੂਤ ਆਵਾਜ਼ ਸੀ

ਭਗਤ ਨਾਮਦੇਵ ਜੀ ਨੂੰ ਵੀ ਧਰਮ ਮੰਦਿਰਾਂ ਵਿੱਚ ਕੀਰਤਨ ਨਾ ਕਰਨ ਦਿੱਤਾ ਗਿਆ, ਬਲਕਿ ਇਹਨਾਂ ਧਰਮ ਦੇ ਠੇਕੇਦਾਰਾਂ ਨੇ ਮੰਦਿਰਾਂ ਵਿਚੋਂ ਧੱਕੇ ਮਾਰ ਕੇ ਕੱਢ ਦਿੱਤਾ। ਭਗਤ ਨਾਮਦੇਵ ਜੀ ਆਪਣੀ ਹੱਡ-ਬੀਤੀ ਆਪ ਦੱਸਦੇ ਹਨ :

ਹਸਤ ਖੇਲਤ ਤੇਰੇ ਦੇਹੁਰੇ ਆਇਆ ॥

ਭਗਤਿ ਕਰਤ ਨਾਮਾ ਪਕਰਿ ਉਠਾਇਆ ॥ ੧ ॥

ਹੀਨੜੀ ਜਾਤਿ ਮੇਰੀ ਜਾਦਿਮ ਰਾਇਆ ॥

ਛੀਪ ਕੇ ਜਨਮਿ ਕਾਹੇ ਕਉ ਆਇਆ ॥ ੧ ॥ ਰਹਾਉ ॥

ਲੈ ਕਮਲੀ ਚਲਿਓ ਪਲਟਾਇ ॥ ਦੇਹੁਰੈ ਪਾਛੈ ਬੈਠਾ ਜਾਇ ॥ ੨ ॥

ਜਿਉ ਜਿਉ ਨਾਮਾ ਹਰਿ ਗੁਣ ਉਚਰੈ ॥

ਭਗਤ ਜਨਾਂ ਕਉ ਦੇਹੁਰਾ ਫਿਰੈ ॥ ੩ ॥

(ਗੁ.ਗ੍ਰੰ.ਸਾ.ਪੰਨਾ 1164)

ਮੋ ਕਉ ਤੂੰ ਨ ਬਿਸਾਰਿ ਤੂ ਨ ਬਿਸਾਰਿ ॥

ਤੂ ਨ ਬਿਸਾਰੇ ਰਾਮਈਆ ॥ ੧ ॥ ਰਹਾਉ ॥

ਆਲਾਵੰਤੀ ਇਹੁ ਭ੍ਰਮੁ ਜੋ ਹੈ ਮੁਝ ਊਪਰਿ ਸਭ ਕੋਪਿਲਾ ॥

ਸੂਦ ਸੂਦ ਕਰਿ ਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ॥ ੧॥
ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ॥
ਏ ਪੰਡੀਆ ਮੋ ਕਉ ਢੇਢ ਕਹਤ ਤੇਰੀ ਪੈਜ ਪਿਛੰਉਡੀ ਹੋਇਲਾ॥ ੨॥
ਤੂ ਜੁ ਦਇਆਲੁ ਕ੍ਰਿਪਾਲੁ ਕਹੀਅਤ ਹੈਂ ਅਤਿਭੁਜ ਭਇਓ ਅਪਾਰਲਾ॥
ਫੇਰਿ ਦੀਆ ਦੇਹੁਰਾ ਨਾਮੇ ਕਉ ਪੰਡੀਅਨ ਕਉ ਪਿਛਵਾਰਲਾ॥ ੩॥

(ਗੁ.ਗ੍ਰੰ.ਸਾ.ਪੰਨਾ 1292)

ਕਿਉਂਕਿ ਉਹ ਬ੍ਰਾਹਮਨਇਜ਼ਮ ਦੇ ਖਿਲਾਫ਼ ਇੱਕ ਮਜ਼ਬੂਤ ਆਵਾਜ਼ ਸਨ, ਇਸ ਲਈ ਰਾਜ ਸ਼ਕਤੀ ਦੇ ਜ਼ੋਰ ਨਾਲ ਇਹਨਾਂ ਨੂੰ ਦਰਿਆਵਾਂ ਵਿੱਚ ਰੋੜ੍ਹ, ਪਹਾੜਾਂ ਤੋਂ ਸੁੱਟ, ਮਸਤ ਹਾਥੀਆਂ ਅੱਗੇ ਸੁੱਟ, ਤਸੀਹੇ ਦੁਆਏ। ਬ੍ਰਾਹਮਣ ਨੇ ਆਪਣੀ ਸ਼ਾਤਰ ਬੁੱਧੀ ਨਾਲ ਮਾਰ ਦੇਣ ਜਾਂ ਆਪਣੇ ਨਾਲ ਰਲਾ ਲੈਣ ਵਾਲੇ ਦੋਵੇਂ ਤਰੀਕੇ ਅਪਨਾਏ। ਜਿੱਥੇ ਮਾਰਨ ਲਈ ਦਰਿਆਵਾਂ ਵਿੱਚ ਸੁੱਟਿਆ ਗਿਆ, ਉੱਥੇ ਨਾਲ ਰਲਾ ਲੈਣ ਲਈ ਧਾਰਮਿਕ ਸਾਹਿਤ ਵਿੱਚ ਐਸੀਆਂ ਮਨ-ਘੜਤ ਕਹਾਣੀਆਂ ਤੇ ਰਚਨਾਵਾਂ ਪਾ ਕੇ ਪ੍ਰਚਲਿਤ ਕਰ ਦਿੱਤੀਆਂ ਗਈਆਂ, ਜਿਵੇਂ ਕਿ ਕਬੀਰ ਤਾਂ ਹੀ ਭਗਤ ਹੈ ਕਿਉਂਕਿ ਉਸਨੇ ਇੱਕ ਕੁਆਰੀ ਬ੍ਰਾਹਮਣੀ ਦੇ ਪੇਟੋਂ ਜਨਮ ਲਿਆ ਹੈ, ਜੁਲਾਹਿਆਂ ਦੇ ਘਰ ਤਾਂ ਕੇਵਲ ਇਹ ਪੱਲਿਆ ਹੈ। ਇਸੇ ਤਰ੍ਹਾਂ ਰਵਿਦਾਸ ਪਿਛਲੇ ਜਨਮ ਵਿੱਚ ਬ੍ਰਾਹਮਣ ਸੀ, ਗੁਰੂ ਦੇ ਸਰਾਪ ਨਾਲ ਇਸਨੂੰ ਚਮਾਰਾਂ ਦੇ ਘਰ ਜਨਮ ਲੈਣਾ ਪਿਆ।

ਐਸੀਆਂ ਮਨ-ਘੜਤ ਕਹਾਣੀਆਂ ਬ੍ਰਾਹਮਨਇਜ਼ਮ ਦੇ ਪ੍ਰਭਾਵ ਹੇਠ ਪਲੇ ਹੋਏ ਸਾਡੀਆਂ ਸੰਪ੍ਰਦਾਵਾਂ ਅਤੇ ਟਕਸਾਲਾਂ ਵਾਲੇ ਅੱਜ ਵੀ ਆਪਣੀਆਂ ਕਥਾਵਾਂ ਵਿੱਚ ਇਹ ਕਹਾਣੀਆਂ ਸੁਣਾ-ਸੁਣਾ ਕੇ ਜਾਣੇ-ਅਨਜਾਣੇ ਬ੍ਰਾਹਮਨਇਜ਼ਮ ਦਾ ਕੰਮ ਕਰ ਰਹੇ ਹਨ ਅਤੇ ਇਹ ਨਹੀਂ ਸਮਝ ਰਹੇ ਕਿ ਇਹ ਮਨੁੱਖੀ ਆਜ਼ਾਦੀ ਦੀਆਂ ਲਹਿਰਾਂ ਨੂੰ ਦਬਾਉਣ ਦਾ ਇੱਕ ਹਥਿਆਰ ਸੀ ਜਿਹੜਾ ਭਗਤ-ਮਾਲ ਵਰਗੇ ਗ੍ਰੰਥਾਂ ਵਿੱਚ ਪਾਇਆ ਗਿਆ।

ਗੁਰੂ ਨਾਨਕ ਨੇ ਮਨੁੱਖਤਾ ਨੂੰ ਬ੍ਰਾਹਮਨਇਜ਼ਮ ਦੇ ਜੂਲੇ ਹੇਠੋਂ ਕੱਢਣ ਲਈ ਕੀ ਫੈਸਲਾ ਕੀਤਾ?

ਗੁਰੂ ਨਾਨਕ ਆਏ, ਉਹਨਾਂ ਨੇ ਮਨੁੱਖਤਾ 'ਤੇ ਹੋ ਰਿਹਾ ਇਹ ਸਾਰਾ ਜ਼ੁਲਮ ਤੇ ਅੰਨਿਆਂ ਅੱਖੀਂ ਵੇਖਿਆ, ਪੜ੍ਹਿਆ ਤੇ ਸੁਣਿਆ ਕਿ ਕਿਸ ਤਰ੍ਹਾਂ ਸੱਚ ਦੀਆਂ ਆਵਾਜ਼ਾਂ ਨੂੰ ਕੁਚਲਿਆ ਗਿਆ। ਗੁਰੂ ਨਾਨਕ ਜੀ ਨੇ ਫੈਸਲਾ ਕੀਤਾ ਕਿ ਮਨੁੱਖਤਾ ਨੂੰ ਇਸ ਬ੍ਰਾਹਮਨਇਜ਼ਮ ਦੇ ਜੂਲ੍ਹੇ ਹੇਠੋਂ ਕੱਢਣ ਲਈ ਹੁਣ ਜ਼ਾਤੀ ਨਹੀਂ ਬਲਕਿ ਇੱਕ ਵੱਡੀ ਜਮਾਤ ਦਾ ਆਗ਼ਾਜ਼ ਕਰਨਾ ਹੋਵੇਗਾ। ਭਾਵੇਂ ਇਸ ਲਈ ਇੱਕ ਨਹੀਂ, ਦਸ ਜਾਮੇ ਧਾਰਨ ਕਰਨੇ ਪੈਣ ਤਾਂ ਕਿ ਇਸ ਲਹਿਰ ਨੂੰ ਬ੍ਰਾਹਮਣ ਕਦੇ ਵੀ ਮਾਰ ਜਾਂ ਵਿਲੀਨ (Merge) ਨਾ ਕਰ ਸਕੇ।

ਬਸ ! ਗੁਰੂ ਨਾਨਕ ਤੋਂ ਗੁਰੂ ਗੋਬਿੰਦ ਸਿੰਘ ਜੀ ਤਕ ਦਸ ਜਾਮਿਆਂ ਰਾਹੀਂ ਸੰਪੂਰਨ ਰੂਪ ਵਿੱਚ ਸਿਰਜੀ ਹੋਈ ਉਸ ਜਮਾਤੀ ਲਹਿਰ ਦਾ ਨਾਂ ਹੈ ਸਿੱਖ, ਸਿੰਘ ਜਾਂ ਖ਼ਾਲਸਾ ਪੰਥ।

ਬੇਸ਼ੱਕ, ਉੱਠੀਆਂ ਇਨਕਲਾਬੀ ਲਹਿਰਾਂ ਦੇ ਆਗੂਆਂ ਦਾ ਜ਼ਾਤੀ ਜੀਵਨ-ਢੰਗ ਕਈ ਥਾਵੇਂ ਗੁਰੂ ਜੀ ਨਾਲ ਮੇਲ ਨਹੀਂ ਖਾਂਦਾ ਸੀ। ਪਰ ਬ੍ਰਾਹਮਨਇਜ਼ਮ ਦੇ ਜ਼ੁਲਮ ਵਿੱਚ

ਪੀੜਿਤ ਮਨੁੱਖਤਾ ਨੂੰ ਆਜ਼ਾਦ ਕਰਾਉਣਾ ਇੱਕ ਸਾਂਝੀ ਕੜੀ ਸੀ। ਇਸ ਲਈ ਬ੍ਰਾਹਮਨਇਜ਼ਮ ਵਿਰੁੱਧ ਟੱਕਰ ਲੈਣ ਲਈ ਪਹਿਲੇ ਇਨਕਲਾਬੀ ਆਗੂਆਂ ਦੀ ਵਿਚਾਰਧਾਰਾ ਨੂੰ ਵੀ ਇਕੱਤਰ ਕੀਤਾ, ਜਿਸਨੂੰ ਗੁਰੂ ਜੀ ਨੇ 'ਭਗਤ ਬਾਣੀ' ਦੇ ਨਾਂ ਹੇਠ ਸਤਿਕਾਰ ਸਹਿਤ ਆਪਣੇ ਨਾਲ ਬਿਠਾਇਆ।

ਗੁਰੂ ਜੀ ਦੀ ਬ੍ਰਾਹਮਨਇਜ਼ਮ ਨੂੰ ਵੰਗਾਰ

ਭਾਵੇਂ ਗੁਰੂ ਜੀ ਨੇ ਜ਼ਾਤੀ ਤੌਰ 'ਤੇ ਬ੍ਰਾਹਮਨਇਜ਼ਮ ਨੂੰ ਉਦੋਂ ਹੀ ਵੰਗਾਰ ਪਾ ਦਿੱਤੀ ਸੀ ਜਦੋਂ ਬ੍ਰਾਹਮਣ ਗੁਰੂ ਜੀ ਨੂੰ ਜਨੇਊ ਪਾਉਣ ਲਈ ਆਇਆ। ਨਾਲ ਹੀ ਗੁਰੂ ਜੀ ਨੇ ਇਹ ਵੀ ਆਖਿਆ :

ਸਲੋਕ ਮ: ੧॥
ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥
ਨਾ ਏਹੁ ਤੁਟੈ ਨਾ ਮਲੁ ਲਗੈ ਨਾ ਏਹੁ ਜਲੈ ਨ ਜਾਇ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥
ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ॥
ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ॥
ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ॥ ੧॥
ਮ: ੧॥
ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ॥
ਲਖ ਠਗੀਆ ਪਹਿਨਾਮੀਆ ਰਾਤਿ ਦਿਨਸੁ ਜੀਅ ਨਾਲਿ॥
ਤਗੁ ਕਪਾਹਹੁ ਕਤੀਐ ਬਾਮ੍ਹਣੁ ਵਟੇ ਆਇ॥
ਕੁਹਿ ਬਕਰਾ ਰਿੰਨ੍ਹਿ ਖਾਇਆ ਸਭੁ ਕੋ ਆਖੈ ਪਾਇ॥
ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ॥
ਨਾਨਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰੁ॥ ੨॥
ਮ: ੧॥
ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ॥
ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ॥ ੩॥
ਮ: ੧॥
ਤਗੁ ਨ ਇੰਦ੍ਰੀ ਤਗੁ ਨ ਨਾਰੀ॥ ਭਲਕੇ ਥੁਕ ਪਵੈ ਨਿਤ ਦਾੜੀ॥
ਤਗੁ ਨ ਪੈਰੀ ਤਗੁ ਨ ਹਥੀ॥ ਤਗੁ ਨ ਜਿਹਵਾ ਤਗੁ ਨ ਅਖੀ॥
ਵੇਤਗਾ ਆਪੇ ਵਤੈ॥ ਵਟਿ ਧਾਗੇ ਅਵਰਾ ਘਤੈ॥
ਲੈ ਭਾੜਿ ਕਰੇ ਵੀਆਹੁ॥ ਕਢਿ ਕਾਗਲੁ ਦਸੇ ਰਾਹੁ॥
ਸੁਣਿ ਵੇਖਹੁ ਲੋਕਾ ਏਹੁ ਵਿਡਾਣੁ॥ ਮਨਿ ਅੰਧਾ ਨਾਉ ਸੁਜਾਣੁ॥ ੪॥

(ਗੁ.ਗ੍ਰੰ.ਸਾ.ਪੰਨਾ 471)

ਅਤੇ ਆਪਣਾ ਇਹ ਇਨਕਲਾਬੀ ਪੰਧ ਮੰਗ ਖਾਣੀ 'ਡੂਮ' ਜਾਤ ਆਖੇ ਜਾਂਦੇ ਭਾਈ ਮਰਦਾਨਾ ਨੂੰ ਨਾਲ ਲੈ ਕੇ ਇੱਕ ਗ਼ਰੀਬ ਕਿਰਤੀ ਭਾਈ ਲਾਲੋ ਦੇ ਘਰ ਤੋਂ ਸ਼ੁਰੂ ਕੀਤਾ ਅਤੇ ਇੱਕ ਆਵਾਜ਼ ਦਿੱਤੀ :

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ।।
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।।
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ।।

(ਗੁ.ਗ੍ਰੰ.ਸਾ.ਪੰਨਾ 15)

ਗੁਰੂ ਜੀ ਨੇ ਬ੍ਰਾਹਮਣ ਦੇ ਇਸ ਭਰਮ ਜਾਲ ਨੂੰ ਕਿਵੇਂ ਤੋੜਿਆ?

ਇਉਂ ਗੁਰੂ ਜੀ ਨੇ ਬ੍ਰਾਹਮਣ ਵੱਲੋਂ ਚਲਾਈ 'ਪਾੜੋ ਅਤੇ ਰਾਜ ਕਰੋ' ਦੀ ਚਾਣਕਯ ਨੀਤੀ ਅਨੁਸਾਰ ਮਨੁੱਖਤਾ ਨੂੰ ਚਾਰ ਵਰਣਾਂ (ਖੱਤਰੀ, ਬ੍ਰਾਹਮਣ, ਸ਼ੂਦਰ, ਵੈਸ਼) ਵਿੱਚ ਵੰਡਣ ਵਾਲੇ ਊਚ-ਨੀਚ ਦੇ ਭੇਦ-ਭਾਵ ਤੇ ਨਫ਼ਰਤ ਨੂੰ ਚੁਣੌਤੀ ਦਿੱਤੀ। ਬ੍ਰਾਹਮਣ ਦੇ ਪ੍ਰਚਾਰ ਕੇਂਦਰ ਤੇ ਤੀਰਥ - ਕੁਰੁਖੇਤਰ, ਹਰਿਦੁਆਰ, ਬਨਾਰਸ, ਜਗੰਨਾਥ-ਪੁਰੀ ਆਦਿ 'ਤੇ ਜਾ ਕੇ ਬ੍ਰਾਹਮਣ ਵੱਲੋਂ ਕਰਮ-ਕਾਂਡ ਦੇ ਫੈਲਾਏ ਹੋਏ ਭਰਮ-ਜਾਲ, ਪੱਥਰਾਂ ਦੀ ਪੂਜਾ, ਸੂਰਜ ਨੂੰ ਪਾਣੀ, ਜੰਡਾਂ ਹੇਠ ਦੀਵੇ, ਪਿਪਲਾਂ ਨੂੰ ਗਾਨੇ ਅਤੇ ਭੋਲੀ-ਭਾਲੀ ਲੁਕਾਈ ਕੋਲੋਂ ਦਾਨ ਦੇ ਬਹਾਨੇ ਧਨ ਇਕੱਠਾ ਕਰਨ ਲਈ ਚੌਵੀ ਇਕਾਦਸ਼ੀਆਂ, ਦੁਆਦਸੀਆਂ, ਤਰੋਦਸ-ਚੌਦਸ, ਬਾਰ੍ਹਾਂ ਮੱਸਿਆ ਤੇ ਪੂਰਨਮਾਸੀਆਂ, ਕੁੰਭ-ਕੁੰਭੀਆਂ ਅਤੇ ਪਤਾ ਨਹੀਂ ਹੋਰ ਕਿੰਨੇ ਕੁ ਦਿਨ ਨਿਸ਼ਚਿਤ ਕਰ ਦਿੱਤੇ ਸਨ ਕਿ ਆਪਣੇ 'ਤੇ ਧਰਮੀ ਹੋਣ ਦੀ ਮੋਹਰ ਲੁਆਉਣ ਲਈ ਕਿਰਤੀ ਮਨੁੱਖ ਸਾਰਾ ਸਾਲ ਹੀ ਆਪਣੀ ਕਿਰਤ ਕਮਾਈ ਬ੍ਰਾਹਮਣ ਦੀ ਭੇਟ ਚੜ੍ਹਾਉਂਦਾ ਰਹੇ। ਗੁਰੂ ਜੀ ਨੇ ਇਸ ਭਰਮ ਜਾਲ ਨੂੰ ਤੋੜਿਆ ਅਤੇ ਮਨੁੱਖਤਾ ਨੂੰ ਸਹਿਜ ਗਿਆਨ ਨਾਲ ਜੋੜਿਆ।

ਇਨਕਲਾਬੀ ਸਿੱਖ ਲਹਿਰ

ਬਸ ! ਬ੍ਰਾਹਮਣਇਜ਼ਮ ਲਈ ਇਹ ਸਭ ਕੁਝ ਅਸਹਿ ਸੀ। ਬੇਸ਼ਕ ਉਸ ਵਕਤ ਰਾਜ ਸੱਤਾ ਮੁਗਲਾਂ ਦੇ ਹੱਥ ਸੀ, ਪਰ ਫਿਰ ਵੀ ਦੀਵਾਨ ਚੰਦੂ ਵਰਗਿਆਂ ਰਾਹੀਂ ਜਹਾਂਗੀਰ ਨੂੰ ਭੜਕਾ ਕੇ ਗੁਰੂ ਅਰਜਨ ਸਾਹਿਬ ਨੂੰ ਸ਼ਹੀਦ ਕਰਾਉਣ ਦੀਆਂ ਚਾਲਾਂ ਜਾਰੀ ਰਹੀਆਂ। ਇੱਕ ਪਾਸੇ ਦਇਆਲੂ ਅਤੇ ਸਾਬਤ ਦਿਲ ਗੁਰੂ ਤੇਗ ਬਹਾਦਰ ਸਾਹਿਬ ਕੋਲੋਂ ਮਦਦ ਮੰਗਣੀ ਅਤੇ ਔਰੰਗਜ਼ੇਬ ਨੂੰ ਕਹਿਣਾ ਕਿ ਗੁਰੂ ਤੇਗ਼ ਬਹਾਦਰ ਸਾਹਿਬ ਸਾਡੇ ਗੁਰੂ ਹਨ, ਜੇ ਉਹਨਾਂ ਨੂੰ ਮੁਸਲਮਾਨ ਬਣਾ ਲਵੇ ਤਾਂ ਸਾਰੇ ਹਿੰਦੂ ਆਪੇ ਹੀ ਮੁਸਲਮਾਨ ਬਣ ਜਾਣਗੇ। ਪਰ ਗੁਰੂ ਸਾਹਿਬ ਦੀ ਸ਼ਹੀਦੀ ਤੋਂ ਬਾਅਦ, ਪੁੱਛਣ 'ਤੇ ਸਿੱਖ ਹੋਣ ਤੋਂ ਇਨਕਾਰੀ ਹੋ ਜਾਣਾ ਅਤੇ ਬਾਈਧਾਰ ਦੇ ਹਿੰਦੂ ਰਾਜਿਆਂ ਨੂੰ ਉਕਸਾ ਕੇ ਗੁਰੂ ਗੋਬਿੰਦ ਸਿੰਘ ਸਾਹਿਬ 'ਤੇ ਹਮਲਾ ਕਰਾਉਣ ਆਦਿ ਸਾਜ਼ਿਸ਼ਾਂ ਚਲਦੀਆਂ ਰਹੀਆਂ।

ਪਰ ਗੁਰੂ ਜੀ ਨੇ ਬਾਣੀ-ਬਾਣੇ ਸਹਿਤ ਸ਼ਸਤਰ-ਧਾਰੀ ਕਰਕੇ ਇਸ ਇਨਕਲਾਬੀ ਸਿੱਖ ਲਹਿਰ ਨੂੰ ਐਨਾ ਮਜ਼ਬੂਤ ਕਰ ਦਿੱਤਾ ਸੀ ਕਿ ਕੋਈ ਹਥਿਆਰ-ਬੰਦ ਸ਼ਕਤੀ, ਸਿਰਾਂ ਦੇ ਮੁੱਲ ਪਾ ਕੇ ਵੀ ਇਸ ਲਹਿਰ ਨੂੰ ਕੁਚਲ ਨਾ ਸਕੀ।

ਦੂਜੇ ਪਾਸੇ ਬ੍ਰਾਹਮਨਇਜ਼ਮ ਦਾ ਇਹ ਹਥਿਆਰ ਕੰਮ ਕਰ ਰਿਹਾ ਸੀ ਕਿ ਨਿਆਰੇ ਗੁਰੂ ਸਿਧਾਂਤ, ਗੁਰੂ ਇਤਿਹਾਸ ਅਤੇ ਸਿੱਖ ਇਤਿਹਾਸ ਵਿੱਚ ਕੁਝ ਮਨ-ਘੜਤ ਸਾਖੀਆਂ ਅਤੇ ਬਾਹਰੀ ਰਚਨਾਵਾਂ ਸ਼ਾਮਿਲ ਕਰਕੇ ਮੁੜ ਉਸੇ ਹੀ ਕਰਮ-ਕਾਂਡ ਦੇ ਪ੍ਰਚਾਰ ਰਾਹੀਂ ਇਸ ਸਿੱਖੀ ਲਹਿਰ ਨੂੰ ਆਪਣੇ ਵਿੱਚ ਵਿਲੀਨ ਕਰ ਲਿਆ ਜਾਵੇ। ਕੌਮ ਦੇ ਭੋਲੇਪਨ ਕਰਕੇ ਅਤੇ ਜੰਗਲਾਂ ਵਿੱਚ ਰਹਿ ਕੇ ਮਨੁੱਖੀ ਆਜ਼ਾਦੀ ਦੀ ਲੜਾਈ ਲੜਦੇ ਹੋਏ ਕਰੀਬ ਡੇਢ ਸੌ ਸਾਲ ਮਿਲ ਗਏ ਬ੍ਰਾਹਮਨਇਜ਼ਮ ਨੂੰ ਇਹ ਸਾਜਿਸ਼ਾਂ ਸਫਲ ਕਰਨ ਲਈ। ਨਤੀਜਾ ਇਹ ਹੋਇਆ ਕਿ ਕਈ ਗ੍ਰੰਥਾਂ ਵਿੱਚ ਤਰ੍ਹਾਂ-ਤਰ੍ਹਾਂ ਦੀਆਂ ਰਚਨਾਵਾਂ ਤੇ ਪੋਥੀਆਂ ਗੁਰੂ-ਇਤਿਹਾਸ ਅਤੇ ਸਿੱਖ-ਇਤਿਹਾਸ ਕਰਕੇ ਪ੍ਰਚਲਿਤ ਹੋ ਗਈਆਂ। ਉਦਾਸੀਆਂ, ਨਿਰਮਲਿਆਂ, ਡੇਰਿਆਂ ਅਤੇ ਬਾਅਦ ਵਿੱਚ ਸਿੱਧੇ-ਸਾਦੇ ਪ੍ਰਚਾਰਕਾਂ ਰਾਹੀਂ ਇਸ ਦਾ ਪ੍ਰਚਾਰ ਹੁੰਦਾ ਰਿਹਾ। ਉਸੇ ਦਾ ਨਤੀਜਾ ਇਹ ਹੋਇਆ ਕਿ ਅੱਜ ਸਿੱਖੀ ਦਾ ਬਹੁਤ ਸਾਰਾ ਹਿੱਸਾ ਮੁੜ ਉਸੇ ਕਰਮ-ਕਾਂਡੀ ਪ੍ਰਭਾਵ ਹੇਠ ਵੇਖਿਆ ਜਾ ਸਕਦਾ ਹੈ।

ਸਿਧਾਂਤ-ਰੂਪ ਗੁਰੂ ਸ਼ਬਦ ਨੂੰ ਜੋਤਾਂ, ਕੁੰਭ, ਨਾਰੀਅਲ ਦੇ ਮੁਥਾਜ ਕੀਤਾ ਜਾ ਰਿਹਾ ਹੈ। ਰਹਿਰਾਸ ਵਿੱਚ

ਤੁਮਹਿ ਛਾਡਿ ਕੋਈ ਅਵਰ ਨਾ ਧਯਾਊਂ।।
ਜੋ ਬਰ ਚਹੋਂ ਸੁ ਤੁਮ ਤੇ ਪਾਊਂ।।

ਸਿੰਘੋ !
ਉੱਠੋ, ਜਾਗੋ,
ਪਛਾਣੋਂ ਤੇ
ਪਛਾੜੋ


ਦੇ ਨਾਲ-ਨਾਲ

ਰਾਮ ਕਥਾ ਜੁਗ ਜੁਗ ਅਟਲ ਸਭ ਕੋ ਭਾਖਤ ਨੇਤ।
ਸੁਰਗ ਬਾਸ ਰਘੁਵਰ ਕਰਾ ਸਗਰੀ ਪੁਰੀ ਸਮੇਤ।
ਜੋ ਇਹ ਕਥਾ ਸੁਣੇ ਅਰ ਗਾਵੈ।
ਦੂਖ ਪਾਪ ਤਿਹ ਨਿਕਟ ਨਾ ਆਵੈ।
ਬਿਸ਼ਨ ਭਗਤ ਕੀ ਇਹ ਫਲ ਹੋਈ।
ਆਧ ਬਿਆਧ ਛੁਵੈ ਸਕੈ ਨਾ ਕੋਈ।

ਪੜ੍ਹ ਕੇ ਆਪਣੀ ਸਿਧਾਂਤਕ ਦੁਬਿਧਾ ਦਾ ਮੁਜ਼ਾਹਰਾ ਕੀਤਾ ਜਾ ਰਿਹਾ ਹੈ। ਸੰਗਰਾਂਦ, ਮੱਸਿਆ ਤੇ ਪੂਰਨਮਾਸ਼ੀਆਂ ਮਨਾਈਆਂ ਜਾ ਰਹੀਆਂ ਹਨ ਅਤੇ ਇਸੇ ਪ੍ਰਭਾਵ ਹੇਠ ਨਾਨਕਸ਼ਾਹੀ ਕੈਲੰਡਰ ਦਾ ਵਿਰੋਧ ਕੀਤਾ ਜਾ ਰਿਹਾ ਹੈ। ਅੱਜ ਬ੍ਰਾਹਮਨਇਜ਼ਮ ਇਸ ਸਿੱਖੀ ਲਹਿਰ ਨੂੰ ਆਪਣੇ ਵਿੱਚ ਅਭੇਦ ਹੁੰਦਾ ਵੇਖ ਕੇ ਪ੍ਰਸੰਨ ਹੈ।

ਸਿੰਘੋ ! ਉੱਠੋ, ਜਾਗੋ ਤੇ ਪਛਾਣੋਂ ਕਿ ਜਿਹੜੇ ਲੋਕ ਬ੍ਰਾਹਮਨਇਜ਼ਮ ਦੀ ਇਸ ਕਰਮ-ਕਾਂਡੀ ਅਮਰ-ਵੇਲ ਦੇ ਪ੍ਰਚਾਰਕ ਬਣ ਕੇ ਸਿੱਖੀ 'ਤੇ ਛਾਏ ਹੋਏ ਹਨ, ਉਹਨਾਂ ਨੂੰ ਪਛਾੜੋ ਅਤੇ ਸਿੱਖੀ ਦਾ ਸਰੂਪ ਤੇ ਸਿਧਾਂਤ ਸੁਰੱਖਿਅਤ ਕਰੋ।

ਏਤੁ ਰਾਹਿ



ਪ੍ਰੋ. ਦਰਸ਼ਨ ਸਿੰਘ ਖ਼ਾਲਸਾ

ਸਿੱਖ ਸੰਪੂਰਨ ਰੂਪ ਵਿੱਚ
ਇੱਕ ਵੱਖਰੀ ਅੱਡਰੀ ਕੌਮ ਹੈ,
ਜਿਸ ਦੀ ਆਪਣੀ ਬੋਲੀ,
ਆਪਣਾ ਸੱਭਿਆਚਾਰ,
ਆਪਣਾ ਇਤਿਹਾਸ,
ਆਪਣਾ ਧਰਮ ਸਿਧਾਂਤ
ਅਤੇ
ਆਪਣੀ ਅੱਡਰੀ ਪਛਾਣ ਹੈ।

ਸਿੱਖ ਹਿੰਦੂ ਨਹੀਂ

ਅਕਸਰ ਹਿੰਦੂ ਵੀਰ ਅਤੇ ਕੁਝ ਭੁੱਲੜ ਸਿੱਖ ਵੀ ਇਹ ਆਖ ਦਿੰਦੇ ਹਨ ਕਿ ਸਿੱਖ ਹਿੰਦੂਆਂ ਵਿੱਚੋਂ ਹੀ ਪੈਦਾ ਹੋਏ ਹਨ, ਇਸ ਲਈ ਹਿੰਦੂ ਹੀ ਹਨ। ਅੱਜ ਕਿਸੇ ਸੋਚੀ-ਸਮਝੀ ਸਾਜਿਸ਼ ਅਧੀਨ ਇਹ ਪ੍ਰਚਾਰ ਬੜੇ ਜ਼ੋਰ-ਸ਼ੋਰ ਨਾਲ ਕੀਤਾ ਜਾ ਰਿਹਾ ਹੈ। ਇਸ ਲਈ ਇਸ ਵਿਸ਼ੇ 'ਤੇ ਕੁਝ ਵਿਚਾਰ ਕਰਨ ਦੀ ਲੋੜ ਹੈ।

ਮੁੱਢਲੀ ਇੱਕ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਜਨਮ ਕਰਕੇ ਕੋਈ ਵੀ ਹਿੰਦੂ, ਮੁਸਲਮਾਨ, ਸਿੱਖ, ਈਸਾਈ, ਪਾਰਸੀ ਜਾਂ ਬੋਧੀ ਆਦਿ ਕੁਝ ਵੀ ਨਹੀਂ ਹੁੰਦਾ। ਪ੍ਰਭੂ ਵੱਲੋਂ ਜਨਮ ਕਰਕੇ ਕੇਵਲ ਮਨੁੱਖ ਪੈਦਾ ਹੁੰਦਾ ਹੈ ਅਤੇ ਬਾਅਦ ਵਿੱਚ ਹੀ

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ,
ਕੋਈ ਬ੍ਰਹਮਚਾਰੀ ਕੋਊ ਜਤੀਅਨ ਮਾਨਬੋ॥
ਹਿੰਦੂ ਤੁਰਕ ਕੋਊ ਰਾਫ਼ਜ਼ੀ ਇਮਾਮ ਸ਼ਾਫੀ,
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥
ਕਰਤਾ ਕਰੀਮ ਸੋਈ ਰਾਜ਼ਕ ਰਹੀਮ ਓਈ,
ਦੂਸਰੋ ਨਾ ਭੇਦ ਕੋਈ ਭੂਲ ਭਰਮ ਮਾਨਬੋ॥
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ,

ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ।।

(ਪਾ. 10)

ਕੀ ਮਨੁੱਖ ਜਨਮ ਕਰਕੇ ਹਿੰਦੂ, ਮੁਸਲਮਾਨ ਜਾਂ ਸਿੱਖ ਹੈ?

ਇਸ ਵਿੱਚ ਕੋਈ ਦੋ ਰਾਇ ਨਹੀਂ ਹਨ ਕਿ ਇਹ ਬਚਨ ਕੇਵਲ ਜਨਮ ਕਰਕੇ 'ਮਾਨਸ ਕੀ ਏਕ ਜੋਤ, ਏਕ ਜਾਤ' ਲਈ ਹੀ ਕੀਤਾ ਗਿਆ ਹੈ। ਕਿਉਂਕਿ ਪ੍ਰਭੂ ਕਿਸੇ ਹਿੰਦੂ, ਸਿੱਖ, ਮੁਸਲਮਾਨ, ਈਸਾਈ ਜਾਂ ਕਿਸੇ ਭਲੇ-ਬੁਰੇ, ਸੰਤ-ਭਗਤ, ਚੋਰ-ਡਾਕੂ ਨੂੰ ਜਨਮ ਨਹੀਂ ਦਿੰਦਾ। ਪ੍ਰਭੂ ਕੇਵਲ ਇੱਕ ਮਨੁੱਖ ਨੂੰ ਜਨਮ ਦਿੰਦਾ ਹੈ ਅਤੇ ਉਸਨੂੰ ਹੱਕ ਦਿੰਦਾ ਹੈ ਕਿ ਹੁਣ ਤੂੰ ਕਰਮ ਘਾਲਣਾ ਕਰਕੇ ਸ਼ੈਤਾਨ ਵੀ ਬਣ ਸਕਦਾ ਹੈ ਅਤੇ ਭਗਵਾਨ ਵੀ ਬਣ ਸਕਦਾ ਹੈ। ਬਸ ! ਕੁਝ ਵੀ ਬਨਣ ਲਈ ਉਸਨੂੰ ਜੀਵਨ ਵਿੱਚ ਕਿਸੇ ਦੀ ਅਗਵਾਈ ਦੀ, ਸੰਗਤ ਦੀ ਲੋੜ ਹੁੰਦੀ ਹੈ।

ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ।।

(ਗੁ.ਗ੍ਰੰ.ਸਾ.ਪੰਨਾ 1369)

ਹਰੇਕ ਦੇ ਮਨ ਵਿੱਚ ਕੁਝ ਬਣਨ ਦੀ ਚਾਹਤ ਹੁੰਦੀ ਹੈ ਅਤੇ ਜਦੋਂ ਇਹ ਇੱਛਾ ਪੈਦਾ ਹੁੰਦੀ ਹੈ ਤਾਂ ਉਹ ਕਿਸੇ ਦੀ ਅਗਵਾਈ ਲੱਭਦਾ ਹੈ। ਸਮੇਂ-ਸਮੇਂ ਨਾਲ ਕਈ ਐਸੇ ਪੁਰਸ਼ ਸੰਸਾਰ 'ਤੇ ਆਉਂਦੇ ਰਹੇ ਅਤੇ ਲੋਕ ਉਹਨਾਂ ਦੀ ਅਗਵਾਈ ਕਬੂਲਦੇ ਰਹੇ।

ਜਿੰਨ੍ਹਾਂ ਨੇ ਹਜ਼ਰਤ ਯੀਸੂ ਮਸੀਹ ਦੀ ਅਗਵਾਈ 'ਤੇ ਵਿਸ਼ਵਾਸ ਕੀਤਾ ਅਤੇ ਉਹਨਾਂ ਦੇ ਬਚਨ ਤੇ ਜੀਵਨ ਸਿਧਾਂਤ ਦੇ ਪ੍ਰਤੀਕ ਪਵਿੱਤਰ ਬਾਈਬਲ ਨੂੰ ਆਪਣਾ ਜੀਵਨ ਆਧਾਰ ਬਣਾਇਆ, ਉਹਨਾਂ ਨੂੰ ਈਸਾਈ ਕਿਹਾ ਜਾਂਦਾ ਹੈ ਅਤੇ ਉਸ ਸੋਚ-ਸਿਧਾਂਤ ਨੂੰ ਈਸਾਈਅਤ ਕਿਹਾ ਜਾਂਦਾ ਹੈ।

ਜਿੰਨ੍ਹਾਂ ਨੇ ਹਜ਼ਰਤ ਮੁਹੰਮਦ ਸਾਹਿਬ ਦੀ ਅਗਵਾਈ ਵਿੱਚ ਭਰੋਸਾ ਰੱਖਿਆ ਅਤੇ ਉਹਨਾਂ ਵੱਲੋਂ ਮਿਲੀਆਂ ਇਲਾਹੀ ਹਦਾਇਤਾਂ ਰੂਪ ਪਵਿੱਤਰ ਗ੍ਰੰਥ ਕੁਰਾਨ ਨੂੰ ਆਪਣਾ ਜੀਵਨ ਆਧਾਰ ਬਣਾਇਆ, ਉਹਨਾਂ ਨੂੰ ਮੁਸਲਮਾਨ ਆਖਿਆ ਗਿਆ ਅਤੇ ਇਸ ਸੋਚ-ਸਿਧਾਂਤ ਨੂੰ ਇਸਲਾਮ ਆਖਿਆ ਗਿਆ।

ਮੁੱਖ ਰੂਪ ਵਿੱਚ ਸਭਨਾ ਦਾ ਇੱਕ ਆਗੂ ਅਤੇ ਉਸ ਵੱਲੋਂ ਦਿੱਤੀ ਵਿਚਾਰਧਾਰਾ ਸਿਧਾਂਤ ਦਾ ਇੱਕ ਮੁੱਖ ਗ੍ਰੰਥ ਉਹਨਾਂ ਦੇ ਜੀਵਨ ਦਾ ਆਧਾਰ ਬਣੇ। ਈਸਾਈਅਤ ਮੁੱਖ ਰੂਪ ਵਿੱਚ ਹਜ਼ਰਤ ਈਸਾ ਅਤੇ ਬਾਈਬਲ ਦੇ ਦੁਆਲੇ ਖੜ੍ਹੀ ਹੈ। ਇਸਲਾਮ ਹਜ਼ਰਤ ਮੁਹੰਮਦ ਸਾਹਿਬ ਅਤੇ ਕੁਰਾਨ ਦੀ ਬੁਨਿਆਦ 'ਤੇ ਤਾਮੀਰ ਹੈ। ਇੱਕ ਹੋਰ ਗੱਲ ਕਿ ਜਨਮ ਤੋਂ ਨਹੀਂ, ਬਲਕਿ ਜਿਉਂ-ਜਿਉਂ ਇਹਨਾਂ ਨੇ ਮਨੁੱਖਤਾ ਲਈ ਘਾਲਣਾ ਘਾਲੀਆਂ, ਲੋਕ ਇਹਨਾਂ ਦੇ ਪੈਰੋਕਾਰ ਬਣਦੇ ਗਏ।

ਪਰ ਹਿੰਦੂਇਜ਼ਮ ਵਿੱਚ ਇੱਕ ਅਜੀਬ ਘਟਨਾ ਵਾਪਰ ਗਈ। ਇੱਕ ਐਸੀ ਸੋਚ-ਸਿਧਾਂਤ ਨੇ ਜਨਮ ਲੈ ਲਿਆ ਕਿ ਬ੍ਰਾਹਮਣ ਦੇ ਘਰ ਵਿੱਚ ਜਨਮ ਲੈਣ ਵਾਲਾ ਹਰੇਕ ਬੱਚਾ ਜਨਮ ਤੋਂ ਹੀ ਬ੍ਰਾਹਮਣ ਦੇਵਤਾ ਹੈ। ਬ੍ਰਾਹਮਣ ਦੀ ਅਗਵਾਈ, ਬ੍ਰਾਹਮਣ ਦੀ ਪੂਜਾ, ਬ੍ਰਾਹਮਣ

ਨੂੰ ਹੀ ਦਾਨ, ਬ੍ਰਾਹਮਣ ਦਾ ਦੱਸਿਆ ਹੋਇਆ ਹੀ ਧਰਮ, ਇੱਥੋਂ ਤਕ ਕਿ ਹਿੰਦੂ ਦੇ ਰੋਜ਼ਾਨਾ ਜੀਵਨ ਦਾ ਹਰੇਕ ਕਰਮ-ਧਰਮ, ਲੈਣ-ਦੇਣ, ਦੁੱਖ-ਸੁੱਖ ਸਭ ਕੁਝ ਬ੍ਰਾਹਮਣ ਦੀ ਮਰਜ਼ੀ 'ਤੇ ਨਿਰਭਰ ਹੋ ਗਿਆ। ਬ੍ਰਾਹਮਣ ਹੌਲੀ-ਹੌਲੀ ਲੋਕਾਂ ਵਿੱਚ ਬ੍ਰਹਮ (ਰੱਬ) ਹੀ ਬਣ ਬੈਠਾ ਜਿਸਦੀ ਮਰਜ਼ੀ ਬਿਨਾ ਕੁਝ ਵੀ ਨਹੀਂ ਹੋ ਸਕਦਾ। ਬ੍ਰਾਹਮਣ ਜੋ ਕੁਝ ਵੀ ਕਰੇ, ਉਸਨੂੰ ਕੋਈ ਦੋਸ਼ ਨਹੀਂ ਲੱਗਦਾ, ਬ੍ਰਾਹਮਣ ਨੂੰ ਕੋਈ ਸਜ਼ਾ ਨਹੀਂ।

ਇਸ ਦਾ ਨਤੀਜਾ ਇਹ ਹੋਇਆ ਕਿ ਹਿੰਦੂ ਦੀ ਅਗਵਾਈ ਕਰਨ ਵਾਲਾ ਕੋਈ ਇੱਕ ਨਾ ਰਿਹਾ, ਬਲਕਿ ਇੱਕ ਬਹੁਤ ਵੱਡੀ ਜਮਾਤ ਹੋ ਗਈ। ਉਹਨਾਂ ਨੇ ਅੱਗੋ ਆਪਣੇ ਨਾਲ ਇੱਕ ਵੱਡਾ ਸ਼ਕਤੀਵਾਨ ਕਾਫ਼ਲਾ ਦੱਸਣ ਲਈ ਵੱਖ-ਵੱਖ ਦੇਵੀ-ਦੇਵਤਿਆਂ ਦੀ ਕਲਪਨਾ ਕਰ ਲਈ ਜਿੰਨ੍ਹਾਂ ਦੀ ਗਿਣਤੀ ਤੇਤੀ ਕ੍ਰੋੜ ਤਕ ਜਾ ਪੁੱਜੀ ਅਤੇ ਅਨੇਕਾਂ ਹੀ ਭਗਵਾਨ ਬਣਾ ਲਏ। ਉਸ ਜਮਾਤ ਵਿੱਚੋਂ ਹੀ ਵੱਖ-ਵੱਖ ਲੋਕਾਂ ਨੇ ਆਪੋ-ਆਪਣੇ ਮੁਆਫ਼ਕ ਆਉਂਦੇ ਵਿਚਾਰਾਂ ਦੇ ਕਈ ਵੱਖ-ਵੱਖ ਗ੍ਰੰਥ ਲਿਖ ਦਿੱਤੇ। ਇਉਂ ਚਾਰ ਵੇਦ, ਛੇ ਸ਼ਾਸਤ੍ਰ, ਅਠ੍ਹਾਰਾਂ ਪੁਰਾਣ, ਸੱਤਾਈ ਸਿਮ੍ਰਤੀਆਂ ਅਤੇ ਅਨੇਕਾਂ ਹੀ ਹੋਰ ਗ੍ਰੰਥ ਹੋਂਦ ਵਿੱਚ ਆਏ। ਇਸ ਤਰ੍ਹਾਂ ਹਿੰਦੂ ਦੇ ਜੀਵਨ ਦੁਆਲੇ ਇੱਕ ਬਹੁਤ ਵੱਡਾ ਜਾਲ ਬੁਣ ਦਿੱਤਾ ਗਿਆ ਜਿਸ ਵਿੱਚ ਹਿੰਦੂਇਜ਼ਮ ਉਲਝ ਕੇ ਰਹਿ ਗਿਆ।

ਇਸ ਵੱਡੇ ਲਾਮ-ਲਸ਼ਕਰ ਦੀ ਸ਼ਕਤੀ ਨਾਲ ਬ੍ਰਾਹਮਣ ਜਮਾਤ ਨੇ ਹਿੰਦੂ ਜੀਵਨ ਦੇ ਹਰ ਪਹਿਲੂ 'ਤੇ ਇੱਕ ਮਜ਼ਬੂਤ ਜਕੜ ਪੈਦਾ ਕਰ ਲਈ। ਵਿੱਦਿਆ ਪੜ੍ਹਨ-ਪੜ੍ਹਾਉਣ ਦਾ ਹੱਕ, ਬ੍ਰਾਹਮਣ ਨੇ ਆਪਣਾ ਕਰਕੇ ਹਿੰਦੂ ਨੂੰ ਬੇ-ਜ਼ੁਬਾਨ ਪੱਥਰ-ਪੂਜਾ ਵਿੱਚ ਲਾ ਕੇ ਬੇ-ਜ਼ੁਬਾਨ ਕਰ ਦਿੱਤਾ ਅਤੇ ਬ੍ਰਾਹਮਣ ਨੇ ਇਸ ਸ਼ਕਤੀ ਦਾ ਨਜਾਇਜ਼ ਫਾਇਦਾ ਉਠਾਉਂਦਿਆਂ ਆਪਣੇ ਸ਼ੌਕ ਲਈ ਅਨੇਕਾਂ ਵਿਕਾਰਾਂ-ਵਿਭਚਾਰਾਂ ਨੂੰ ਧਰਮ ਦੇ ਨਾਂ ਹੇਠ ਆਪਣੇ ਲਈ ਰਾਖਵਾਂ ਕਰ ਲਿਆ, ਜਿਸ ਤੋਂ ਮੰਦਿਰਾਂ ਵਿੱਚ ਨਸ਼ਿਆਂ ਦਾ ਸੇਵਨ ਅਤੇ ਦੇਵ-ਦਾਸੀਆਂ ਦੀ ਪ੍ਰਥਾ ਨੇ ਜਨਮ ਲਿਆ। ਇੱਥੋਂ ਤਕ ਕਿ ਜਿਸ ਔਰਤ ਦੇ ਘਰ ਆਪਣੇ ਪਤੀ ਤੋਂ ਸੰਤਾਨ ਨਾ ਹੋਵੇ ਜਾਂ ਉਸਦਾ ਪਤੀ ਮਰ ਜਾਵੇ, ਜੇਕਰ ਉਹ ਔਰਤ ਸੰਤਾਨ ਚਾਹੇ ਤਾਂ ਬ੍ਰਾਹਮਣ ਨਾਲ ਸਬੰਧ ਕਾਇਮ ਕਰਕੇ ਸੰਤਾਨ ਪੈਦਾ ਕਰ ਸਕਦੀ ਹੈ, ਉਹ ਗੁਨਾਹ ਨਹੀਂ ਹੈ ਬਲਕਿ ਉਹ ਸੰਤਾਨ ਮਹਾਨ ਹੈ। ਸਾਖੀ ਮੁਤਾਬਿਕ ਕੌਰਵਾਂ, ਪਾਂਡਵਾਂ ਅਤੇ ਬਿਦਰ ਨੂੰ ਵੀ ਐਸੀ ਸੰਤਾਨ ਹੀ ਲਿਖਿਆ ਹੈ ਅਤੇ ਅਨੇਕਾਂ ਹੋਰ ਐਸੀਆਂ ਉਦਾਹਰਣਾਂ ਹਨ ਜਿੰਨ੍ਹਾਂ ਨੂੰ ਲਿਖਣ ਤੋਂ ਸੰਕੋਚ ਹੀ ਠੀਕ ਹੈ। ਬ੍ਰਾਹਮਣ ਨੇ ਆਪਣੇ ਵਿਕਾਰਾਂ ਦੀ ਪ੍ਰਮਾਣਿਕਤਾ (Justification) ਲਈ ਮੁੱਢਲੇ ਦੇਵਤਾ - ਬ੍ਰਹਮਾ, ਇੰਦਰ ਅਤੇ ਸੂਰਜ ਆਦਿ ਅਨੇਕਾਂ ਦੇਵੀ-ਦੇਵਤਿਆਂ ਨੂੰ ਵੀ ਆਪਣੀਆਂ ਪਤਨੀਆਂ ਅਤੇ ਅਪਸਰਾਂ ਆਦਿ ਦੇ ਹੁੰਦਿਆਂ ਨਾਜਾਇਜ਼ ਥਾਵੇਂ ਵਿਸ਼ੇ-ਵਿਕਾਰਾਂ ਵਿੱਚ ਗ੍ਰਸਿਆ ਲਿਖਿਆ ਹੈ। ਅੱਜ ਤਕ ਵੀ ਦੁਰਗਾ ਪੂਜਾ ਦੇ ਦਿਹਾੜੇ ਵੇਸਵਾ ਦੇ ਘਰ ਤੋਂ ਮਿੱਟੀ ਲਿਆ ਕੇ ਦੁਰਗਾ ਦੇਵੀ ਦੀ ਮੂਰਤੀ ਬਣਦੀ ਹੈ, ਤੇ ਤਾਂ ਹੀ ਦੁਰਗਾ ਪੂਜਨ ਹੁੰਦਾ ਹੈ। ਇਹ ਸਭ ਕੁਝ ਗੁਰੂ ਨਾਨਕ ਨੇ ਵੇਖਿਆ, ਪੜ੍ਹਿਆ ਤੇ ਸੁਣਿਆ। ਇਸੇ ਲਈ ਹਿੰਦੂ ਦੇ ਘਰ

ਜਨਮ ਲੈਣ 'ਤੇ ਵੀ ਹਿੰਦੂ ਨਾ ਬਣਨ ਦਾ ਫੈਸਲਾ ਕਰ ਲਿਆ।

ਕੀ ਗੁਰੂ ਨਾਨਕ ਜਨਮ ਕਰਕੇ ਹਿੰਦੂ ਸਨ?

ਜਿਸ ਤਰ੍ਹਾਂ ਉੱਤੇ ਜ਼ਿਕਰ ਕੀਤਾ ਹੈ ਕਿ ਕਿਸੇ ਦੇ ਘਰ ਵੀ ਜਨਮ ਲੈਣ ਨਾਲ ਕੋਈ ਹਿੰਦੂ, ਮੁਸਲਮਾਨ, ਸਿੱਖ ਜਾਂ ਈਸਾਈ ਨਹੀਂ ਹੈ। ਜਨਮ ਕਰਕੇ ਕੇਵਲ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਹੀ ਹੈ। ਇਸ ਲਈ ਨਾਨਕ ਵੀ ਹਿੰਦੂ ਦੇ ਘਰ ਜਨਮ ਲੈਣ ਕਰਕੇ ਹੀ ਹਿੰਦੂ ਨਹੀਂ ਹੋ ਸਕਦੇ। ਹਾਂ! ਜਿਸ ਦਿਨ ਬ੍ਰਾਹਮਣ ਦੀ ਅਗਵਾਈ ਅਤੇ ਸੰਗਤ ਨਾਲ ਨਾਨਕ ਨੂੰ ਹਿੰਦੂ ਬਣਾਉਣ ਦਾ ਜਤਨ ਕੀਤਾ ਗਿਆ, ਬ੍ਰਾਹਮਣ ਹਿੰਦੂ ਦਾ ਚਿੰਨ੍ਹ ਜਨੇਊ ਪੁਆ ਕੇ ਨਾਨਕ ਨੂੰ ਹਿੰਦੂ ਬਣਾਉਣ ਆਇਆ ਤਾਂ ਨਾਨਕ ਨੇ ਸਾਫ ਇਨਕਾਰ ਕਰ ਦਿੱਤਾ ਕਿ ਹੇ ਬ੍ਰਾਹਮਣ! ਨਾ ਮੈਨੂੰ ਤੇਰੇ ਜਨੇਊ 'ਤੇ ਵਿਸ਼ਵਾਸ ਹੈ ਅਤੇ ਨਾ ਮੈਂ ਹਿੰਦੂ ਬਣਨਾ ਹੈ।

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥
ਨਾ ਏਹੁ ਤੁਟੈ ਨਾ ਮਲੁ ਲਗੈ ਨਾ ਏਹੁ ਜਲੈ ਨ ਜਾਇ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥

(ਗੁ.ਗ੍ਰੰ.ਸਾ.ਪੰਨਾ 471)

ਮ: ੧॥
ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ॥
ਨਾਰਦਿ ਕਹਿਆ ਸਿ ਪੂਜ ਕਰਾਂਹੀ॥
ਅੰਧੇ ਗੁੰਗੇ ਅੰਧ ਅੰਧਾਰੁ॥
ਪਾਥਰੁ ਲੇ ਪੂਜਹਿ ਮੁਗਧ ਗਵਾਰ॥
ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ॥ ੨॥

(ਗੁ.ਗ੍ਰੰ.ਸਾ.ਪੰਨਾ 556)

ਇਉਂ ਗੁਰੂ ਨਾਨਕ ਜਨਮ ਕਰਕੇ ਜਾਂ ਕਰਮ ਕਰਕੇ ਕਦੇ ਹਿੰਦੂ ਹੈ ਹੀ ਨਹੀਂ ਸੀ।

ਸਿੱਖ ਦਾ ਜਨਮ ਕਿੱਥੋਂ ਹੋਇਆ?

ਸਿੱਖੀ ਦਾ ਪਿਤਾਮਾ ਗੁਰੂ ਨਾਨਕ ਹੈ, ਗੁਰੂ ਨਾਨਕ ਤੋਂ ਹੀ ਸਿੱਖੀ ਨੇ ਜਨਮ ਲਿਆ ਹੈ। ਇਸ ਲਈ ਸਿੱਖ ਜਾਂ ਸਿੱਖੀ ਦਾ ਜਨਮ ਹਿੰਦੂ ਤੋਂ ਨਹੀਂ ਹੋਇਆ, ਬਲਕਿ ਗੁਰੂ ਨਾਨਕ ਤੋਂ ਹੋਇਆ ਹੈ ਜਿਹੜਾ ਹਿੰਦੂ ਨਹੀਂ ਸੀ। ਸੋ, ਗੁਰੂ ਨਾਨਕ ਨੂੰ ਜਾਂ ਗੁਰੂ ਨਾਨਕ ਦੇ ਸਿੱਖ ਨੂੰ ਹਿੰਦੂ ਜਾਂ ਹਿੰਦੂ ਤੋਂ ਪੈਦਾ ਹੋਇਆ ਆਖਣਾ ਹੀ ਬਿਲਕੁਲ ਗ਼ਲਤ ਹੈ। ਗੁਰੂ ਨਾਨਕ ਦੀ ਸਿੱਖੀ ਦਾ ਹਰ ਪਹਿਲੂ ਹਿੰਦੂਇਜ਼ਮ ਤੋਂ ਨਿਆਰਾ ਤੇ ਅੱਡਰਾ ਹੈ।

ਸਿੱਖ ਅਤੇ ਹਿੰਦੂ ਦੇ ਅੱਡਰੇਪਨ ਦੇ ਕੁਝ ਉਦਾਹਰਣ :

ਸਿੱਖ	ਹਿੰਦੂ
* ਸਿੱਖ ਕੇਵਲ ਇੱਕ ਅਕਾਲ ਪੁਰਖ ਨੂੰ ਮੰਨਦਾ ਹੈ।	* ਹਿੰਦੂ ਤੇਤੀਂ ਕ੍ਰੋੜ ਦੇਵੀ-ਦੇਵਤਾ ਅਤੇ ਕਈ ਭਗਵਾਨਾਂ ਨੂੰ ਮੰਨਦਾ ਹੈ।
* ਸਿੱਖ ਲਈ ਮੂਰਤੀ ਪੂਜਾ ਮਨ੍ਹਾ ਹੈ।	* ਹਿੰਦੂ ਪੱਥਰ ਦੀ ਮੂਰਤੀ ਦਾ ਪੁਜਾਰੀ ਹੈ।
* ਸਿੱਖ ਥਾਲ ਵਿੱਚ ਦੀਵੇ ਆਦਿ ਸਮੱਗਰੀ ਰੱਖ ਕੇ ਆਰਤੀ ਨਹੀਂ ਕਰਦਾ।	* ਹਿੰਦੂ ਥਾਲ ਵਿੱਚ ਦੀਵੇ ਜਗਾ ਕੇ ਮੂਰਤੀਆਂ ਅੱਗੇ ਆਰਤੀ ਕਰਦਾ ਹੈ।
* ਸਿੱਖਾਂ ਦੇ ਗੁਰਦੁਆਰਿਆਂ ਵਿੱਚ ਕੇਵਲ ਤੇ ਕੇਵਲ ਗੁਰੂ ਸ਼ਬਦ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੀ ਪ੍ਰਕਾਸ਼ ਹੁੰਦਾ ਹੈ।	* ਹਿੰਦੂ ਦੇ ਵੱਖ-ਵੱਖ ਮੰਦਿਰਾਂ ਵਿੱਚ ਸੀਤਾ-ਰਾਮ, ਰਾਧੇ-ਕ੍ਰਿਸ਼ਨ, ਹਨੂਮਾਨ, ਗਣੇਸ਼ ਆਦਿ ਕਈ ਦੇਵੀ-ਦੇਵਤਿਆਂ ਦੀ ਮੂਰਤੀਆਂ ਸਥਾਪਿਤ ਹੁੰਦੀਆਂ ਹਨ।
* ਸਿੱਖ ਮੁੱਖ ਰੂਪ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਗੁਰੂ ਇਤਿਹਾਸ ਤੋਂ ਹੀ ਜੀਵਨ ਦੀ ਅਗਵਾਈ ਲੈਂਦਾ ਹੈ।	* ਹਿੰਦੂ ਵੀਰਾਂ ਦੀ ਜੀਵਨ ਜੁਗਤ ਵਿੱਚ ਵੱਖ-ਵੱਖ ਸਮੇਂ ਕਈ ਵੱਖ-ਵੱਖ ਗ੍ਰੰਥਾਂ ਦੇ ਸਲੋਕ ਸਬੰਧਿਤ ਹਨ।
* ਸਿੱਖਾਂ ਦੇ ਘਰ ਜਨਮ, ਵਿਆਹ, ਮੌਤ ਅਤੇ ਦੁੱਖ-ਸੁੱਖ ਸਮੇਂ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਹੀ ਪਾਠ ਤੇ ਕੀਰਤਨ ਹੁੰਦਾ ਹੈ।	* ਹਿੰਦੂ ਵੀਰਾਂ ਦੇ ਘਰ ਜਨਮ, ਵਿਆਹ, ਮੌਤ ਅਤੇ ਦੁੱਖ-ਸੁੱਖ ਸਮੇਂ ਹੋਰ ਗ੍ਰੰਥਾਂ ਦੇ ਸਲੋਕ ਪੜ੍ਹੇ ਜਾਂਦੇ ਹਨ ਜੋ ਸਿੱਖਾਂ ਨਾਲ ਮੇਲ ਨਹੀਂ ਖਾਂਦੇ।
* ਸਿੱਖ ਮਰਯਾਦਾ ਵਿੱਚ ਵਿਆਹ ਚਾਰ ਲਾਵਾਂ ਨਾਲ ਸੰਪੂਰਨ ਹੁੰਦਾ ਹੈ।	* ਹਿੰਦੂ ਰਸਮ ਵਿੱਚ ਵਿਆਹ ਸਤ ਲਾਵਾਂ ਨਾਲ ਹੀ ਸੰਪੂਰਨ ਹੁੰਦਾ ਹੈ।
* ਸਿੱਖ ਦੇ ਘਰ ਜਨਮ ਲੈਣ ਵਾਲੇ ਬੱਚੇ ਦੇ ਕੇਸ ਗੁੰਧਣ ਦੀ ਰਸਮ ਹੁੰਦੀ ਹੈ।	* ਹਿੰਦੂ ਦੇ ਬੱਚੇ ਦੇ ਕੇਸ ਮੁੰਡਨ ਦੀ ਰਸਮ ਹੁੰਦੀ ਹੈ।
* ਸਿੱਖ ਦੇ ਬੱਚੇ ਦੀ ਗੁਰੂ ਦੀ ਹਜ਼ੂਰੀ ਵਿੱਚ ਦਸਤਾਰ ਸਜਾਉਣ ਦੀ ਰਸਮ ਹੁੰਦੀ ਹੈ।	* ਹਿੰਦੂ ਵੀਰਾਂ ਦੇ ਬੱਚਿਆਂ ਦੀ ਐਸੀ ਕੋਈ ਰਸਮ ਨਹੀਂ ਹੈ।

* ਸਿੱਖ ਕਿਸੇ ਗ੍ਰੰਥੀ ਜਾਂ ਪੰਡਿਤ ਕੋਲੋਂ ਵਿਆਹ ਜਾਂ ਹੋਰ ਕਿਸੇ ਕਾਰਜ ਲਈ ਕੋਈ ਮਹੂਰਤ ਨਹੀਂ ਕਢਾਇਆ ਜਾਂਦਾ।
* ਸਿੱਖ ਬਣਨ ਲਈ ਕੇਸਾਧਾਰੀ ਹੋ, ਬਾਣੀ ਨਾਲ ਜੁੜ ਕੇ, ਅੰਮ੍ਰਿਤਧਾਰੀ ਸਿੰਘ ਹੋ ਬਾਣੀ ਦਾ ਅਭਿਆਸੀ ਹੋਣਾ ਹੈ।
* ਸਿੱਖ ਸਿਧਾਂਤ ਵਿੱਚ ਜਾਤ-ਪਾਤ ਦਾ ਕੋਈ ਭਿੰਨ-ਭੇਦ ਨਹੀਂ ਹੈ, ਹਰੇਕ ਜੀਵ ਜਨਮ ਕਰਕੇ ਇੱਕ ਸਮਾਨ ਹੈ।
* ਸਿੱਖਾਂ ਦੇ ਨਨਕਾਣਾ ਸਾਹਿਬ, ਪੰਜਾ ਸਾਹਿਬ ਤੋਂ ਲੈ ਕੇ ਦਰਬਾਰ ਸਾਹਿਬ ਅੰਮ੍ਰਿਤਸਰ, ਪੰਜ ਤਖ਼ਤ ਆਦਿ ਬਹੁਤ ਸਾਰੇ ਇਤਿਹਾਸਿਕ ਧਰਮ ਅਸਥਾਨ ਹਨ।
* ਸਿੱਖਾਂ ਦੇ ਹਰੇਕ ਧਰਮ ਅਸਥਾਨ 'ਤੇ ਜਾਤ-ਪਾਤ, ਰੰਗ-ਨਸਲ, ਧਰਮ-ਮਜ਼ਹਬ ਦੇ ਕਿਸੇ ਵੀ ਭਿੰਨ-ਭੇਦ ਤੋਂ ਰਹਿਤ ਮਨੁੱਖ ਮਾਤਰ ਲਈ ਸੰਗਤ ਅਤੇ ਪੰਗਤ ਸਾਂਝੀ ਹੈ।
* ਸਿੱਖਾਂ ਦੇ ਗੁਰਦੁਆਰਿਆਂ ਦੀ ਇਮਾਰਤੀ ਬਣਤਰ ਵੀ ਵੱਖਰੀ ਹੈ, ਗੁਰਦੁਆਰਿਆਂ ਦੇ ਗੁੰਬਦ ਹਮੇਸ਼ਾ ਗੋਲ ਰਹਿਣਗੇ।
* ਸਿੱਖ ਧਰਮ ਅਸਥਾਨਾਂ ਦੇ ਨਿਸ਼ਾਨ ਸਾਹਿਬ ਦਾ ਰੰਗ ਹਮੇਸ਼ਾ ਕੇਸਰੀ ਜਾਂ ਨੀਲਾ ਹੁੰਦਾ ਹੈ।

* ਹਿੰਦੂ ਵੀਰ ਅਕਸਰ ਜੀਵਨ ਦੇ ਬਹੁਤੇ ਕਾਰਜ ਪੰਡਿਤ ਕੋਲੋਂ ਮਹੂਰਤ ਕਢਾ ਕੇ ਉਸ ਅਨੁਸਾਰ ਹੀ ਕਰਦੇ ਹਨ।
* ਹਿੰਦੂ ਬਣਨ ਲਈ ਬ੍ਰਾਹਮਣ ਦੇ ਹੱਥੋਂ ਜਨੇਊ ਪਾਉਣ ਦੀ ਰਸਮ ਕੀਤੀ ਜਾਂਦੀ ਹੈ।
* ਹਿੰਦੂ ਸਿਧਾਂਤ ਨੇ ਮਨੁੱਖਤਾ ਨੂੰ ਚਾਰ ਵਰਣਾਂ ਵਿੱਚ ਵੰਡਿਆ ਹੈ ਅਤੇ ਕਈਆਂ ਨੂੰ ਅਛੂਤ ਕਿਹਾ ਜਾਂਦਾ ਹੈ।
* ਹਿੰਦੂ ਵੀਰਾਂ ਦੇ ਜਗੰਨਾਥ ਪੁਰੀ, ਸੋਮਨਾਥ, ਬਲਕੇਸ਼ੁਰ, ਅਮਰਨਾਥ, ਬਨਾਰਸ, ਕਾਂਸ਼ੀ ਆਦਿ ਅਨੇਕਾਂ ਇਤਿਹਾਸਿਕ ਧਰਮ ਅਸਥਾਨ ਵੱਖ ਹਨ।
* ਹਿੰਦੂ ਦੇ ਕਈ ਥਾਂ ਐਸੇ ਮੰਦਿਰ ਹਨ ਜਿੱਥੇ ਕਿ ਹਿੰਦੂ ਤੋਂ ਬਿਨਾ ਕੋਈ ਦੂਜੇ ਧਰਮ ਦਾ ਮਨੁੱਖ ਅਤੇ ਅਛੂਤ ਪੂਜਾ ਤਾਂ ਕਿਤੇ ਦੂਰ ਰਹੀ, ਪ੍ਰਵੇਸ਼ ਵੀ ਨਹੀਂ ਕਰ ਸਕਦਾ।
* ਹਿੰਦੂ ਮੰਦਿਰਾਂ ਦੀ ਇਮਾਰਤੀ ਬਣਤਰ ਵਿੱਚ ਮੰਦਿਰ ਦੇ ਗੁੰਬਦ ਹਮੇਸ਼ਾ ਉਪਰ ਨੂੰ ਲੰਮੇ ਹੋਣਗੇ।
* ਹਿੰਦੂ ਮੰਦਿਰਾਂ ਦਾ ਝੰਡਾ ਲਾਲ ਜਾਂ ਭਗਵੇ ਰੰਗ ਦਾ ਹੁੰਦਾ ਹੈ।

ਐਸਾ ਬਹੁਤ ਕੁਝ ਹੋਰ ਵੀ ਹਿੰਦੂ ਨਾਲੋਂ ਸਿੱਖਾਂ ਦਾ ਨਿਆਰਾ ਹੈ। ਇਸ ਲਈ ਸਿੱਖ ਨੂੰ ਹਿੰਦੂ ਕਹਿਣਾ ਇੱਕ ਵੱਡੀ ਸਾਜਿਸ਼ ਜਾਂ ਵੱਡੀ ਗ਼ਲਤੀ ਹੈ। ਇਸ ਸਭ ਕੁਝ ਨੂੰ ਸਮਝ ਕੇ ਹਰ ਕਿਸੇ ਨੂੰ ਮੰਨ ਲੈਣਾ ਚਾਹੀਦਾ ਹੈ ਕਿ ਸਿੱਖ ਸੰਪੂਰਨ ਰੂਪ ਵਿਚ ਇੱਕ ਵੱਖਰੀ ਅੱਡਰੀ ਕੌਮ ਹੈ, ਜਿੰਨ੍ਹਾਂ ਦੀ ਆਪਣੀ ਬੋਲੀ, ਆਪਣਾ ਸੱਭਿਆਚਾਰ (Culture), ਆਪਣਾ ਇਤਿਹਾਸ, ਆਪਣਾ ਧਰਮ ਸਿਧਾਂਤ ਅਤੇ ਆਪਣੀ ਅੱਡਰੀ ਪਛਾਣ ਹੈ।

ਹਾਂ ! ਸਿੱਖ ਗੁਰੂ ਵੱਲੋਂ ਬਖਸ਼ੀ ਮਾਨਵਵਾਦੀ ਸੋਚ ਦਾ ਪਹਿਰੇਦਾਰ ਹੋਣ ਕਰਕੇ ਮਨੁੱਖੀ ਭਾਈਚਾਰੇ ਵਜੋਂ ਹਿੰਦੂ ਵੀਰਾਂ ਸਮੇਤ ਹਰੇਕ ਨਾਲ ਪਿਆਰ ਕਰਦਾ ਹੈ ਅਤੇ ਹਰ ਕਿਸੇ ਦੇ ਦੁੱਖ ਸਮੇਂ ਆਪਣੀ ਜਾਨ ਵਾਰ ਕੇ ਵੀ ਸਰਬੱਤ ਦਾ ਭਲਾ ਮੰਗਣਾ, ਸਿੱਖ ਦਾ ਸਿੱਖੀ ਸਿਧਾਂਤ ਹੈ। ਪਰ ਸਿੱਖ ਸਿੱਖ ਹੈ, ਹਿੰਦੂ ਨਹੀਂ ਹੈ।

ਸਿੱਖ ਸਿੱਖ ਹੈ, ਹਿੰਦੂ ਨਹੀਂ ਹੈ।

☬

☬

ਅੱਜ ਪਰਖ ਹੋਣੀ ਹੈ ਕਿ
ਕੀ ਅਸੀਂ ਗੁਰੂ ਦੇ
ਆਪਣੇ ਪਿਆਰੇ ਸਰੂਪ
ਅਤੇ
ਸਿੱਖੀ ਦੀ ਪਛਾਣ ਨੂੰ
ਸੁਰੱਖਿਅਤ ਰੱਖਣ ਲਈ ਵੀ
ਕੁਝ ਕਰ ਸਕਦੇ ਹਾਂ?

☬

ਪਰਖ ਦਾ ਸਮਾਂ

ਜਿਹੜੇ ਵੀਰ ਸਿੰਧੀ ਜਾਂ ਸਹਿਜਧਾਰੀ ਪਰਿਵਾਰਾਂ ਵਿੱਚੋਂ, ਜਾਂ ਸਿੱਖ ਪਰਿਵਾਰਾਂ ਵਿੱਚ ਜਨਮ ਲੈ ਕੇ ਗ਼ੈਰ-ਕੇਸਾਧਾਰੀ (ਕੇਸ ਕਟਵਾ ਕੇ) ਸਿੱਖ ਅਖਵਾਉਂਦੇ ਹਨ, ਮੈਨੂੰ ਉਹਨਾਂ ਦੇ ਸ਼ਰਧਾ ਤੇ ਪਿਆਰ 'ਤੇ ਕੋਈ ਸ਼ੱਕ ਨਹੀਂ। ਲੋੜ ਪੈਣ 'ਤੇ ਉਹ ਗੁਰੂ ਘਰ ਦੀ ਸੇਵਾ ਵੱਧ-ਚੜ੍ਹ ਕੇ ਕਰਦੇ ਹਨ, ਬਹੁਤ ਚੰਗੇ ਉੱਚੇ ਜੀਵਨ ਵਾਲੇ ਵੀ ਹਨ।

ਮੈਂ ਉਨ੍ਹਾਂ ਨੂੰ ਬੇਨਤੀ ਕਰਦਾ ਹਾਂ ਕਿ ਵੀਰੋ ! ਤੁਹਾਡੇ ਅੰਦਰ ਦੇ ਗੁਰੂ ਪਿਆਰ ਦੀ ਪਰਖ ਦਾ ਸਮਾਂ ਆਇਆ ਹੈ। ਅੱਜ ਪਰਖ ਹੋਣੀ ਹੈ ਕਿ ਕੀ ਅਸੀਂ ਗੁਰੂ ਦੇ ਆਪਣੇ ਪਿਆਰੇ ਸਰੂਪ ਅਤੇ ਸਿੱਖੀ ਦੀ ਪਛਾਣ ਨੂੰ ਸੁਰੱਖਿਅਤ ਰੱਖਣ ਲਈ ਵੀ ਕੁਝ ਕਰ ਸਕਦੇ ਹਾਂ ?

ਜਦੋਂ ਅੱਜ ਜਨ-ਸੰਘ, ਆਰ.ਐਸ.ਐਸ. ਅਤੇ ਰਾਸ਼ਟ੍ਰੀਯ ਸਿੱਖ ਸੰਗਤ ਦੇ ਨਾਮ ਹੇਠ ਕੁਝ ਅਕ੍ਰਿਤਘਣ ਸੋਚ ਵਾਲੇ ਲੋਕ ਸਿੱਖੀ ਦੀ ਪਛਾਣ ਖ਼ਤਮ ਕਰਨ 'ਤੇ ਤੁਲੇ ਹੋਏ ਹਨ ਅਤੇ ਤੁਹਾਡਾ ਲਾਭ ਉਠਾਉਂਦਿਆਂ ਗ਼ੈਰ-ਕੇਸਾਧਾਰੀ ਹਿੰਦੂ ਆਪਣੇ ਨਾਲ 'ਸਹਿਜਧਾਰੀ ਸਿੱਖ' ਸ਼ਬਦ ਜੋੜ ਕੇ ਜਿੱਥੇ ਸਿੱਖੀ ਪਛਾਣ ਨੂੰ ਤਬਾਹ ਕਰ ਰਿਹਾ ਹੈ, ਉੱਥੇ ਗੁਰਸਿੱਖੀ ਪ੍ਰਚਾਰ-ਪ੍ਰਸਾਰ ਦਾ ਸਾਧਨ ਗੁਰਦੁਆਰਾ ਪ੍ਰਬੰਧ ਵਿੱਚ ਕੁਝ ਜਨਸੰਘੀ ਹਿੰਦੂ, ਸਹਿਜਧਾਰੀ ਨਾਂ ਹੇਠ ਪਹਿਲੇ ਵੋਟਰ, ਫਿਰ ਕੈਂਡੀਡੇਟ ਅਤੇ ਫਿਰ ਪ੍ਰਬੰਧਕ ਬਣ ਕੇ ਗੁਰਮਤਿ ਸਿਧਾਂਤ ਨੂੰ ਜੜ੍ਹੋਂ ਖੋਖਲਾ ਕਰ ਸਿੱਖੀ ਦਾ ਨਾਮੋ-ਨਿਸ਼ਾਨ ਮਿਟਾ ਦੇਣਾ ਚਾਹੁੰਦਾ ਹੈ। 1996 ਵਿੱਚ ਸ਼੍ਰੋਮਣੀ ਗੁਰਦੁਆਰਾ


ਪਰਖ
ਦਾ ਸਮਾਂ

ਪ੍ਰਬੰਧਕ ਕਮੇਟੀ ਦੀਆਂ ਇਲੈਕਸ਼ਨਾਂ ਸਮੇਂ ਇਸੇ ਸਾਜਿਸ਼ ਅਧੀਨ ਪੰਜਾਬ ਵਿੱਚ ਲੱਖਾਂ ਹਿੰਦੂ 'ਸਹਿਜਧਾਰੀ' ਨਾਂ ਹੇਠ ਵੋਟਰ ਬਣਾਏ ਗਏ।

'ਸਹਿਜਧਾਰੀ' ਨਾਂ ਹੇਠ ਵੋਟਰ

ਸੋ, ਗੁਰੂ ਪਿਆਰ ਵਾਲਿਓ ! ਜੇ ਤੁਹਾਡੇ ਦਰਵਾਜ਼ਿਓਂ ਲੰਘ ਕੇ ਕੋਈ ਸਿੱਖੀ ਦਾ ਘਾਤ ਕਰੇ ਤਾਂ ਤੁਹਾਡਾ ਫਰਜ਼ ਬਣਦਾ ਹੈ ਕਿ ਸਿੱਖੀ ਪਿਆਰ ਦਾ ਸਬੂਤ ਦਿੰਦਿਆਂ ਇਹ ਦਰਵਾਜ਼ਾ ਬੰਦ ਕਰਨ ਲਈ ਤੁਸੀਂ ਆਪ ਸੰਪੂਰਨ ਕੇਸਾਧਾਰੀ ਸਿੱਖ ਬਣੋ ਅਤੇ ਆਵਾਜ਼ ਬੁਲੰਦ ਕਰੋ ਕਿ ਕੋਈ ਗ਼ੈਰ-ਕੇਸਾਧਾਰੀ ਗੁਰਦੁਆਰਾ ਪ੍ਰਬੰਧ ਵਿੱਚ ਵੋਟਰ ਨਹੀਂ ਹੋ ਸਕਦਾ। ਯਾਦ ਰੱਖੋ ਕਿ ਜੇ ਅੱਜ ਸੁਚੇਤ ਹੋ ਕੇ ਅਸੀਂ ਸਿੱਖੀ ਸਰੂਪ ਅਤੇ ਸਿਧਾਂਤ ਨੂੰ ਸੁਰੱਖਿਅਤ ਨਾ ਰੱਖਿਆ ਤਾਂ ਗੁਰੂ ਅੱਗੇ ਦੇਣ-ਦਾਰ ਹੋਵਾਂਗੇ।

☬


ਏਤੁ ਰਾਹਿ
ਪ੍ਰੋ. ਦਰਸ਼ਨ ਸਿੰਘ ਖ਼ਾਲਸਾ

☬

ਕਬੀਰ ਸੂਤਾ ਕਿਆ ਕਰਹਿ ਜਾਗੁ ਰੋਇ ਭੈ ਦੁਖ॥
ਜਾ ਕਾ ਬਾਸਾ ਗੋਰ ਮਹਿ ਸੋ ਕਿਉ ਸੋਵੈ ਸੁਖ॥

(ਗੁ.ਗ੍ਰੰ.ਸਾ.ਪੰਨਾ 1371)

☬

ਦੂਜਾ ਪਹਰੁ ਭਇਆ ਜਾਗੁ ਅਚੇਤੀ ਰਾਮ॥
ਵਖਰੁ ਰਾਖੁ ਮੁਈਏ ਖਾਜੈ ਖੇਤੀ ਰਾਮ॥
ਰਾਖਹੁ ਖੇਤੀ ਹਰਿ ਗੁਰ ਹੇਤੀ ਜਾਗਤ ਚੋਰੁ ਨ ਲਾਗੈ॥
ਜਮ ਮਗਿ ਨ ਜਾਵਹੁ ਨਾ ਦੁਖੁ ਪਾਵਹੁ
ਜਮ ਕਾ ਡਰੁ ਭਉ ਭਾਗੈ॥
ਰਵਿ ਸਸਿ ਦੀਪਕ ਗੁਰਮਤਿ ਦੁਆਰੈ
ਮਨਿ ਸਾਚਾ ਮੁਖਿ ਧਿਆਵਏ॥
ਨਾਨਕ ਮੂਰਖੁ ਅਜਹੁ ਨ ਚੇਤੈ
ਕਿਵ ਦੂਜੈ ਸੁਖੁ ਪਾਵਏ॥ ੨॥

(ਗੁ.ਗ੍ਰੰ.ਸਾ.ਪੰਨਾ 1110)

☬

ਜਾਗਦੇ ਰਹੋ

ਸਦੀਆਂ ਤੋਂ ਸਿੱਖ ਕੌਮ ਦੇ ਘਰ ਨੂੰ ਚੋਰ ਲੱਗੇ ਹੋਏ ਹਨ ਅਤੇ ਇਸਦੇ ਅਮੀਰ ਵਿਰਸੇ ਨੂੰ ਲੁੱਟਦੇ ਜਾ ਰਹੇ ਹਨ। ਇਸਦੇ ਘਰ ਵਿੱਚ ਰੌਸ਼ਨੀ ਦੇ ਸਾਰੇ ਸਾਧਨ ਹਨ ਪਰ ਇਹ ਜੋੜ (Connection) ਹੀ ਨਹੀਂ ਜੋੜਦਾ, ਸਵਿੱਚ ਚਾਲੂ (On) ਹੀ ਨਹੀਂ ਕਰਦਾ। ਇੱਕ ਹੋਰ ਬਦਕਿਸਮਤੀ ਕਿ ਇਸ ਅਗਿਆਨਤਾ ਦੀ ਹਨ੍ਹੇਰੀ 'ਚ ਰਾਤੀਂ ਪਦਾਰਥ-ਵਾਦ ਦੇ ਨਸ਼ੇ ਵਿੱਚ ਸੁੱਤਿਆਂ, ਘਰ ਦੇ ਦਰਵਾਜ਼ੇ-ਬਾਰੀਆਂ ਵੀ ਇਸਨੇ ਅਣਭੋਲ ਹੀ ਖੁੱਲ੍ਹੇ ਛੱਡੇ ਹਨ। ਹੋਰ ਵੀ ਬਦਕਿਸਮਤੀ ਕਿ ਜਿੰਨ੍ਹਾਂ ਨੂੰ ਚੁਣ ਕੇ ਇਸਨੇ ਪਹਿਰੇਦਾਰ ਨਿਸ਼ਚਿਤ ਕੀਤਾ ਸੀ, ਉਹ ਪਦਵੀਆਂ ਤੇ ਮਨਿਸਟਰੀਆਂ ਦੇ ਲਾਲਚ ਨਾਲ ਖ਼ਰੀਦੇ ਗਏ ਤੇ ਪਹਿਰੇਦਾਰ ਅੱਜ ਆਪ ਖ਼ੁਦ ਚੋਰਾਂ ਨਾਲ ਮਿਲ ਗਏ। ਜੇ ਕੋਈ ਆਂਢ-ਗੁਆਂਢ ਹਮਦਰਦੀ ਵਾਲਾ ਆਵਾਜ਼ ਦਿੰਦਾ ਹੈ ਤਾਂ ਇਹ ਘਰ ਦੇ ਮਾਲਕ ਕੰਨ ਹੀ ਨਹੀਂ ਧਰਦੇ। ਐਸੇ ਹਾਲਾਤ ਵਿੱਚ ਇਹ ਘਰ ਬਚੇ ਤਾਂ ਕਿਵੇਂ ਬਚੇ ?, ਬਸ ! ਰੱਬ ਹੀ ਰਾਖਾ ਹੈ।

ਦਰਵਾਜ਼ੇ ਖੋਲ੍ਹ ਕੇ ਇਹ ਆਪ ਸੌਂ ਗਿਆ, ਚੋਰ ਅੰਦਰ ਆ ਵੜੇ। 'ਅੱਗ ਲੈਣ ਆਈ, ਘਰੈਣ ਬਣ ਬੈਠੀ' ਦੀ ਕਹਾਵਤ ਵਾਂਗੂੰ ਹੁਣ ਉਹ ਘਰ ਦੇ ਮਾਲਕ ਬਣਨ ਦੀ ਸੋਚ ਰਹੇ ਹਨ। ਚੋਰ ਪਹਿਰੇਦਾਰਾਂ ਨਾਲ ਮਿਲ ਕੇ ਸਾਰੀ ਵਿਉਂਤ (Scheme) ਬਣਾ ਬੈਠੇ ਹਨ। ਜੇ ਸਿੱਖ ਅੱਜ ਵੀ ਨਾ ਜਾਗਿਆ ਤਾਂ ਉਹ ਦਿਨ ਦੂਰ ਨਹੀਂ ਜਦੋਂ ਘਰ ਅਤੇ ਘਰ ਦੇ ਸਾਰੇ

ਵਿਰਸੇ, ਸਰਮਾਏ ਦੀਆਂ ਚਾਬੀਆਂ ਚੋਰਾਂ ਦੇ ਹੱਥ ਹੋਣਗੀਆਂ ਅਤੇ ਸਿੱਖ ਉਹਨਾਂ ਦੇ ਦਰ ਦਾ ਮੰਗਤਾ ਬਣ ਕੇ ਰਹਿ ਜਾਵੇਗਾ। ਜਿਹੋ-ਜਿਹੇ ਸਰੂਪ ਤੇ ਸਿਧਾਂਤ ਉਹ ਚਾਹੁਣਗੇ, ਉਹੋ ਜਿਹੇ ਹੋਣਗੇ। ਸਿੱਖ ਦੀ ਆਪਣੀ ਅੱਡਰੀ ਪਛਾਣ ਕਿਵੇਂ ਰਹੇਗੀ ?, ਤੇ ਫਿਰ ਉਹ ਗੌਰਵ ਨਾਲ ਆਖਣਗੇ ਕਿ ਵੇਖੋ ! ਸਿੱਖ ਤਾਂ ਹਿੰਦੂ ਹੀ ਹੈ।

ਸਿੱਖ ਦੀ ਆਪਣੀ ਅੱਡਰੀ ਪਛਾਣ ਕਿਵੇਂ ਰਹੇਗੀ ?

ਇਸ ਲਈ ਅੱਜ ਜਾਗਣ ਦੀ ਲੋੜ ਹੈ। ਸਿੱਖਾ ! ਜਾਗ, ਜਾਗ ਕੇ ਘਰ ਤੇ ਵਿਰਸਾ ਬਚਾ ਲੈ।

ਮੈਂ ਇਹਨਾਂ ਅਹਿਸਾਨ ਫ਼ਰਾਮੋਸ਼, ਨਾ-ਅਹਿਲ ਅਤੇ ਗ਼ੱਦਾਰ ਪਹਿਰੇਦਾਰਾਂ ਨੂੰ ਵੀ ਕਹਿਣਾ ਚਾਹੁੰਦਾ ਹਾਂ, ਓਇ ਅਕਿਰਤਘਣੋ ! ਯਾਦ ਰੱਖੋ, ਜਿਸ ਦਿਨ ਇਹ ਘਰ ਬਰਬਾਦ ਹੋ ਗਏ, ਇਹ ਪਿੰਡ ਲੁੱਟਿਆ ਗਿਆ, ਤਾਂ ਫਿਰ ਪਹਿਰੇਦਾਰਾਂ ਦੀ ਵੀ ਕੀ ਲੋੜ ਰਹਿਣੀ ਹੈ ?, ਤੁਹਾਨੂੰ ਵੀ ਕਿਸੇ ਨੇ ਧੇਲੇ ਨੂੰ ਨਹੀਂ ਪੁੱਛਣਾ। ਯਾਦ ਰੱਖੋ, ਰੁਲ ਜਾਵੋਗੇ ਤੇ ਕਿਸੇ ਨੇ ਮੁੜ ਜੱਥੇਦਾਰ, ਪ੍ਰਧਾਨ, ਚੀਫ਼ ਮਨਿਸਟਰ ਨਹੀਂ ਬਣਾਉਣਾ। ਆਓ ! ਆਪਣਾ ਫ਼ਰਜ਼ ਪਛਾਣੋ, ਪਿੰਡ ਦੇ ਵਫ਼ਾਦਾਰ ਪਹਿਰੇਦਾਰ ਬਣੋ।

ਬੜਾ ਖ਼ਤਰਨਾਕ ਮੋੜ, ਬੜੀ ਘਾਤਕ ਤੇ ਘਿਨਾਉਣੀ ਚਾਲ - ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਲੈਕਸ਼ਨ ਸਮੇਂ 'ਸਹਿਜਧਾਰੀ' ਨਾਮ ਹੇਠ ਜਨਸੰਘੀ ਕੱਟੜ ਹਿੰਦੂ ਦੀ ਵੋਟ ਬਣਾਈ ਜਾ ਰਹੀ ਹੈ ਅਤੇ ਸਿੱਖਾਂ ਨੂੰ ਭੁਲੇਖਾ ਪਾਇਆ ਜਾ ਰਿਹਾ ਹੈ ਕਿ ਗ਼ੈਰ-ਕੇਸਾਧਾਰੀ ਵੋਟਰ ਬਣਨ ਨਾਲ ਸਿੱਖਾਂ ਦੇ ਗੁਰਦੁਆਰਾ ਪ੍ਰਬੰਧ 'ਤੇ ਹਿੰਦੂ ਦਾ ਕਬਜ਼ਾ ਨਹੀਂ ਹੋ ਸਕਦਾ ਕਿਉਂਕਿ ਗੁਰਦੁਆਰਾ ਐਕਟ ਮੁਤਾਬਿਕ ਉਮੀਦਵਾਰ ਤਾਂ ਅੰਮ੍ਰਿਤਧਾਰੀ ਹੀ ਹੋਵੇਗਾ। ਪਰ ਸਿੱਘੋ ! ਇੱਕ ਖ਼ਿਆਲ ਕਰਿਓ, ਬਹੁ-ਗਿਣਤੀ ਹਿੰਦੂ ਵੋਟਰ ਸ਼ਕਤੀ ਨਾਲ ਜਿੱਤ ਕੇ ਆਉਣ ਵਾਲਾ ਕੈਂਡੀਡੇਟ ਹਿੰਦੂ ਸੋਚ ਦਾ ਗ਼ੁਲਾਮ ਹੀ ਰਹੇਗਾ ਅਤੇ ਹਿੰਦੂ ਸੋਚ ਅਨੁਸਾਰ ਐਕਟ ਵਿੱਚ ਤਰਮੀਮ ਕਰਨ ਵਿੱਚ ਵਕਤ ਦੀ ਸਰਕਾਰ ਦਾ ਸਹਾਇਕ ਵੀ ਹੋਵੇਗਾ।

ਇਉਂ ਆਰ.ਐਸ.ਐਸ., ਰਾਸ਼ਟਰੀਯ ਸਿੱਖ ਸੰਗਤ ਦੇ ਨਾਂ ਹੇਠ ਭਾਦੋਂ ਦੀਆਂ ਖੁੰਬਾਂ ਵਾਂਗੂੰ ਰਾਤੋ-ਰਾਤ ਕਕਾਰਾਂ ਨਾਲ ਸ਼ਿੰਗਾਰੇ ਹੋਏ ਅੰਮ੍ਰਿਤਧਾਰੀ ਰੂਪ ਦੇ ਕੁਝ ਕੈਂਡੀਡੇਟ ਵੀ ਬਣਾਏ ਜਾ ਰਹੇ ਹਨ।

ਇਉਂ ਗੁਰਦੁਆਰਾ ਪ੍ਰਬੰਧ 'ਤੇ ਕਬਜ਼ਾ ਕਰ ਲੈਣ ਦੀਆਂ ਸਾਜ਼ਿਸ਼ਾਂ ਹਨ। ਜੇ ਇਹ ਸਿਰੇ ਚੜ੍ਹ ਗਈਆਂ ਤਾਂ ਫਿਰ ਸਿੱਖ ਧਰਮ ਅਸਥਾਨ, ਸਿੱਖ ਸਿਧਾਂਤ, ਸਿੱਖ ਪਦਵੀਆਂ, ਅਕਾਲ ਤਖ਼ਤ, ਅਕਾਲ ਤਖ਼ਤ ਦਾ ਜੱਥੇਦਾਰ, ਸਭ ਕੁਝ ਆਰ.ਐਸ.ਐਸ. ਦੇ ਹੱਥ ਹੋਵੇਗਾ। ਫਿਰ ਬ੍ਰਾਹਮਨਇਜ਼ਮ ਦਾ ਪਸਾਰਾ ਹੋਵੇਗਾ ਤੇ ਸਿੱਖਾਂ ਦੇ ਲਵ-ਕੁਸ਼ ਦੀ ਔਲਾਦ ਹੋਣ ਦੇ ਹੁਕਮਨਾਮੇ ਜਾਰੀ ਹੋਣਗੇ। ਜੇ ਸਿੱਖ ਹੁਕਮਨਾਮਾ ਨਹੀਂ ਮੰਨੇਗਾ ਤਾਂ ਛੇਕ ਦਿੱਤਾ ਜਾਵੇਗਾ, ਜੇ ਮੰਨੇਗਾ ਤਾਂ ਹਿੰਦੂ ਬਣ ਕੇ ਰਹਿ ਜਾਵੇਗਾ।

ਇਸ ਲਈ ਕਿਸੇ ਹਾਲਤ ਵਿੱਚ ਵੀ ਗੁਰਦੁਆਰਾ ਪ੍ਰਬੰਧ ਦੀ ਚੋਣ ਸਮੇਂ ਸਹਿਜਧਾਰੀ ਦੇ ਨਾਂ ਹੇਠ ਗ਼ੈਰ-ਕੇਸਾਧਾਰੀ ਵੋਟਰ ਨਹੀਂ ਬਣਨ ਦੇਣਾ ਚਾਹੀਦਾ, ਭਾਵੇਂ ਇਸ

ਲਈ ਕੁਝ ਵੀ ਕੁਰਬਾਨੀ ਕਰਨੀ ਪਵੇ। ਇਹ ਕੌਮੀ ਆਵਾਜ਼ ਹਿੰਦੁਸਤਾਨ ਦੀ ਸਰਕਾਰ ਅਤੇ ਸਿੱਖ ਲੀਡਰਾਂ ਸਾਹਮਣੇ ਸਪਸ਼ਟ ਕਰ ਦੇਣੀ ਚਾਹੀਦੀ ਹੈ ਕਿ ਸਹਿਜਧਾਰੀ ਅਜੇ ਸਹਿਜ ਧਾਰੀ ਹੈ, ਸਿੱਖ ਨਹੀਂ, ਅਜੇ ਉਸਨੇ ਸਿੱਖ ਸੱਜਣਾ ਹੈ। ਸਿੱਖ ਹਮੇਸ਼ਾ ਹੀ ਸਹਿਜਧਾਰੀ ਵੀਰਾਂ ਸਮੇਤ ਹਰ ਹਿੰਦੂ-ਮੁਸਲਮਾਨ ਨੂੰ ਵੀ ਪਿਆਰ ਦਿੰਦਾ ਆਇਆ ਹੈ, ਦਿੰਦਾ ਰਹੇਗਾ ਅਤੇ ਆਪਸੀ ਭਾਈਚਾਰੇ ਦੀ ਸਾਂਝ ਬਣਾਈ ਰੱਖੇਗਾ। ਪਰ ਪ੍ਰਬੰਧ ਅਤੇ ਪ੍ਰਚਾਰ ਸਾਂਝਾ ਨਹੀਂ ਹੈ। ਪ੍ਰਬੰਧ ਅਤੇ ਪ੍ਰਚਾਰ ਸਿੱਖ ਜਾਂ ਸਿੰਘ ਕੋਲ ਹੀ ਹੋਵੇਗਾ, ਤਾਂ ਕਿ ਸਿੱਖੀ ਸਰੂਪ ਤੇ ਸਿਧਾਂਤ ਦਾ ਪ੍ਰਚਾਰ ਸਹੀ ਰੂਪ ਵਿੱਚ ਹੋ ਸਕੇ ਅਤੇ ਕਿਸੇ ਹੋਰ ਵਿਚਾਰਧਾਰਾ ਦੀ ਦਖ਼ਲ-ਅੰਦਾਜ਼ੀ ਨਾ ਹੋਵੇ।

ਗੁਰਦੁਆਰਾ ਪ੍ਰਬੰਧ ਨੂੰ ਸਿੱਖੀ ਅਨੁਕੂਲ ਅਤੇ ਸੁਚਾਰੂ ਬਣਾਉਣ ਲਈ ਕੀ ਕਰੀਏ?

ਦੂਜੀ ਗੱਲ : ਵਰਤਮਾਨ ਤਲਖ਼-ਤਜ਼ਰਬੇ ਨੇ ਸਾਬਤ ਕਰ ਦਿੱਤਾ ਹੈ ਕਿ ਗੁਰਦੁਆਰਾ ਪ੍ਰਬੰਧ ਨੂੰ ਸਿੱਖੀ ਅਨੁਕੂਲ ਅਤੇ ਸੁਚਾਰੂ ਬਣਾਉਣ ਲਈ ਇਹ ਜ਼ਰੂਰੀ ਹੋ ਗਿਆ ਹੈ ਕਿ ਗੁਰਦੁਆਰਾ ਪ੍ਰਬੰਧ ਸਿਆਸੀ ਲੋਕਾਂ ਦੇ ਜੁਲ੍ਹੇ ਹੇਠੋਂ ਕੱਢ ਲਿਆ ਜਾਵੇ ਅਤੇ ਗ਼ੈਰ-ਸਿਆਸੀ ਗੁਰਮੁੱਖ ਗੁਰਸਿੱਖ ਵੀਰ ਹੀ ਚੁਣੇ ਜਾਣ। ਕਿਸੇ ਵੀ ਸਿਆਸੀ ਪਾਰਟੀ ਨਾਲ ਸਬੰਧਿਤ ਕੈਂਡੀਡੇਟ ਨੂੰ ਵੋਟ ਨਾ ਪਾਈ ਜਾਵੇ। ਇਹ ਕੌਮੀ ਜ਼ਿੰਮੇਵਾਰੀ ਬਣਦੀ ਹੈ ਕਿ ਗੁਰਦੁਆਰਾ ਪ੍ਰਬੰਧ ਲਈ ਕੈਂਡੀਡੇਟ ਬਣਨ ਵਾਲੇ ਦੇ ਸਿੱਖੀ ਜੀਵਨ ਦੀ ਛਾਣ-ਬੀਨ, ਗੁਰਮਤਿ ਗਿਆਨ ਦੀ ਪੜਚੋਲ ਹੋਵੇ। ਕੇਵਲ ਕਿਸੇ ਧੜੇ ਜਾਂ ਪਾਰਟੀ ਦਾ ਮੈਂਬਰ ਹੋਣਾ ਹੀ ਉਸਦੀ ਯੋਗਤਾ ਨਾ ਹੋਵੇ।

ਉਮੀਦਵਾਰ (Candidate) ਦਾ ਪਰਫਾਰਮਾ ਬਣਾ ਕੇ ਸੰਗਤ ਵਿੱਚ ਪੇਸ਼ ਕਰ ਰਿਹਾ ਹਾਂ, ਮੇਰੀ ਸੀਮਿਤ ਬੁੱਧੀ ਕਾਰਣ ਕੋਈ ਭੁੱਲ ਵੀ ਹੋ ਸਕਦੀ ਹੈ। ਇਸ ਲਈ ਸਿਧਾਂਤਕ ਲਾਭ ਜਾਂ ਕਿਸੇ ਵੀਰ ਦੀ ਚੰਗੀ ਰਾਇ ਮਿਲਣ 'ਤੇ ਇਸ ਵਿੱਚ ਕੋਈ ਤਬਦੀਲੀ ਕਰਨ ਦਾ ਵੀ ਕੌਮ ਨੂੰ ਪੂਰਾ-ਪੂਰਾ ਹੱਕ ਹੈ। ਪਰ ਹਰ ਗੁਰਦੁਆਰਾ ਪ੍ਰਬੰਧ ਦਾ ਕੈਂਡੀਡੇਟ ਇੱਕ ਐਸੇ ਹਲਫ਼ਨਾਮੇ 'ਤੇ ਦਸਤਖ਼ਤ ਕਰੇ ਤਾਂ ਕਿ ਕੌਮੀ ਸਿਧਾਂਤ ਸੁਰੱਖਿਅਤ ਹੋ ਸਕੇ। ਇਹ ਉੱਤੇ ਲਿਖੀਆਂ ਸਤਰਾਂ ਬੇਸ਼ਕ ਉਹਨਾਂ ਸਿਆਸੀ ਲੋਕਾਂ ਨੂੰ ਬਿਲਕੁਲ ਨਹੀਂ ਚੰਗੀਆਂ ਲੱਗਣਗੀਆਂ ਜਿਹੜੇ ਗੁਰਦੁਆਰਾ ਪ੍ਰਬੰਧ ਦੀ ਸ਼ਕਤੀ ਰਾਹੀਂ ਧਰਮ ਸਥਾਨ, ਸਰਮਾਇਆ ਅਤੇ ਧਾਰਮਿਕ ਪਦਵੀਆਂ ਨੂੰ ਆਪਣੀ ਸਿਆਸੀ ਲੋੜ ਲਈ ਹਮੇਸ਼ਾ ਵਰਤਦੇ ਅਤੇ ਵਰਤ ਰਹੇ ਹਨ। ਉਹ ਇਸ ਸੋਚ ਦਾ ਵਿਰੋਧ ਕਰਨਗੇ ਪਰ ਸਿੱਖ ਸੰਗਤਾਂ ਨੂੰ ਇਸ ਪ੍ਰਤੀ ਗੰਭੀਰਤਾ ਨਾਲ ਸੋਚ ਕੇ ਫੈਸਲਾ ਕਰਨਾ ਹੀ ਪਵੇਗਾ।

ਪਰਫਾਰਮਾ ਅਗਲੇ ਸਫ਼ੇ 'ਤੇ...

ਪਰਫਾਰਮਾ

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਮੀਦਵਾਰ ਵੱਲੋਂ ਪੰਥ ਨਾਲ ਇਕਰਾਰਨਾਮਾ

ਨਾਮ : ....

ਨਾਮ ਜੇ ਕੋਈ ਹੋਰ ਪਹਿਲੇ ਸੀ : ....

ਜਨਮ ਤਾਰੀਖ਼ : ....

ਜਨਮ ਸਥਾਨ : ....

ਮਾਤਾ ਦਾ ਨਾਮ : ....

ਪਿਤਾ ਦਾ ਨਾਮ : ....

ਪਤਨੀ ਦਾ ਨਾਮ : ....

ਪਤਨੀ ਦੇ ਪਿਤਾ ਦਾ ਨਾਮ : ....

ਅੰਮ੍ਰਿਤਧਾਰੀ ਕਦੋਂ ਤੋਂ ਹੋ : ....

ਵਿੱਦਿਆ : ....

ਕਾਰੋਬਾਰ : ....

ਅੱਜ ਤਕ ਕਿਸੇ ਸਿਆਸੀ ਪਾਰਟੀ ਦੇ ਮੈਂਬਰ ਤਾਂ ਨਹੀਂ ਰਹੇ: ....

ਜੇ ਰਹੇ ਹੋ ਤਾਂ ਕਦੋਂ ਤੋਂ ਕਦੋਂ ਤਕ :

1. ਪਾਰਟੀ ਨਾਮ : .... ਤੋਂ .... ਤਕ ....
2. ਪਾਰਟੀ ਨਾਮ : .... ਤੋਂ .... ਤਕ ....
3. ਪਾਰਟੀ ਨਾਮ : .... ਤੋਂ .... ਤਕ ....

ਪੂਰਾ ਪਤਾ : ....

ਖਾਨਦਾਨ ਦਾ ਸਿੱਖੀ ਅਤੇ ਪੰਥਕ ਪਿਛੋਕੜ ਸੰਖੇਪ ਵਿੱਚ :...

....

ਅੱਜ ਤਕ ਆਪਣੀ ਅਤੇ ਪਰਿਵਾਰ ਦੀ ਚਲ ਅਚਲ ਜਾਇਦਾਦ ਦਾ ਵੇਰਵਾ :

1. .... 2. ....


3. .... 4. ....

ਪ੍ਰਣ : ਮੈਂ ਗੁਰੂ ਪੰਥ ਨਾਲ ਬਚਨ ਕਰਦਾ ਹਾਂ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਸੇਵਾ ਕਾਲ ਸਮੇਂ ਹਰ ਤਰ੍ਹਾਂ ਨਾਲ ਸਿਆਸੀ ਧੜੇ ਅਤੇ ਜ਼ਾਤੀ ਮੁਫਾਦ ਤੋਂ ਦੂਰ ਰਹਿ ਕੇ ਗੁਰੂ ਸਿਧਾਂਤ ਦੇ ਪ੍ਰਚਾਰ ਪ੍ਰਸਾਰ ਅਤੇ ਗੁਰਧਾਮਾਂ ਦੀ ਸੇਵਾ ਸੰਭਾਲ ਵਿੱਚ ਸਮਾਂ ਲਾਵਾਂਗਾ। ਇਸ ਪ੍ਰਣ ਨੂੰ ਨਾ ਨਿਭਾ ਸਕਣ ਦੀ ਸੂਰਤ ਵਿੱਚ ਮੈਂ ਆਪਣੀ ਮੈਂਬਰੀ ਅਤੇ ਅਹੁਦੇ ਤੋਂ ਅਸਤੀਫਾ ਦੇ ਦੇਵਾਂਗਾ।

ਮਿਤੀ : .... ਦਸਤਖਤ : ....

ਨੋਟ :

1. ਕੈਂਡੀਡੇਟ ਘੱਟ ਘੱਟ ਪਿਛਲੇ ਪੰਜ ਸਾਲ ਤੋਂ ਅੰਮ੍ਰਿਤਧਾਰੀ ਅਤੇ ਗੁਰਬਾਣੀ ਗੁਰਮਤ ਜੀਵਨ ਦਾ ਧਾਰਨੀ ਹੋਵੇ।
2. ਕੈਂਡੀਡੇਟ ਘੱਟ ਘੱਟ ਪਿਛਲੇ ਪੰਜ ਸਾਲ ਤੋਂ ਕਿਸੇ ਸਿਆਸੀ ਪਾਰਟੀ ਦਾ ਮੈਂਬਰ ਨਾ ਹੋਵੇ।
3. ਕੈਂਡੀਡੇਟ ਘੱਟ ਘੱਟ ਗੁਰਮੁਖੀ ਪੜ੍ਹ ਲਿਖ ਸਕਦਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠੀ ਜ਼ਰੂਰ ਹੋਵੇ।
4. ਕੈਂਡੀਡੇਟ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਦਾ ਹੋਵੇ ਅਤੇ ਕਿਸੇ ਅਨਮਤ ਨਾਲ ਸਬੰਧਤ ਨਾ ਹੋਵੇ।
5. ਕੈਂਡੀਡੇਟ ਦਾ ਪਿਛੋਕੜ ਪੰਥਕ ਪਰਿਵਾਰ ਨਾਲ ਅਤੇ ਪੰਥਕ ਸੇਵਾਵਾਂ ਨਾਲ ਸਬੰਧ ਰੱਖਦਾ ਹੋਵੇ।



ਜਨਮ : 26 ਨਵੰਬਰ 1940, ਪਿੰਡ ਸੂਰਾ ਸਿੰਘ ਵਾਲਾ,
ਜ਼ਿਲਾ ਮਿੰਟ ਗੁਮਰੀ, ਪਾਕਿਸਤਾਨ।

ਮਾਪੇ : ਮਾਤਾ ਹਰਬੰਸ ਕੌਰ ਜੀ ਤੇ
ਪਿਤਾ ਗਿਆਨੀ ਗੁਰਬਖ਼ਸ਼ ਸਿੰਘ ਜੀ।

ਪਰਿਵਾਰ : ਸਰਦਾਰਨੀ ਮਨਜੀਤ ਕੌਰ (ਸੁਪਤਨੀ),
2 ਪੁੱਤਰ ਤੇ 2 ਧੀਆਂ।

ਮੁੱਢਲੀ ਵਿੱਦਿਆ : ਭਾਈ ਅਰਜਨ ਸਿੰਘ ਜੀ (ਨਾਨਾ ਜੀ) ਕੋਲੋਂ ਧਾਰਮਿਕ ਵਿੱਦਿਆ ਲਈ ਅਤੇ ਗੁਰਬਾਣੀ ਕੀਰਤਨ ਨੌਂ ਸਾਲ ਦੀ ਉਮਰ ਵਿੱਚ ਸ਼ੁਰੂ ਕੀਤਾ।

ਗੁਰਮਤਿ ਗਿਆਨ : ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਾਸੋਂ।

ਧਾਰਮਿਕ ਪ੍ਰੇਰਨਾ : ਪਰਿਵਾਰਿਕ ਵਿਰਸਾ ਅਤੇ ਬਾਬਾ ਈਸ਼ਰ ਸਿੰਘ ਜੀ ਨਾਨਕਸਰ ਵਾਲਿਆਂ ਦੀ ਸੰਗਤ ਵਿੱਚੋਂ।

ਰਾਗ ਵਿੱਦਿਆ :
- ਰਘੁਨਾਥ ਤਲੇਗਾਂਵਕਰ, ਆਗਰਾ ਅਤੇ ਪੰਡਤ ਭੀਮਸੇਨ ਸ਼ਰਮਾ, ਫਰੀਦਕੋਟ।
- ਨੈਸ਼ਨਲ ਮਿਊਜ਼ਿਕ ਕਾਲਜ ਲੁਧਿਆਣਾ ਰਾਹੀਂ ਬੀ.ਏ. ਪ੍ਰਭਾਕਰ, ਪ੍ਰਯਾਗ ਯੂਨਿਵਰਸਿਟੀ ਅਲਾਹਾਬਾਦ ਤੋਂ।

ਐਵਾਰਡ :
- ਸ਼੍ਰੋਮਣੀ ਰਾਗੀ 1986 ਪੰਜਾਬ ਸਰਕਾਰ ਭਾਸ਼ਾ ਵਿਭਾਗ।
- ਭਾਈ ਗੁਰਦਾਸ ਪੁਰਸਕਾਰ ਲਾਸ ਐਂਜਲਸ ਯੂ.ਐਸ.ਏ.।
- ਮਾਨਵਤਾ ਐਵਾਰਡ 2000 'ਮਾਨਵਤਾ ਦੇ ਸੇਵਕ' ਸੰਸਥਾ, ਦਿੱਲੀ ਵੱਲੋਂ ਸਾਬਕਾ ਪ੍ਰਧਾਨ ਮੰਤਰੀ ਸ੍ਰੀ ਆਈ. ਕੇ. ਗੁਜਰਾਲ ਪਾਸੋਂ।
- ਪੰਥ ਰਤਨ ਪੁਰਸਕਾਰ ਭਾਈ ਮਰਦਾਨਾ ਕੀਰਤਨ ਦਰਬਾਰ ਸੋਸਾਇਟੀ ਫਿਰੋਜ਼ਪੁਰ।

ਆਨਰੇਰੀ ਸਨਮਾਨ : 'ਚੀਫ ਸਿੱਖ ਮਿਸ਼ਨਰੀ' ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ', ਗਵਰਨਰ ਕੈਲੀਫੋਰਨੀਆ, ਮੇਅਰ ਓਕਲੈਂਡ ਯੂ.ਐਸ.ਏ. ਅਤੇ ਦੇਸ਼-ਵਿਦੇਸ਼ ਦੀਆਂ ਹੋਰ ਕਈ ਸੰਸਥਾਵਾਂ ਵੱਲੋਂ।

ਕੌਮੀ ਖ਼ਜ਼ਾਨਾ : 1000 ਤੋਂ ਉੱਤੇ ਵੱਖ-ਵੱਖ ਸ਼ਬਦਾਂ ਦੀਆਂ ਆਡੀਓ, ਵੀਡੀਓ ਕੈਸਟਾਂ, ਐਲ.ਪੀ. ਤੇ ਸੀ.ਡੀ.।

ਲਿਖਤ ਰਾਹੀਂ ਸੇਵਾ : ਮੈਗਜ਼ੀਨ 'ਸਿੱਖ ਬਾਣ' ਅਤੇ ਪੁਸਤਕ 'ਉਜਾਰੋ ਦੀਪਾ'।

ਕੀਰਤਨ ਰਾਹੀਂ ਸੇਵਾ : ਦੇਸ਼ ਦੇ ਹਰੇਕ ਹਿੱਸੇ ਤੋਂ ਇਲਾਵਾ ਇੰਗਲੈਂਡ, ਅਮਰੀਕਾ, ਕੈਨੇਡਾ, ਮੈਕਸੀਕੋ, ਜਰਮਨੀ, ਨੌਰਵੇ, ਹੌਲੈਂਡ, ਬੈਲਜੀਅਮ, ਸਵਿਟਜ਼ਰਲੈਂਡ, ਸਿੰਗਾਪੁਰ, ਆਸਟ੍ਰੀਆ, ਥਾਈਲੈਂਡ, ਦੁਬਈ, ਮਲੇਸ਼ੀਆ, ਆਸਟ੍ਰੇਲੀਆ, ਨਿਊਜ਼ੀਲੈਂਡ, ਪਾਕਿਸਤਾਨ, ਮਸਕਟ, ਬਹਿਰੀਨ, ਆਬੂ-ਧਾਬੀ ਆਦਿ।

ਗੁਰੂ ਗ੍ਰੰਥ ਸਾਹਿਬ ਅਤੇ ਪੰਥ ਵੱਲੋਂ ਮਹਾਨ ਬਖ਼ਸ਼ਿਸ਼ :

ਜੁਗੋ ਜੁਗ ਅਟੱਲ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸੇਵਾ

(ਨਵੰਬਰ 1986 ਤੋਂ ਮਾਰਚ 1988 ਅਤੇ
ਅਕਤੂਬਰ 1988 ਤੋਂ ਜੂਨ 1990 ਤਕ - ਤਕਰੀਬਨ ਤਿੰਨ ਸਾਲ)

ਸਿੰਘ ਸਾਹਿਬ ਪ੍ਰੋ. ਦਰਸ਼ਨ ਸਿੰਘ ਜੀ ਵੱਲੋਂ ਇਸ ਪੁਸਤਕ ਰਾਹੀਂ
ਸਿੱਖ ਕੌਮ ਨੂੰ ਦਰਪੇਸ਼ ਸਾਜਿਸ਼ੀ ਲਹਿਰਾਂ ਦੇ ਚਿਹਰੇ ਤੋਂ
ਨਕਾਬ ਲਾਹੁਣ ਦੀ ਕੋਸ਼ਿਸ਼ ਕੀਤੀ ਗਈ ਹੈ। ਨਾਲ ਹੀ
ਗੁਰਮਤਿ ਸਿਧਾਂਤ ਦੇ ਚੱਪੂ ਸਿੱਖ ਸੰਗਤਾਂ ਦੇ ਸਾਹਮਣੇ
ਰੱਖਣ ਦੀ ਕੋਸ਼ਿਸ਼ ਕੀਤੀ ਗਈ ਹੈ ਜਿਸ ਨਾਲ ਕਿ
ਸਿੱਖੀ ਜੀਵਨ ਦੀ ਬੇੜੀ ਨੂੰ ਇਨ੍ਹਾਂ ਘੁੰਮਣ-ਘੇਰੀਆਂ
ਤੋਂ ਸੁਰੱਖਿਅਤ ਕੀਤਾ ਜਾ ਸਕੇ, ਤਾਂ ਕਿ ਸਰਬੱਤ
ਦੇ ਭਲੇ ਦੇ ਜ਼ਾਮਨ ਮਾਨਵਵਾਦੀ ਖ਼ਾਲਸਾ
ਦੇ ਬੋਲ-ਬਾਲੇ ਹਮੇਸ਼ਾਂ ਗੂੰਜਦੇ ਰਹਿਣ।

SIKH FOUNDATION
A-35 Lajpat Nagar-I, New Delhi-24, India.
ISBN : 81-7873-005-7